
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 32
November 18, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਪੁਲਾੜ ਗੱਡੀ ਨੇ 3 ਅਮਰੀਕੀਆਂ ਸਮੇਤ 4 ਪੁਲਾੜ ਯਾਤਰੀਆਂ ਨੂੰ ਲੈ ਕੇ ਸਫ਼ਲਤਾ ਪੂਰਵਕ ਉਡਾਨ ਭਰੀ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਟੀਟਾਨੀਅਮ, ਅਲਮੀਨੀਅਮ ਤੇ ਕਾਰਬਨ ਫਾਈਬਰ ਨਾਲ ਬਣੇ ਪੁਲਾੜ ਵਾਹਨ ਨੇ 3 ਅਮਰੀਕੀ ਤੇ ਇਕ ਜਪਾਨੀ ਪੁਲਾੜ ਯਾਤਰੀ ਨੂੰ ਲੈ ਕੇ ਸਫ਼ਲਤਾ ਪੂਰਵਕ ਉਡਾਨ ਭਰੀ। ਇਹ ਪੁਲਾੜ ਵਾਹਨ ਜਿਸ ਨੂੰ ਕੈਪਸੂਲ ਦਾ ਨਾਂ ਦਿੱਤਾ ਗਿਆ ਹੈ, ਮਹਿਜ਼ ਪੁਲਾੜ ਗੱਡੀ ਨਹੀਂ ਹੈ ਬਲਕਿ ਇਹ ਇਕ ਬਹੁਤ ਹੀ ਮਜ਼ਬੂਤ ਤੇ ਹਰ ਤਰਾਂ ਦਾ ਮੌਸਮ ਸਹਿਣ ਦੇ ਸਮਰੱਥ ਹੈ। ਇਹ 2700 ਡਿਗਰੀ



ਫਾਰਨਹੀਟ ਤੋਂ ਵਧ ਤਾਪਮਾਨ ਝਲ ਸਕਦਾ ਹੈ ਤੇ ਇਸ ਵਿਚ ਹਰ ਤਰਾਂ ਦੀਆਂ ਸੁਵਿਧਾਵਾਂ ਮੌਜੂਦ ਹਨ। ਇਸ ਪੁਲਾੜ ਵਾਹਣ ਨੇ ਐਤਵਾਰ ਦੀ ਰਾਤ ਨੂੰ ਕੈਨੇਡੀ ਸਪੇਸ ਸੈਂਟਰ ਤੋਂ ਉਡਾਨ ਭਰੀ। ਇਹ ਪਹਿਲੀ ਉਡਾਨ ਹੈ ਜਿਸ ਵਿਚ ਪੂਰੀ ਸਮਰੱਥਾ ਅਨੁਸਾਰ ਯਾਤਰੀ ਮੌਜੂਦ ਹਨ। ਸਪੇਸ ਐਕਸ ਵੱਲੋਂ ਇਸ ਵਾਹਣ ਨੂੰ ਨਾਸਾ ਵਾਸਤੇ ਲਾਂਚ ਕੀਤਾ ਗਿਆ ਹੈ। ਇਹ ਪੁਲਾੜ ਗੱਡੀ ਸੋਮਵਾਰ ਦੇਰ ਗਏ ਪੁਲਾੜ ਸਟੇਸ਼ਨ ’ਤੇ ਪਹੁੰਚ ਜਾਵੇਗੀ ਤੇ ਬਸੰਤ ਤੱਕ ਉਥੇ ਹੀ ਰਹੇਗੀ। ਪੁਲਾੜ ਯਾਤਰੀਆਂ ਵਿਚ 3 ਮਰਦ ਤੇ ਇਕ ਔਰਤ ਸ਼ਾਮਿਲ ਹੈ। 4 ਮੈਂਬਰੀ ਪੁਲਾੜ ਯਾਤਰੀ ਟੀਮ ਦੀ ਅਗਵਾਈ ਕਮਾਂਡਰ ਮਾਈ ਹੋਪਕਿਨਜ ਕਰ ਰਹੇ ਹਨ। ਬਾਕੀ ਟੀਮ ਮੈਂਬਰਾਂ ਵਿਚ ਭੌਤਿਕ ਵਿਗਿਆਨੀ ਸ਼ਾਨਨ ਵਾਲਕਰ, ਨੇਵੀ ਕਮਾਂਡਰ ਵਿਕਟਰ ਗਲੋਵਰ ਪਹਿਲਾ ਕਾਲਾ ਪੁਲਾੜ ਯਾਤਰੀ ਤੇ ਜਪਾਨ ਦੀ ਸੋਚੀ ਨੋਗੂਚੀ ਸ਼ਾਮਿਲ ਹੈ। ਰਾਸ਼ਟਰਪਤੀ ਚੋਣ ਜਿੱਤੇ ਜੋਅ ਬਾਈਡੇਨ ਨੇ ਇਸ ਸਫ਼ਲਤਾ ਲਈ ਨਾਸਾ ਤੇ ਸਪੇਸ-ਐਕਸ ਨੂੰ ਵਧਾਈ ਦਿੱਤੀ ਹੈ। ਉਨਾਂ ਨੇ ਇਕ ਟਵੀਟ ਵਿਚ ਕਿਹਾ ਹੈ ਕਿ ’ ਇਹ ਵਿਗਿਆਨੀਆਂ ਦੀ ਨਵੀਆਂ ਖੋਜ਼ਾਂ ਪ੍ਰਤੀ ਉਨਾਂ ਦੇ ਦ੍ਰਿੜ ਇਰਾਦੇ ਦਾ ਪ੍ਰਤੀਕ ਹੈ। ਮੈਂ ਪੁਲਾੜ ਯਾਤਰੀਆਂ ਦੀ ਸਫ਼ਲਤਾ ਲਈ ਕਾਮਨਾ ਕਰਨ ’ਚ ਸਾਰੇ ਅਮਰੀਕੀਆਂ ਤੇ ਜਪਾਨੀਆਂ ਨਾਲ ਸ਼ਰੀਕ ਹਾਂ।’’ ਰਾਸ਼ਟਰਪਤੀ ਟਰੰਪ ਨੇ ਵੀ ਟਵਿਟਰ ਉਪਰ ਵਧਾਈ ਦਿੰਦਿਆਂ ਕਿਹਾ ਹੈ ਕਿ ਇਹ ’ਗਰੇਟ ਲਾਂਚ’ ਹੈ।

## ਮਹਾਮਾਰੀ ਤੋਂ ਪ੍ਰਭਾਵਿਤ ਅਰਥਵਿਵਸਥਾ ਪਟੜੀ ’ਤੇ ਲਿਆਵਾਂਗੇ- ਬਾਇਡਨ

**ਵਾਸ਼ਿੰਗਟਨ (ਬਿਊਰੋ)**–ਅਮਰੀਕਾ 'ਚ ਨਵ-ਨਿਯੁਕਤ ਰਾਸ਼ਟਰਪਤੀ ਜੋ ਬਾਇਡਨ ਨੇ ਕੋਰੋਨਾ ਕਾਰਨ ਪ੍ਰਭਾਵਿਤ ਦੇਸ਼ ਦੀ ਅਰਥਵਿਵਸਥਾ ਨੂੰ ਸੁਧਾਰਨ ਲਈ ਆਰਥਿਕ ਯੋਜਨਾ ਦਾ ਐਲਾਨ ਕੀਤਾ ਹੈ। ਇਸ ਯੋਜਨਾ 'ਚ ਨਵੇਂ ਰੁਜ਼ਗਾਰ ਅਤੇ ਨਵੀਂਆਂ ਤਕਨੀਕਾਂ 'ਚ ਨਿਵੇਸ਼ 'ਤੇ ਕਾਫੀ ਜ਼ੋਰ ਦਿੱਤਾ ਗਿਆ ਹੈ। ਬਾਇਡਨ ਨੇ ਸੋਮਵਾਰ ਨੂੰ ਇਕ ਵਰਚੁਅਲ ਮੀਟਿੰਗ ਤੋਂ ਬਾਅਦ ਇਸ ਯੋਜਨਾ ਦਾ ਐਲਾਨ ਕੀਤਾ ਸੀ, ਜਿਸ 'ਚ ਕਈ ਬਿਜ਼ਨਸਮੈਨ, ਨੇਤਾ ਅਤੇ ਦੋ ਭਾਰਤੀ ਅਮਰੀਕੀ ਸੱਤਿਆ ਨਡੇਲਾ (ਮਾਈਕ੍ਰੋਸਾਫਟ) ਅਤੇ ਸੋਨੀਆ ਸਿੰਗਲ ( ਇੰਕ) ਵੀ ਸ਼ਾਮਿਲ ਹੋਏ ਸੀ।




ਬਾਇਡਨ ਨੇ ਕਿਹਾ, 'ਵਰਤਮਾਨ ਸਥਿਤੀ 'ਚ ਸਾਰੇ ਸੰਸਦਾਂ ਨੂੰ ਇਕੱਠੇ ਆਉਣਾ ਚਾਹੀਦਾ ਅਤੇ 6 ਮਹੀਨੇ ਪਹਿਲਾਂ ਪਾਸ ਕੀਤੇ ਗਏ ਐਕਟ ਦੀ ਤਰ੍ਹਾਂ ਇਕ ਕੋਵਿਡ ਰਿਲੀਫ਼ ਪੈਕੇਜ ਲਿਆਂਦਾ ਜਾਣਾ ਚਾਹੀਦਾ ਹੈ। ਇਕ ਵਾਰ ਅਸੀਂ ਵਾਇਰਸ ਨੂੰ ਖ਼ਤਮ ਕਰਕੇ ਵਰਕਰਸ ਅਤੇ ਬਿਜ਼ਨੈੱਸਮੈਨ ਦੀ ਆਰਥਿਕ ਮਦਦ ਕਰੀਏ। ਇਸਤੋਂ ਬਾਅਦ ਅਸੀਂ ਪਹਿਲਾਂ ਤੋਂ ਵੀ ਜ਼ਿਆਦਾ ਮਜ਼ਬੂਤ ਅਤੇ ਬਿਹਤਰ ਤਰੀਕੇ ਨਾਲ ਸਭ ਸ਼ੁਰੂ ਕਰ ਸਕਾਂਗੇ। ਉਨ੍ਹਾਂ ਨੇ ਇਸ ਪਲਾਨ ਬਾਰੇ ਕਿਹਾ ਕਿ ਅਸੀਂ ਵਾਤਾਵਰਨ ਬਾਰੇ ਗੱਲ ਕਰਦੇ ਹਾਂ, ਇਸ ਲਈ ਸਾਨੂੰ ਇਲੈਕਟਰਿੱਕ ਵਾਹਨਾਂ 'ਤੇ ਧਿਆਨ ਦੇਣ ਦੀ ਜ਼ਰੂਰਤ ਹੈ। ਇਸਦੇ ਲਈ ਪਲਾਨ ਤਹਿਤ 550,000 ਚਾਰਜਿੰਗ ਸਟੇਸ਼ਨ ਬਣਾਏ ਜਾ ਰਹੇ ਹਨ ਅਤੇ ਘਰ 'ਚ ਕੰਮ ਕਰਨ ਲਈ 10 ਲੱਖ ਤੋਂ ਜ਼ਿਆਦਾ ਨੌਕਰੀਆਂ ਦੇ ਮੌਕੇ ਦਿੱਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਸਵੱਛ ਊਰਜਾ ਖੋਜ 'ਚ ਨਿਵੇਸ਼ ਕਰਨ ਦੀ ਜ਼ਰੂਰਤ ਹੈ।

## ਪਤਨੀ ਦੀ ਸਹਿਯੋਗ ਲਈ ਕਮਲਾ ਹੈਰਿਸ ਦੇ ਪਤੀ ਨੇ ਛੱਡੀ ਨੌਕਰੀ

**ਵਾਸ਼ਿੰਗਟਨ (ਬਿਊਰੋ)**– ਅਮਰੀਕਾ 'ਚ ਉਪ ਰਾਸ਼ਟਰਪਤੀ ਅਹੁਦੇ ਲਈ ਚੁਣੀ ਗਈ ਕਮਲਾ ਹੈਰਿਸ ਦੇ ਪਤੀ ਡਗ ਐੱਮਹਾਫ ਆਪਣੀ ਪਤਨੀ ਦੀ ਮਦਦ ਲਈ ਨੌਕਰੀ ਛੱਡਣ ਦਾ ਐਲਾਨ ਕੀਤਾ ਹੈ। ਐਮਹਾਫ ਪੇਸ਼ੇ ਤੋਂ ਵਕੀਲ ਹਨ।



ਅਗਸਤ 'ਚ ਜਦੋਂ ਕਮਲਾ ਹੈਰਿਸ ਨੂੰ ਉਪ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਐਲਾਨ ਕੀਤਾ ਗਿਆ ਸੀ, ਉਸ ਦੇ ਕੁਝ ਦਿਨ ਬਾਅਦ ਹੀ ਡਗ ਨੇ ਛੁੱਟੀ ਲੈ ਲਈ ਸੀ ਤੇ ਪਤਨੀ ਦੀ 'ਚ ਮਦਦ ਕਰਨ ਲੱਗੇ ਸਨ। ਉਹ ਕਾਫੀ ਐਕਟਿਵ ਨਜ਼ਰ ਆਏ। ਹਾਲ ਹੀ 'ਚ ਦੀ ਜਿੱਤ ਤੋਂ ਬਾਅਦ ਉਹ ਜੋਅ ਬਾਇਡਨ ਤੇ ਕਮਲਾ ਹੈਰਿਸ ਨਾਲ ਮੰਚ 'ਤੇ ਨਜ਼ਰ ਆਏ ਸਨ।

ਯੂ ਐਸ ਏ ਟੂ ਡੇਅ ਨੇ ਕਮਲਾ ਤੇ ਉਨ੍ਹਾਂ ਦੇ ਪਤੀ ਡਗ 'ਤੇ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਇਸ 'ਚ ਦੱਸਿਆ ਗਿਆ ਹੈ ਕਿ ਪਤਨੀ ਕਮਲਾ ਹੈਰਿਸ ਦੀ ਮਦਦ ਕਰਨ ਲਈ ਹੁਣ ਐਮਹਾਫ ਉਨ੍ਹਾਂ ਦੀ ਮਦਦ ਕਰਨਗੇ। ਹਾਲਾਂਕਿ ਉਹ ਕਿਸੇ ਸਰਕਾਰੀ ਅਹੁਦੇ ਜਾਂ ਸੇਵਾ 'ਚ ਨਹੀਂ ਹਨ। ਪ੍ਰੋਫੈਸਰ ਐਲਾ ਬੇਲ ਕਹਿੰਦੀ ਹੈ ਕਿ ਇਸ ਨੂੰ ਇਕ ਆਦਰਸ਼ ਮਾਡਲ ਦੀ ਤਰਜ 'ਤੇ ਦੇਖਿਆ ਜਾਣਾ ਚਾਹੀਦੀ ਹੈ। ਐਮਹਾਫ ਨੇ ਆਪਣੀ ਪਤਨੀ ਲਈ ਕਰੀਅਰ ਛੱਡ ਰਹੇ ਹਨ। ਡਗ ਪਤਨੀ ਕਮਲਾ ਨੂੰ ਕਾਮਯਾਬ ੰਦੇ ਦੇਖਣਾ ਚਾਹੁੰਦੇ ਹਨ। ਐਮਹਾਫ ਐੱਫ ਸਫ਼ਲ ਤੇ ਹੁਨਰਮੰਦ ਵਕੀਲ ਹਨ। ਦੱਸਣਯੋਗ ਹੈ ਕਿ 20 ਜਨਵਰੀ ਨੂੰ ਜੋ ਬਾਇਡਨ ਤੇ ਕਮਲਾ ਹੈਰਿਸ ਉਪ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਵਾਲੀ ਹੈ।


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## Guru- Piari Sadh Sangat Ji,

**December 6, 2020**

## Sri Guru Nanak Dev Ji's 551st Parkash Utsav Celebrations

Sri Guru Nanak Dev Ji's 551st Parkash Utsav will be celebrated on Sunday, December 6, 2020. Akhand Path will start on Friday, December 4, 2020, at 10:00 AM and will conclude with Bhog ceremony at 1:00 PM on Sunday, December 6, 2020. Giani Ompal Singh and Giani Gurnam Singh Ji will adorn the occasion with Shabad Kirtan along with other Kirtankars. Guru Nanak Dev Ji is the first Sikh Guru and the founder of Sikhism. He was born in 1469 at Rai-Bhoi-di Talwandi in, now known as Nankana Sahib. His spiritual teachings are enshrined in the holy pages of SRI GURU GRANTH SAHIB*

**Nishan Sahib Hoisting Ceremony will be held on December 5, 2020 (Saturday) at 11:00 AM**

For peace and harmony in the world today, we really need to adopt His teachings of **Universal brotherhood, Equality and Love of Mankind.** Vainder Sudhir and his family will be hosting this Sewa.
Entire Sangat is requested to participate in this "Gurupurb" .

**"NANAK NAM CHARDI KALA TERE BHANE SARBAT DA BHALA"**

| Chairman | President | Sangat | General Secretary | Treasurer |
|---|---|---|---|---|
| Jagtar Bhatia | Shinder Paul Narabut | De Sewadar | Dharam Pal Chonkria | Vinod Kumar |

# ਅਮਰੀਕੀ ਚੋਣਾਂ ਵਿਚ ਕੋਈ ਧਾਂਦਲੀ ਨਹੀ ਹੋਈ- ਸੁਰੱਖਿਆ ਅਧਿਕਾਰੀ

## ਬਹੁਤ ਸਾਰੇ ਰਿਪਬਲੀਕਨ ਆਗੂਆਂ ਨੇ ਬਾਇਡੇਨ ਨੂੰ ਅਗਲੇ ਰਾਸ਼ਟਰਪਤੀ ਵਜੋਂ ਕੀਤਾ ਸਵੀਕਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਚੋਣ ਸੁਰੱਖਿਆ ਅਧਿਕਾਰੀਆਂ ਦੀ ਰਾਸ਼ਟਰੀ ਕੁਲੀਸ਼ਨ ਨੇ ਕਿਹਾ ਹੈ ਕਿ ਪਿਛਲੇ ਹਫ਼ਤੇ ਹੋਈਆਂ ਅਮਰੀਕਾ ਦੀਆਂ ਆਮ ਚੋਣਾਂ ਦੇਸ਼ ਦੇ ਇਤਿਹਾਸ ਵਿਚ ਸਭ ਤੋਂ ਵਧ ਸੁਰੱਖਿਅਤ ਤੇ ਸਾਫ ਸੁਥਰੀਆਂ ਚੋਣਾਂ ਹਨ। ਇਨਾਂ ਵਿਚ ਕਿਸੇ ਕਿਸਮ ਦਾ ਕੋਈ ਧੋਖਾ ਜਾਂ ਧਾਂਦਲੀ ਨਹੀਂ ਹੋਈ। ਹੋਮਲੈਂਡ ਸੁਰੱਖਿਆ ਵਿਭਾਗ ਦੇ ਸਾਈਬਰ ਸਕਿਉਰਟੀ ਐਂਡ ਇਨਫਰਾਸਟਰਕਚਰ ਏਜੰਸੀ (ਸੀ ਆਈ ਐਸ ਏ) ਤੇ ਨੈਸ਼ਨਲ ਐਸੋਸੀਏਸ਼ਨ ਆਫ ਸਟੇਟ ਇਲੈਕਸ਼ਨ ਡਾਇਰੈਕਟਰਜ ਸਮੇਤ ਹੋਰ ਸੁਰੱਖਿਆ ਗਰੁੱਪਾਂ ਨੇ ਕਿਹਾ ਹੈ ਕਿ ਵੋਟਿੰਗ ਪ੍ਰਣਾਲੀ ਨੂੰ ਬਰਬਾਦ ਕਰਨ ਜਾਂ ਵੋਟਾਂ ਗਵਾਚਣ, ਵੋਟਾਂ ਬਦਲਣ ਜਾਂ ਵੋਟਿੰਗ ਪ੍ਰਣਾਲੀ ਨਾਲ ਹੋਰ ਕਿਸੇ ਵੀ ਕਿਸਮ ਦੀ ਛੇੜਛਾੜ ਕਰਨ ਦਾ ਕੋਈ ਸਬੂਤ ਨਹੀਂ ਹੈ। ਬਹੁਤ ਫਸਵੀਂ ਟੱਕਰ ਵਾਲੇ ਰਾਜਾਂ ਸਮੇਤ ਸਾਰੇ ਰਾਜਾਂ ਵਿਚ ਵੋਟਾਂ ਦਾ ਸਾਰਾ ਰਿਕਾਰਡ ਮੌਜੂਦ ਹੈ ਤੇ ਜਰੂਰੀ ਹੋਣ 'ਤੇ ਉਨਾਂ ਵੋਟਾਂ ਦੀ ਜਦੋਂ ਮਰਜੀ ਦੁਬਾਰਾ ਗਿਣਤੀ ਹੋ ਸਕਦੀ ਹੈ। ਗਰੁੱਪ ਨੇ ਹੋਰ ਕਿਹਾ ਹੈ ਕਿ ਜੇਕਰ ਤੁਹਾਡੇ ਮੰਨ ਵਿਚ ਕੋਈ ਸਵਾਲ ਹਨ ਤਾਂ ਤੁਸੀਂ ਸਬੰਧਤ ਚੋਣ ਅਧਿਕਾਰੀਆਂ ਕੋਲ ਜਾ ਸਕਦੇ ਹੋ ਤੇ ਆਪਣੀ ਸੰਤੁਸ਼ਟੀ ਕਰ ਸਕਦੇ ਹੋ।

**ਰਿਪਬਲੀਕਨਾਂ ਵੱਲੋਂ ਬਾਈਡੇਨ ਦਾ ਸਮਰਥਨ**

ਪ੍ਰਮੁੱਖ ਤੇ ਸ਼ਕਤੀਸ਼ਾਲੀ ਰਿਪਬਲੀਕਨਾਂ ਨੇ ਜੋਅ ਬਾਇਡੇਨ ਨਾਲ ਇਕ ਰਾਸ਼ਟਰਪਤੀ ਵਜੋਂ ਵਿਵਹਾਰ ਕਰਨ ਦੇ ਸੰਕੇਤ ਦਿੱਤੇ ਹਨ ਹਾਲਾਂ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਕਰ ਰਹੇ ਹਨ ਜੋ ਕਿ ਹਾਰ ਸਵਿਕਾਰ ਨਾ ਕਰਨ 'ਤੇ ਅੜੇ ਹੋਏ ਹਨ। 7 ਵਾਰ ਦੇ ਸੈਨੇਟਰ ਚੁੱਕ ਗਰਾਸਲੇ (ਲੋਵਾ) ਸਮੇਤ ਅਨੇਕਾਂ ਜੀ ਓ ਪੀ ਸੈਨੇਟਰਾਂ ਨੇ ਆਪਣੇ ਆਪ ਨੂੰ ਜੇਤੂ ਐਲਾਨੇ ਬਿਨਾਂ ਕਿਹਾ ਹੈ ਕਿ ਉਹ ਇਸ ਪਿੱਛੇ ਕੋਈ ਕਾਰਨ ਨਹੀਂ ਸਮਝਦੇ ਕਿ ਬਾਇਡੇਨ ਨੂੰ ਟਰੰਪ ਵਾਂਗ ਰੋਜ਼ਾਨਾ ਖੁਫ਼ੀਆ ਜਾਣਕਾਰੀ ਨਾ ਮਿਲੇ। ਖੁਫ਼ੀਆ ਜਾਣਕਾਰੀ ਮੌਜੂਦਾ ਰਾਸ਼ਟਰਪਤੀ ਦੇ ਨਾਲ- ਨਾਲ ਅਹੁੱਦਾ ਸੰਭਾਲ ਰਹੇ ਰਾਸ਼ਟਰਪਤੀ ਨੂੰ ਵੀ ਦਿੱਤੀ ਜਾਂਦੀ ਹੈ ਤਾਂ ਜੋ ਉਹ ਅਹੁੱਦਾ ਸੰਭਾਲਣ ਉਪਰੰਤ ਰਾਸ਼ਟਰੀ ਸੁਰੱਖਿਆ ਮੁੱਦਿਆਂ ਬਾਰੇ ਲੋੜੀਂਦੇ ਕਦਮ ਚੁੱਕ ਸਕਣ।



ਆਰ-ਓਕਲਾ ਤੋਂ ਸੈਨੇਟਰ ਜੇਮਜ ਲੰਕਫੋਰਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਉਪਰ ਦਬਾਅ ਪਾਉਣਗੇ ਕਿ ਉਹ ਜੋਅ ਬਾਇਡੇਨ ਨਾਲ ਜਾਣਕਾਰੀ ਸਾਂਝੀ ਕਰਨ। ਹੋਮਲੈਂਡ ਸੁਰੱਖਿਆ ਕਮੇਟੀ ਵਿਚ ਸ਼ਾਮਿਲ ਲੰਕ-ਫੋਰਡ ਨੇ ਕਿਹਾ ਕਿ ਜੇਕਰ ਟਰੰਪ ਪ੍ਰਸ਼ਾਸ਼ਨ ਨੇ ਫੌਰੀ ਜਾਣਕਾਰੀ ਦੇਣੀ ਸ਼ੁਰੂ ਨਾ ਕੀਤੀ ਤਾਂ ਉਹ ਇਸ ਸਬੰਧੀ ਕਦਮ ਚੁੱਕਣਗੇ। ਗਰਾਸਲੇ ਨੇ ਕਿਹਾ ਕਿ ਬਾਇਡੇਨ ਨੂੰ ਖੁਫ਼ੀਆ ਜਾਣਕਾਰੀ ਦੇਣ ਵਿਚ ਕੋਈ ਸਮੱਸਿਆ ਨਹੀਂ ਹੈ। ਗਰਾਸਲੇ ਦੇ ਬਿਆਨ ਤੋਂ ਬਾਅਦ ਰਾਸ਼ਟਰਪਤੀ ਦੇ ਕੈਪੀਟਲ ਹਿੱਲ ਵਿਚਲੇ ਬਹੁਤ ਨਜ਼ਦੀਕੀ ਸਹਿਯੋਗੀਆਂ ਜਿਵੇਂ ਰੋਨ ਜੌਹਨਸਨ (ਵਿਸਕਾਨਸਨ) ਜੋ ਹੋਮਲੈਂਡ ਸੁਰੱਖਿਆ ਕਮੇਟੀ ਦੇ ਪ੍ਰਧਾਨ ਹਨ, ਜੁਡੀਸ਼ੀਅਲ ਕਮੇਟੀ ਦੇ ਚੇਅਰਮੈਨ ਲਿੰਡਸੇਅ ਗਰਾਹਮ ਤੇ ਮਿਸੌਰੀ ਤੋਂ ਸੈਨੇਟਰ ਜੋਸ਼ ਹਾਵਲੇਅ ਨੇ ਬਾਇਡੇਨ ਨਾਲ ਰਾਸ਼ਟਰਪਤੀ ਵਾਂਗ ਵਿਚਰਨ ਦੀ ਗੱਲ ਕਹੀ ਹੈ।

ਫਲੋਰੀਡਾ ਤੋਂ ਜੀ ਓ ਪੀ ਸੈਨੇਟਰ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਉਹ ਬਾਇਡੇਨ ਟੀਮ ਵੱਲੋਂ ਕੁੱਝ ਸਰਕਾਰੀ ਫੰਡਿੰਗ ਬਾਰੇ ਜਾਣਕਾਰੀ ਲੈਣ ਦਾ ਵਿਰੋਧ ਨਹੀਂ ਕਰਦੇ ਤੇ ਆ ਰਹੇ ਪ੍ਰਸ਼ਾਸਨ ਲਈ ਸਾਰੀਆਂ ਰਵਾਇਤੀ ਕਾਰਵਾਈਆਂ ਦਾ ਸਮਰਥਨ ਕਰਦੇ ਹਨ। ਆਉਣ ਵਾਲੇ ਦਿਨਾਂ ਵਿਚ ਰਾਸ਼ਟਰਪਤੀ ਟਰੰਪ ਉਪਰ ਉਸ ਦੇ ਆਪਣੇ ਹੀ ਸੈਨੇਟਰਾਂ ਤੇ ਆਗੂਆਂ ਵੱਲੋਂ ਹਾਰ ਸਵਿਕਾਰ ਕਰਨ ਲਈ ਦਬਾਅ ਵਧਣ ਦੀ ਸੰਭਾਵਨਾ ਹੈ ਕਿਉਂਕਿ ਪਾਰਟੀ ਆਗੂ ਬਾਇਡੇਨ ਦੀ ਜਿੱਤ ਸਵਿਕਾਰ ਨਾ ਕਰਨ ਪਿੱਛੇ ਕੋਈ ਕਾਰਨ ਨਹੀਂ ਸਮਝਦੇ। ਉਨਾਂ ਦਾ ਮੰਨਣਾ ਹੈ ਕਿ ਲੋਕਤੰਤਰਿਕ ਰਵਾਇਤਾਂ ਅਨੁਸਾਰ ਸੱਤਾ ਤਬਦੀਲੀ ਵਿਚ ਕਿਸੇ ਤਰਾਂ ਦਾ ਅੜਿਕਾ ਨਹੀਂ ਪਾਉਣਾ ਚਾਹੀਦਾ ਕਿਉਂਕਿ ਇਹ ਇਕ ਬਹੁਤ ਗਲਤ ਰਵਾਇਤ ਹੋਵੇਗੀ ਜੋ ਭਵਿੱਖ ਦੀਆਂ ਚੋਣਾਂ ਵਿਚ ਵੀ ਜਾਰੀ ਰਹਿ ਸਕਦੀ ਹੈ।

# ਮੈਰੀਕੋਪਾ ਕਾਊਟੀ ਦੀ ਅਦਾਲਤ ਵੱਲੋਂ ਵੋਟਾਂ ਦੀ ਮੁੜ ਪੜਤਾਲ ਬਾਰੇ ਟਰੰਪ ਦੀ ਚੋਣ ਪਟੀਸ਼ਨ ਰੱਦ

**ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਿਪਬਲੀਕਨ ਅਧਿਕਾਰੀਆਂ ਦੀ ਐਰੀਜ਼ੋਨਾ ਦੀ ਮੈਰੀਕੋਪਾ ਕਾਊਂਟੀ ਦੀਆਂ ਵੋਟਾਂ ਦੀ ਮੁੜ ਪੜਤਾਲ ਕਰਵਾਉਣ ਦੀ ਕੋਸ਼ਿਸ਼ ਉਸ ਵੇਲੇ ਨਾਕਾਮ ਹੋ ਗਈ ਜਦੋਂ ਕਾਊਂਟੀ ਦੀ ਸੁਪੀਰੀਅਰ ਅਦਾਲਤ ਦੇ ਜੱਜ ਡੈਨੀਅਲ ਕਿਲੇ ਨੇ ਇਸ ਸਬੰਧੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਰਫੋਂ ਰਿਪਬਲੀਕਨ ਨੈਸ਼ਨਲ ਕਮੇਟੀ ਤੇ ਐਰੀਜ਼ੋਨਾ ਰਿਪਬਲੀਕਨ ਪਾਰਟੀ ਵੱਲੋਂ ਦਾਇਰ ਚੋਣ ਪਟੀਸ਼ਨ ਰੱਦ ਕਰ ਦਿੱਤੀ। ਇਸ ਫੈਸਲੇ ਤੋਂ ਬਾਅਦ ਟਰੰਪ ਸਮਰਥਕਾਂ ਵੱਲੋਂ ਕਾਨੂੰਨੀ ਲੜਾਈ ਜਾਰੀ ਰਖਣ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਰਿਪਬਲੀਕਨ ਅਧਿਕਾਰੀਆਂ ਵੱਲੋਂ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਸੀ ਕਿ 3 ਨਵੰਬਰ ਨੂੰ ਮੱਤਦਾਨ ਵਾਲੇ ਦਿਨ ਹਜਾਰ ਲੋਕ ਵੋਟ ਪਾਉਣ ਤੋਂ ਰਹਿ ਗਏ ਹਨ। ਇਨ•ਾਂ ਲੋਕਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵੰਚਿਤ ਕਰ ਦਿੱਤਾ ਗਿਆ ਹੈ।

ਦੂਸਰੇ ਪਾਸੇ ਜਾਅਲੀ ਵੋਟਾਂ ਪਈਆਂ ਹਨ। ਕਈ ਮੱਤਦਾਤਾ ਨੇ ਇਕ ਤੋਂ ਵਧ ਉਮੀਦਵਾਰਾਂ ਦੇ ਹੱਕ ਵਿਚ ਨਿਸ਼ਾਨ ਲਾਏ ਹਨ। ਪਟੀਸ਼ਨ ਵਿਚ ਮੰਗ ਕੀਤੀ ਗਈ ਸੀ ਕਿ ਚੋਣ ਅਧਿਕਾਰੀ ਮੈਰੀਕੋਪਾ ਕਾਊਂਟੀ ਵਿਚ ਅਜਿਹੀਆਂ ਵੋਟਾਂ ਦੀ ਪਛਾਣ ਕਰਨ ਜੋ ਜਾਇਜ਼ ਨਹੀਂ ਹਨ। 6 ਘੰਟਿਆਂ ਦੀ ਸੁਣਵਾਈ ਤੋਂ ਬਾਅਦ ਜੱਜ ਨੇ ਰਿਪਬਲੀਕਨਾਂ ਦੀ ਪਟੀਸ਼ਨ ਰੱਦ ਕਰ ਦਿੱਤੀ।

# ਯੂਨੀਵਰਸਿਟੀ ਆਫ ਕੈਲੀਫੋਰਨੀਆ ਮਾਮਲੇ ਵਿਚ 730 ਕਰੋੜ ਡਾਲਰ ਦੀ ਅਦਾਇਗੀ ਕਰਨ ਲਈ ਤਿਆਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੁਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਕੰਮ ਕਰਦੇ ਰਹੇ ਔਰਤ ਰੋਗਾਂ ਦੇ ਮਾਹਿਰ ਡਾ ਜੇਮਜ ਹੀਪਸ ਉਪਰ ਆਪਣੇ ਮਰੀਜ਼ਾਂ ਦੇ ਸੈਕਸ ਸ਼ੋਸਣ ਦੇ ਲੱਗੇ ਦੋਸ਼ਾਂ ਦੇ ਮਾਮਲੇ ਵਿਚ ਇਕ ਸਮਝੌਤੇ ਤਹਿਤ ਯੁਨੀਵਰਸਿਟੀ ਪੀੜਤਾਂ ਨੂੰ 7.30 ਕਰੋੜ ਡਾਲਰਾਂ ਦੀ ਅਦਾਇਗੀ ਕਰੇਗੀ। ਯੁਨੀਵਰਸਿਟੀ ਆਫ ਕੈਲੀਫੋਰਨੀਆ ਸਕੂਲ ਸਿਸਟਮ ਨੇ ਵਕੀਲਾਂ ਤੇ ਹੋਰ ਲੋਕਾਂ ਦੀ ਵਿਚੋਲਗੀ ਰਾਹੀਂ 7 ਔਰਤਾਂ, ਜਿਨਾਂ ਨੇ ਡਾਕਟਰ ਜੇਮਜ ਉਪਰ ਸੈਕਸ ਸ਼ੋਸਣ ਦੇ ਦੋਸ਼ ਲਾਏ ਸਨ, ਨਾਲ ਸਮਝੌਤਾ ਕੀਤਾ ਹੈ। ਹੁਣ ਇਸ ਸਮਝੌਤੇ ਦੀ ਇਕ ਸੰਘੀ ਅਦਾਲਤ ਵੱਲੋਂ ਮਨਜੂਰੀ ਦਿੱਤੀ ਜਾਣੀ ਹੈ ਜਿਸ ਅਦਾਲਤ ਵਿਚ ਪੀੜਤ ਔਰਤਾਂ ਨੇ ਪਟੀਸ਼ਨ ਦਾਇਰ ਕੀਤੀ ਸੀ। ਪ੍ਰਸਤਾਵਿਤ ਸਮਝੌਤੇ ਤਹਿਤ ਯੁਨੀਵਰਸਿਟੀ ਅਦਾਇਗੀ ਕਰਨ ਦੇ ਨਾਲ ਨਾਲ ਆਪਣੇ ਸਿਸਟਮ ਵਿਚ ਸੁਧਾਰ ਕਰੇਗੀ ਤਾਂ ਜੋ ਭਵਿੱਖ ਵਿਚ ਇਸ ਕਿਸਮ ਦੀ ਸ਼ਰਮਨਾਕ ਘਟਨਾ ਨਾ ਵਾਪਰੇ। 63 ਸਾਲਾ ਡਾ ਹੀਪਸ ਨੇ ਯੁਨੀਵਰਸਿਟੀ ਆਫ ਕੈਲੀਫੋਰਨੀਆ ਲਾਸ ਏਂਜਲਸ ਦੇ ਸਟੂਡੈਂਟ ਹੈਲਥ ਸੈਂਟਰ ਵਿਚ 1983 ਤੋਂ 2010 ਤੱਕ ਕੰਮ ਕੀਤਾ। ਪੀੜਤਾਂ ਤੇ ਯੁਨੀਵਰਸਿਟੀ ਦਰਮਿਆਨ ਹੋਏ ਸਮਝੌਤੇ ਤੋਂ ਇਲਾਵਾ ਡਾ ਹੀਪਸ ਵਿਰੁੱਧ ਸਰੀਰਕ ਸ਼ੋਸਣ ਦਾ ਅਪਰਾਧਕ ਮਾਮਲਾ ਵੱਖਰਾ ਚੱਲ ਰਿਹਾ ਹੈ ਜਿਸ ਦੀ ਅਗਲੀ ਸੁਣਵਾਈ 7 ਦਸੰਬਰ ਹੈ। ਹਾਲਾਂ ਕਿ ਡਾਕਟਰ ਆਪਣੇ ਆਪ ਨੂੰ ਨਿਰਦੋਸ਼ ਦੱਸ ਰਿਹਾ ਹੈ ਪਰ ਉਸ ਨੂੰ ਅਦਾਲਤ ਵਿਚ ਪੇਸ਼ ਸਬੂਤਾਂ ਨੂੰ ਝੁਠਲਾਉਣਾ ਪਵੇਗਾ।



SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਫਰਿਜ਼ਨੋ ਪੁਲਿਸ ਵਿਭਾਗ ਵਿੱਚ ਜਰੂਰੀ ਸੁਧਾਰਾਂ ਲਈ ਕੌਂਸਲ ਕੋਲ ਹਨ ਸੀਮਤ ਮੌਕੇ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਕਾਉਂਟੀ ਕੋਲ ਆਪਣੇ ਪੁਲਿਸ ਵਿਭਾਗ ਵਿੱਚ ਸਾਰਥਿਕ ਸੁਧਾਰ ਕਰਨ ਲਈ ਬਹੁਤ ਘੱਟ ਮੌਕੇ ਹਨ ਕਿਉਂਕਿ ਸੁਧਾਰ ਦੇ ਪਲਾਂ ਤੱਕ ਪਹੁੰਚਣਾ ਸ਼ਹਿਰ ਲਈ ਮੁਸ਼ਕਿਲ ਹੈ, ਅਤੇ ਇਸ ਸੰਬੰਧ ਵਿੱਚ ਪਿਛਲੀਆਂ ਕੋਸ਼ਿਸ਼ਾਂ ਵੀ ਘੱਟ ਹੋਈਆਂ ਹਨ। ਇਹਨਾਂ ਸੁਧਾਰਾਂ ਦੇ ਮਾਮਲੇ ਵਿੱਚ ਵੀਰਵਾਰ ਨੂੰ ਸਿਟੀ ਕੌਂਸਲ ਪੁਲਿਸ ਸੁਧਾਰ ਕਮਿਸ਼ਨ ਦੀ ਰਿਪੋਰਟ ਅਤੇ ਇਸ ਦੀਆਂ 73 ਸਿਫਾਰਸ਼ਾਂ ਨੂੰ ਸ਼ਾਮਿਲ ਕਰੇਗੀ। ਕੌਂਸਲ ਨੂੰ ਰਿਪੋਰਟ ਅਤੇ ਇਸ ਦੀਆਂ ਸਿਫਾਰਸ਼ਾਂ ਨੂੰ ਇੱਕ ਬਿਹਤਰ ਫਰਿਜ਼ਨੋ ਬਣਾਉਣ ਦੀ ਸ਼ੁਰੂਆਤ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ, ਜਿਥੇ ਸਾਰੀਆਂ ਜਾਤੀਆਂ, ਨਸਲਾਂ ਅਤੇ ਉਮਰਾਂ ਦੇ ਵਸਨੀਕਾਂ ਨੂੰ ਪੁਲਿਸ ਦੁਆਰਾ ਇੱਕੋ ਜਿਹਾ ਸਮਝਿਆ ਜਾਵੇ। ਸਹਿਰ ਦੇ ਪੁਲਿਸ ਵਿਭਾਗ ਵਿੱਚ ਸੁਧਾਰ ਕਰਨ ਲਈ ਜਾਰਜ ਫਲੋਇਡ ਦੀ ਮੌਤ ਤੋਂ ਬਾਅਦ ਸੁਧਾਰ ਕਮਿਸ਼ਨ ਨੂੰ ਹੱਲਾਸ਼ੇਰੀ ਮਿਲੀ ਸੀ। ਇਸ ਕਮਿਸ਼ਨ ਦੀ ਅਗਵਾਈ ਸਾਬਕਾ



ਸਿਟੀ ਕੌਂਸਲ ਮੈਂਬਰ ਓਲੀਵਰ ਬੈਂਨੇਸ ਅਤੇ ਵਾਈਸ ਚੇਅਰ ਸੈਂਡਰਾ ਸੇਲੇਡਨ ਨੇ ਕੀਤੀ। ਤਿੰਨ ਮਹੀਨਿਆਂ ਦੇ ਕੰਮ ਵਿਚ ਕਮਿਸ਼ਨ ਨੇ ਫਰਿਜ਼ਨੋ ਪੁਲਿਸ ਵਿਚ ਮੁਸ਼ਕਲਾਂ ਦੀ ਰੂਪ ਰੇਖਾ ਬਣਾਉਣ ਅਤੇ ਵਿਭਾਗ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ ਲਈ ਪ੍ਰਭਾਵਸ਼ਾਲੀ ਕੰਮ ਕੀਤਾ ਹੈ। ਇਹਨਾਂ ਸੁਧਾਰਾਂ ਵਿੱਚ ਸਭ ਤੋਂ ਪ੍ਰਮੁੱਖ ਹਰ ਵਰਗ ਜਿਵੇਂ ਕਿ ਬਲੈਕ,ਏਸ਼ੀਅਨ,ਔਰਤਾਂ ਆਦਿ ਅਧਿਕਾਰੀ ਲੋੜੀਂਦੇ ਹਨ। ਕਮਿਸ਼ਨ ਨੇ ਨੋਟ ਕੀਤਾ ਕਿ ਜਦੋਂ ਬਲੈਕ, ਏਸ਼ੀਅਨ ਅਤੇ ਔਰਤ ਅਫਸਰਾਂ ਦੀ ਗੱਲ ਆਉਂਦੀ ਹੈ ਤਾਂ ਵਿਭਾਗ ਦੀ ਨਿਖੇਧੀ ਕੀਤੀ ਜਾਂਦੀ ਹੈ ,ਇਸਦੇ ਨਾਲ ਹੀ ਫਰਿਜ਼ਨੋ ਪੁਲਿਸ ਨੂੰ ਅਹਿੰਸਾਵਾਦੀ ਐਮਰਜੈਂਸੀ ਸਥਿਤੀਆਂ ਵਿੱਚ ਸਿਹਤ ਅਤੇ ਸਿਖਿਅਤ ਮੈਡੀਕਲ ਪੇਸ਼ੇਵਰਾਂ ਉੱਤੇ ਭਰੋਸਾ ਵਧ-ਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਧਿਕਾਰੀਆਂ ਦੁਆਰਾ ਸ਼ੱਕੀ ਵਿਅਕਤੀਆਂ ਦੇ ਵਿਰੁੱਧ ਤਾਕਤ ਦੀ ਵਰਤੋਂ ਕਰਨ ਲਈ ਵੀ ਕਮਿਸ਼ਨ ਇਕ ਸਖਤ ਮਾਪਦੰਡ ਦੀ ਸਿਫਾਰਸ਼ ਕਰ ਰਿਹਾ ਹੈ ਜਿਸ ਅਨੁਸਾਰ ਪੁਲਿਸ ਨੂੰ ਜਾਨਲੇਵਾ ਤਾਕਤ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਜਦੋਂ ਤੱਕ ਕਿ ਕੋਈ ਸ਼ੱਕੀ ਵਿਅਕਤੀ ਕਿਸੇ ਲਈ ਖ਼ਤਰਾ ਨਾ ਹੋਵੇ।

ਇਸ ਤਰ੍ਹਾਂ ਦੀਆਂ ਕੁੱਝ ਹੋਰ ਸਿਫਾਰਸ਼ਾਂ ਵੀ ਹਨ ਜੋ ਕਿ ਪੁਲਿਸ ਵਿਭਾਗ ਵਿੱਚ ਸੁਧਾਰ ਲਈ ਜਰੂਰੀ ਹਨ। ਇਸ ਸੰਬੰਧ ਵਿੱਚ ਫਰਿਜ਼ਨੋ ਸ਼ਹਿਰ ਦੇ ਨੇਤਾਵਾਂ ਨੂੰ ਪੁਲਿਸ ਵਿਭਾਗ ਵਿੱਚ ਸੁਧਾਰ ਕਰਨ ਦਾ ਮੌਕਾ ਮਿਲਿਆ ਹੈ ਅਤੇ ਕਮਿਸ਼ਨ ਦੁਆਰਾ ਕੀਤੇ ਕੰਮ ਦਾ ਵੀਰਵਾਰ ਦੀ ਮੀਟਿੰਗ ਵਿੱਚ ਇੱਕ ਤਰ੍ਹਾਂ ਦਾ ਪ੍ਰੀਖਣ ਵੀ ਹੈ।

# ਬਜ਼ੁਰਗ ਆਦਮੀ ਤੋਂ 5 ਮਿਲੀਅਨ ਡਾਲਰ ਹਥਿਆਉਣ ਦੇ ਦੋਸ਼ 'ਚ ਹੋਈ ਜੇਲ੍ਹ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ** ਫਰਿਜ਼ਨੋ ਵਿੱਚ ਇੱਕ ਔਰਤ ਨੂੰ ਦਿਮਾਗੀ ਤੌਰ ਤੇ ਕਮਜੋਰ ਹੋਏ ਇੱਕ ਬਜ਼ੁਰਗ ਦੇ 5 ਮਿਲੀਅਨ ਡਾਲਰ ਹਥਿਆਉਣ ਦੇ ਜ਼ੁਰਮ ਵਿੱਚ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਦੀ ਕਾਰਵਾਈ ਦੌਰਾਨ ਜੱਜ ਐਲਵਿਨ ਹੈਰਲ ਤੀਸਰੇ ਨੇ ਕ੍ਰਿਸਟੀਨਾ ਅਲਵਰਾਡੋ ਨਾਮ ਦੀ ਔਰਤ ਨੂੰ ਬੇਵਕੂਫ, ਬੇਪਰਵਾਹ ਅਤੇ ਲਾਲਚੀ ਦੱਸਦਿਆਂ ਇਹ ਸਜ਼ਾ ਸੁਣਾਈ। 50 ਸਾਲਾ ਐਲਵਰਾਡੋ ਉੱਤੇ 75 ਸਾਲਾ ਵਿਧਵਾ ਬਜ਼ੁਰਗ ਡੇਵਿਡ ਸਿਲਨਿਟਜ਼ਰ ਦੀ ਲਗਭੱਗ 6 ਮਿਲੀਅਨ ਡਾਲਰ ਦੀ ਪੂੰਜੀ ਹਥਿਆਉਣ ਲਈ ਉਸ ਨਾਲ ਦੋਸਤੀ ਕਰਨ ਦੇ ਦੋਸ਼ ਲਗਾਏ ਗਏ ਸਨ। ਅਲਵਰਾਡੋ ਨੇ ਬਜ਼ੁਰਗ ਦੇ ਬੈਂਕ ਖਾਤਿਆਂ ਵਿਚੋਂ ਹਜ਼ਾਰਾਂ ਡਾਲਰ ਕਢਵਾਉਣ ਦੇ ਨਾਲ ਉਸਦਾ ਘਰ ਵੀ ਵੇਚ ਦਿੱਤਾ ਸੀ। ਇਸ ਕਮਾਈ ਦੇ ਨਾਲ, ਉਸਨੇ ਆਪਣੇ ਅਤੇ ਆਪਣੀ ਬੇਟੀ ਲਈ ਇੱਕ ਘਰ ਖਰੀਦਿਆ ਅਤੇ ਇੱਕ ਹੋਰ ਧੀ ਦਾ 150,000 ਡਾਲਰ



ਦਾ ਵਿਦਿਆਰਥੀ ਲੋਨ ਅਦਾ ਕੀਤਾ ਸੀ।ਅਲਵਰਾਡੋ ਦੇ ਬਚਾਅ ਪੱਖ ਦੇ ਵਕੀਲ, ਕੋਜੋ ਮੂਰ, ਨੇ ਦੋਸ਼ਾਂ ਦਾ ਖੰਡਨ ਕਰਦਿਆਂ ਪੜਤਾਲ ਦੀ ਮੰਗ ਕੀਤੀ ਸੀ ਜਦਕਿ ਅਲਵਰਾਡੋ ਨੇ ਵੀ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਸਨੇ ਸਿਲਨਿਟਜ਼ਰ ਦਾ ਪੈਸਾ ਚੋਰੀ ਕੀਤਾ ਹੈ। ਉਸਨੇ 5.5 ਮਿਲੀਅਨ ਡਾਲਰ ਦੀ ਮੁੜ ਅਦਾਇਗੀ ਕਰਨ ਲਈ ਵੀ ਸਹਿਮਤੀ ਜਤਾਈ । ਇਸ ਮਾਮਲੇ ਵਿੱਚ ਡਿਪਟੀ ਜ਼ਿਲ੍ਹਾ ਅਟਾਰਨੀ ਡਗਲਸ ਡਿਕੋ ਅਤੇ ਫਰਿਜ਼ਨੋ ਕਾਉਂਟੀ ਦੇ ਡਿਪਟੀ ਪਬਲਿਕ ਜੋਸ਼ੁਆ ਕੋਚਰੋਨ, ਨੇ ਵੀਰਵਾਰ ਦੀ ਸਜ਼ਾ ਸੁਣਵਾਈ ਦੌਰਾਨ ਕਿਹਾ ਕਿ ਫਰਿਜ਼ਨੋ ਵਿੱਚ ਬਜ਼ੁਰਗਾਂ ਦੀ ਪੂੰਜੀ ਦੀ ਚੋਰੀ ਦਾ ਇਹ ਸਭ ਤੋਂ ਗੰਭੀਰ ਕੇਸ ਹੈ। ਸਾਲ 2016 ਵਿਚ ਅਲਵਰਾਡੋ ਨੂੰ ਮਿਲਣ ਤੋਂ ਪਹਿਲਾਂ, ਸਿਲਨਿਟਜ਼ਰ ਦੇ ਕਾਰੋਬਾਰੀ ਨਿਵੇਸ਼ ਉਸ ਨੂੰ ਅਰਾਮਦਾਇਕ ਜ਼ਿੰਦਗੀ ਪ੍ਰਦਾਨ ਕਰ ਰਹੇ ਸਨ।ਕੋਚਰੋਨ ਦਾ ਅਨੁਮਾਨ ਹੈ ਕਿ ਉਹ ਇਕ ਮਹੀਨੇ ਵਿੱਚ 30,000 ਅਤੇ ਇਕ ਸਾਲ ਵਿੱਚ 400,000 ਡਾਲਰ ਕਮਾ ਰਿਹਾ ਸੀ।

# ਜਾਣੋ ਛੁੱਟੀਆਂ ਦੌਰਾਨ ਕੋਰੋਨਾਂ ਦਾ ਜੋਖਮ ਕਿਵੇਂ ਕਰੀਏ ਘੱਟ



**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ** ਕੋਰੋਨਾਂ ਮਹਾਂਮਾਰੀ ਨੇ ਇਸ ਵਾਰ ਦੀਆਂ ਦੀਆਂ ਛੁੱਟੀਆਂ ਅਤੇ ਤਿਉਹਾਰਾਂ ਦੇ ਸੀਜ਼ਨ ਨੂੰ ਖਰਾਬ ਕਰ ਦਿੱਤਾ ਹੈ। ਲੋਕ ਛੁੱਟੀਆਂ ਦਾ ਆਨੰਦ ਲੈਣਾ ਚਾਹੁੰਦੇ ਹਨ ਪਰ ਬਿਨਾਂ ਸਾਵਧਾਨੀ ਤੋਂ ਵਾਇਰਸ ਦੀ ਲਾਗ ਦੇ ਫੈਲਣ ਦਾ ਵੀ ਡਰ ਹੈ।

ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਅਤੇ ਛੂਤ ਦੀਆਂ ਬੀਮਾਰੀਆਂ ਦੇ ਨਿਰਦੇਸ਼ਕ ਐਂਥਨੀ ਫੌਕੀ ਨੇ ਇੱਕ ਅਮਰੀਕੀ ਯੂਨੀ-ਵਰਸਿਟੀ ਦੇ ਵੈਬੀਨਾਰ ਵਿੱਚ ਕਿਹਾ ਕਿ ਉਹ ਆਪਣੇ ਬੱਚਿਆਂ ਨਾਲ ਛੁੱਟੀਆਂ ਬਿਤਾਉਣਾ ਪਸੰਦ ਕਰੇਗਾ ਪਰ ਇਸ ਸੰਕਟ ਦੀ ਘੜੀ ਵਿੱਚ ਇਸ 79 ਸਾਲਾਂ ਵਿਅਕਤੀ ਨੇ ਆਪਣਾ ਪਿਆਰ ਜ਼ੂਮ ਰਾਹੀਂ ਭੇਜਣ ਦਾ ਫੈਸਲਾ ਕੀਤਾ ਹੈ।ਹਾਰਵਰਡ ਮੈਡੀਕਲ ਸਕੂਲ ਦੀ ਮਹਾਂਮਾਰੀ ਵਿਗਿਆਨੀ ਜੂਲੀਆ ਮਾਰਕਸ ਅਨੁਸਾਰ ਵਾਇਰਸ ਤੋਂ ਬਚਾਅ ਲਈ ਹੋਰ ਵੀ ਕੁੱਝ ਤਰੀਕੇ ਹਨ ਜੋ ਖ਼ਤਰਿਆਂ ਨੂੰ ਘਟਾਉਣ ਘਟਾਉਣ ਲਈ ਮੱਦਦਗਾਰ ਹੋ ਸਕਦੇ ਹਨ–

1. ਘਰੇਲੂ ਸਾਵਧਾਨੀ –ਸਭ ਤੋਂ ਪਹਿਲਾਂ ਤਾਂ ਘਰ ਵਿੱਚ ਸਾਵਧਾਨੀ ਰੱਖਣ ਦੀ ਜਰੂਰਤ ਹੈ। ਇਸ ਲਈ ਕਿਸੇ ਕੰਮ ਲਈ ਜ਼ਿਆਦਾ ਇਕੱਠ ਨਾ ਕਰੋ।ਇੱਥੋਂ ਤੱਕ ਕਿ ਇੱਕ ਛੋਟਾ ਜਿਹਾ ਇਕੱਠ ਵੀ ਇੱਕ ਪ੍ਰਕੋਪ ਦਾ ਬੀਜ ਬਣ ਸਕਦਾ ਹੈ, ਇਸਦੇ ਨਾਲ ਹੀ ਘਰ ਦੇ ਮੈਂਬਰਾਂ ਵਿੱਚ ਵੀ ਮਾਸਕ ਅਤੇ ਹੋਰ ਸਾਵਧਾਨੀਆਂ ਜਰੂਰੀ ਹਨ।
2. ਸੀਮਿਤ ਯਾਤਰਾ– ਮਹਾਂਮਾਰੀ ਦੌਰਾਨ ਬਿਨਾਂ ਕੰਮ ਤੋਂ ਯਾਤਰਾ ਨੂੰ ਸੀਮਿਤ ਕਰੋ। ਵਾਇਰਸ ਹਾਟ ਸਪਾਟ ਅਤੇ ਭੀੜ ਭਰੇ ਥਾਵਾਂ ਦੀ ਯਾਤਰਾ ਨਾਂ ਕਰੋ। ਜੇਕਰ ਜਰੂਰੀ ਹੋਵੇ ਤਾਂ ਕਿਸੇ ਤਰ੍ਹਾਂ ਦੀ ਟ੍ਰਾਂਸਪੋਰਟ ਦੀ ਬਜਾਏ ਆਪਣੇ ਸਾਧਨ ਦੀ ਵਰਤੋਂ ਕਰੋ। ਬਾਹਰੀ ਖੇਤਰਾਂ ਵਿੱਚ ਅਨਜਾਣ ਲੋਕਾਂ ਤੋਂ ਦੂਰੀ ਬਣਾ ਕੇ ਰੱਖੋ ਅਤੇ ਮਾਸਕ ਦੀ ਵਰਤੋਂ ਵੀ ਬਹੁਤ ਜਰੂਰੀ ਹੈ।
3. ਸਮਾਜਿਕ ਦੂਰੀ– ਬਾਹਰ ਜਾਣ ਵੇਲੇ ਸਮਾਜਿਕ ਦੂਰੀ ਕਾਇਮ ਰੱਖਣੀ ਬਹੁਤ ਜਰੂਰੀ ਹੈ ਅਤੇ ਇਸ ਦੌਰਾਨ ਵਾਇਰਸ ਦੇ ਜੋਖਮ ਨੂੰ ਘਟਾਉਣ ਦਾ ਸਭ ਤੋਂ ਵਧੀਆ ਢੰਗ ਹੈ ਇੱਕ ਮਾਸਕ ਪਹਿਨਣਾ, ਇਸ ਲਈ ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖੋ।
4. ਆਪਣੇ ਨਿਯਮ ਕਰੋ ਤਿਆਰ – ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਜੋ ਕੁੱਝ ਕਰ ਰਹੇ ਹੋ ਉਸ ਬਾਰੇ ਤੁਸੀਂ ਇੱਕ ਖਾਸ ਨਿਰਣਾ ਕਰ ਰਹੇ ਹੋ ਅਤੇ ਹਫ਼ਤੇ ਵਿੱਚ ਤੁਸੀਂ ਕੀ ਕਰਨ ਜਾ ਰਹੇ ਹੋ ਦੇ ਬਾਰੇ ਵੀ ਨਿਯਮ ਬਣਾਉ।
5. ਹਰ ਤਰ੍ਹਾਂ ਦੀ ਸਥਿਤੀ ਲਈ ਰਹੋ ਤਿਆਰ– ਕਿਸੇ ਵੀ ਤਰ੍ਹਾਂ ਦੀ ਸਥਿਤੀ ਲਈ ਇੱਕ ਹੋਰ ਯੋਜਨਾ ਤਿਆਰ ਰੱਖੋ।

ਜੇ ਤੁਹਾਡੇ ਖੇਤਰ ਵਿਚ ਅਚਾਨਕ ਮਾਮਲਿਆਂ ਵਿਚ ਵਾਧਾ ਹੁੰਦਾ ਹੈ, ਤਾਂ ਤੁਸੀਂ ਆਪਣੀਆਂ ਯੋਜਨਾਵਾਂ ਨੂੰ ਸੁਰੱਖਿਆ ਪੂਰਵਕ ਬਦਲ ਸਕਦੇ ਹੋਵੋ।

ਉਪਰੋਕਤ ਕੁੱਝ ਉਪਾਅ ਹਨ ਜੋ ਕਿ ਹੋਰ ਮੁੱਖ ਸਾਵਧਾਨੀਆਂ ਦੇ ਨਾਲ ਛੁੱਟੀਆਂ ਦੌਰਾਨ ਹੋਰ ਲੋਕਾਂ ਨਾਲ ਸਮਾਂ ਬਿਤਾਉਣ ਲਈ ਧਿਆਨ ਵਿੱਚ ਰੱਖਣੀਆਂ ਜਰੂਰੀ ਹਨ ਤਾਂ ਕਿ ਵਾਇਰਸ ਤੋਂ ਬਚਿਆ ਜਾ ਸਕੇ।

# ਅਮਰੀਕੀ ਇਤਿਹਾਸ ਵਿੱਚ ਇਸ ਵਾਰ ਦੀਆਂ ਇਲੈਕਸ਼ਨ ਸਨ ਸਭ ਤੋਂ ਸੁਰੱਖਿਅਤ: ਚੋਣ ਅਧਿਕਾਰੀ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ** – ਅਮਰੀਕਾ ਵਿੱਚ ਇਸ ਵਾਰ ਦੀਆਂ ਰਾਸ਼ਟਰਪਤੀ ਪਦ ਦੀਆਂ ਚੋਣਾਂ ਨੂੰ ਲੈ ਕੇ ਕਾਫੀ ਮਸਲੇ ਭਖ ਰਹੇ ਹਨ। ਰਾਸ਼ਟਰਪਤੀ ਟਰੰਪ ਚੋਣਾਂ ਵਿੱਚ ਹਾਰ ਜਾਣ ਦੇ ਬਾਅਦ ਚੋਣ ਨਤੀਜਿਆਂ 'ਤੇ ਉਂਗਲੀ ਉਠਾਉਣ ਦੇ ਨਾਲ ਧੋਖਾਧੜੀ ਦੇ ਦਾਅਵੇ ਵੀ ਕਰ ਰਹੇ ਹਨ। ਪਰ ਰਾਜ ਅਤੇ ਸੰਘੀ ਚੋਣ ਅਧਿਕਾਰੀਆਂ ਅਤੇ ਨਿੱਜੀ ਖੇਤਰ ਦੇ ਮਾਹਰਾਂ ਨੇ ਕਿਹਾ ਕਿ ਉਨ੍ਹਾਂ ਨੂੰ 3 ਨਵੰਬਰ ਦੀਆਂ ਵੋਟਾਂ ਦੀ "ਸੁਰੱਖਿਆ ਅਤੇ ਅਖੰਡਤਾ 'ਤੇ ਪੂਰਾ ਭਰੋਸਾ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਦੱਸਿਆ ਕਿ ਤਿੰਨ ਨਵੰਬਰ ਦੀ ਚੋਣ ਅਮਰੀਕੀ ਇਤਿਹਾਸ ਦੀ ਸਭ ਤੋਂ ਸੁਰੱਖਿਅਤ ਚੋਣ ਸੀ। ਵੋਟ ਪ੍ਰਣਾਲੀ ਵਿੱਚ ਕਿਸੇ ਤਰ੍ਹਾਂ ਦੀ ਧੋਖਾਧੜੀ ਜਾਂ ਕਿਸੇ ਤਰੀਕੇ




ਦੇ ਸਮਝੌਤਾ ਦਾ ਕੋਈ ਸਬੂਤ ਨਹੀਂ ਹੈ। ਇਸ ਬਿਆਨ 'ਤੇ ਚੋਣ ਬੁਨਿਆਦੀ ਢਾਂਚੇ ਦੀ ਸਰਕਾਰੀ ਤਾਲਮੇਲ ਕੌਂਸਲ ਦੇ ਅਧਿਕਾਰੀਆਂ ਨੇ ਹਸਤਾਖਰ ਕੀਤੇ ਜਿਹੜੀ ਕਿ ਰਾਜ, ਸਥਾਨਕ ਅਤੇ ਫੈਡਰਲ ਅਧਿਕਾਰੀਆਂ ਅਤੇ ਕੋਆਰਡੀਨੇਟਿੰਗ ਕੌਂਸਲ ਵਿਚ ਜਾਣਕਾਰੀ ਸਾਂਝੀ ਕਰਦੀ ਹੈ। ਇਹਨਾਂ 10 ਹਸਤਾਖਰਾਂ ਵਿਚ ਸੰਯੁਕਤ ਰਾਜ ਚੋਣ ਸਹਾਇਤਾ ਕਮਿਸ਼ਨ ਦੇ ਪ੍ਰਧਾਨ ਬੈਂਜਾਮਿਨ ਹੋਵਲੈਂਡ ਅਤੇ ਸਾਈਬਰ ਸਕਿਉਰਿਟੀ ਅਤੇ ਸੁਰੱਖਿਆ ਏਜੰਸੀ ਦੇ ਸਹਾਇਕ ਡਾਇਰੈਕਟਰ ਬਾਬ ਕੋਲਾਸਕੀ ਦੇ ਹਸਤਾਖਰ ਵੀ ਹਨ। ਜਦਕਿ ਸਾਈਬਰ ਸਕਿਉਰਿਟੀ ਏਜੰਸੀ ਦੇ ਮੁੱਖ ਅਧਿਕਾਰੀ ਜਿਹਨਾਂ ਵਿੱਚ ਮੁਖੀ ਕ੍ਰਿਸਟੋਫਰ ਕਰੈਬਸ ਵੀ ਸ਼ਾਮਲ ਹੈ ਆਪਣਾ ਅਹੁਦਾ ਬਰਖਾਸਤ ਹੋਣ ਦੀ ਉਮੀਦ ਕਰ ਰਹੇ ਹਨ ਕਿਉਂਕਿ ਟਰੰਪ ਨੇ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ।

# ਆਮ ਅਮਰੀਕੀ ਜੀਵਨ ਸ਼ੈਲੀ ਪਾ ਰਹੀ ਹੈ ਕੋਰੋਨਾਂ ਅੱਗ ਵਿੱਚ ਤੇਲ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ** – ਸੰਯੁਕਤ ਰਾਜ ਦੇ ਕੋਰੋਨਾਂ ਵਾਇਰਸ ਦੇ ਕੇਸਾਂ ਵਿੱਚ ਲਗਾਤਾਰ ਵਾਧਾ ਹੋਣਾ ਜਾਰੀ ਹੈ। ਲਾਗ ਦੇ ਮਾਮਲਿਆਂ ਦੀ ਰੋਜ਼ਾਨਾ ਦੀ ਗਿਣਤੀ ਤਕਰੀਬਨ 150,000 ਤੱਕ ਪਹੁੰਚ ਗਈ ਹੈ। ਵਾਇਰਸ ਦੇ ਇਸ ਰਿਕਾਰਡ ਤੋੜ ਵਾਧੇ ਵਿੱਚ ਦੇਸ਼ ਵਾਸੀਆਂ ਦੀ ਰੋਜ਼ਮਰਾ ਦੀ ਜਿੰਦਗੀ ਜਿਉਣ ਦਾ ਢੰਗ ਵੀ ਆਪਣਾ ਯੋਗਦਾਨ ਪਾ ਰਿਹਾ ਹੈ। ਸਿਹਤ ਮਾਹਿਰਾਂ ਅਨੁਸਾਰ ਰਾਤ ਦੇ ਖਾਣੇ ਦੀਆਂ ਪਾਰ-ਟੀਆਂ, ਰਾਤ ਦੀਆਂ ਖੇਡਾਂ ਦੀਆਂ, ਸਲੀਪ ਓਵਰ,ਕਾਰ-ਪੂਲ ਅਤੇ ਹੋਰ ਸਮੂਹਾਂ ਵਿੱਚ ਹੁੰਦੀਆਂ ਗਤੀਵਿਧੀਆਂ ਵਾਇਰਸ ਤੇ ਵਾਧੇ ਲਈ ਅੱਗ ਵਿੱਚ ਤੇਲ ਸਮਾਨ ਕੰਮ ਰਹੀਆਂ ਹਨ। ਬੇਸ਼ੱਕ ਬਹੁਤ ਸਾਰੇ ਕੋਰੋਨਾਂ ਵਾਇਰਸ ਕਲੱਸਟਰ ਨਰਸਿੰਗ ਹੋਮਸ ਅਤੇ ਭੀੜ ਵਾਲੇ ਨਾਈਟ ਕਲੱਬਾਂ ਤੇ ਹੋਰ ਖੇਤਰਾਂ ਨਾਲ ਜੁੜੇ ਹੋਏ ਹਨ ਪਰ ਦੇਸ਼ ਭਰ ਵਿੱਚ ਜਨਤਕ ਸਿਹਤ ਅਧਿਕਾਰੀ ਕਹਿੰਦੇ ਹਨ ਕਿ ਕੇਸਾਂ ਦੀ ਜਾਂਚ ਉਨ੍ਹਾਂ ਨੂੰ ਛੋਟੇ, ਨਿੱਜੀ ਸਮਾਜਿਕ ਇਕੱਠਾਂ ਵੱਲ ਵਧਾ ਰਹੀ ਹੈ।ਵ੍ਹਾਈਟ ਹਾਊਸ ਦੀ ਕੋਰੋਨਾਂ ਵਾਇਰਸ ਟਾਸਕ ਫੋਰਸ ਦੇਸ਼ ਦੇ ਰਾਜਾਂ ਨੂੰ ਖਾਸ ਕਰਕੇ ਜਿਹੜੇ ਕਿ ਵਾਇਰਸ ਦੇ ਹਾਟ ਸਪਾਟ ਹਨ ਨੂੰ ਵੀ ਅਪੀਲ ਕਰਦੀ ਰਹੀ ਹੈ ਕਿ ਉਹ ਬਿਨਾਂ ਮਾਸਕ ਤੋਂ ਪਰਿਵਾਰਾਂ ਅਤੇ ਦੋਸਤਾਂ ਦੇ ਹੋ ਰਹੇ ਇਕੱਠਾਂ ਵੱਲ ਧਿਆਨ ਦੇਣ ਕਿਉਂਕਿ ਅਜਿਹੇ ਸਮੂਹਾਂ ਵਿੱਚ ਲੋਕ ਵਾਇਰਸ ਦਾ ਸੰਚਾਰ ਜਲਦੀ ਕਰਦੇ ਹਨ। ਲਾਗ ਦੇ ਮਾਮਲਿਆਂ ਵਿੱਚ ਵੀਰਵਾਰ ਨੂੰ, ਦੇਸ਼ ਨੇ 152,391 ਨਵੇਂ ਕੇਸਾਂ ਨੂੰ ਦਰਜ਼ ਕਰਨ ਦੇ ਨਾਲ 66,606 ਵਿਅਕਤੀਆਂ ਦੇ ਹਸਪਤਾਲ ਵਿੱਚ ਦਾਖਲ ਹੋਣ ਦੀ ਪੁਸ਼ਟੀ ਕੀਤੀ।ਇਸ ਦੇ ਮੱਦੇਨਜ਼ਰ ਸ਼ਿਕਾਗੋ ਦੇ ਮੇਅਰ ਅਨੁਸਾਰ ਸੋਮਵਾਰ ਤੋਂ, ਨਿਵਾਸੀਆਂ ਨੂੰ ਸਿਰਫ ਕੰਮ, ਸਕੂਲ ਜਾਣ ਲਈ ਅਤੇ ਜ਼ਰੂਰੀ ਜ਼ਰੂਰਤਾਂ ਜਿਵੇਂ ਕਿ ਡਾਕਟਰੀ ਦੇਖਭਾਲ ਜਾਂ ਕਰਿਆਨਾ ਲੈਣ ਲਈ ਹੀ ਘਰ ਤੋਂ ਬਾਹਰ ਜਾਣਾ ਚਾਹੀਦਾ ਹੈ। ਇਸਦੇ ਇਲਾਵਾ ਨਿਊਯਾਰਕ ਦੇ



ਗਵਰਨਰ ਨੇ ਪਿਛਲੇ ਹਫਤੇ ਨਿਜੀ ਘਰਾਂ ਵਿੱਚ ਇਕੱਠ ਕਰਨ 'ਤੇ 10 ਵਿਅਕਤੀਆਂ ਦੀ ਸੀਮਾ ਦੀ ਘੋਸ਼ਣਾ ਕਰਦਿਆਂ , ਛੋਟੇ ਇਕੱਠਾਂ ਨੂੰ ਖਤਰਨਾਕ ਦੱਸਿਆ ਹੈ । ਕਈ ਹੋਰ ਰਾਜਾਂ ਜਿਵੇਂ ਕਿ ਓਹੀਓ, ਯੂਟਾਹ, ਕਨੈਕਟੀਕਟ, ਕੋਲੋਰਾਡੋ ਆਦਿ ਵਿੱਚ ਵੀ ਛੋਟੀਆਂ ਗਤੀਵਿਧੀਆਂ ਤੇ ਰੋਕ ਲਗਾਈ ਗਈ ਹੈ। ਇਹਨਾਂ ਖੇਤਰਾਂ ਵਿੱਚ ਕੁੱਝ ਲੋਕ ਇਕੱਠੇ ਹੋ ਕੇ ਗੇਮ ਖੇਡਣ ਦੇ ਬਾਅਦ ਵਾਇਰਸ ਪੀੜਿਤ ਹੋਏ ਸਨ।ਵਾਇਰਸ ਤੇ ਕਾਬੂ ਪਾਉਣ ਲਈ ਅਧਿਕਾਰੀਆਂ ਦੁਆਰਾ ਲਾਗੂ ਕੀਤੇ ਗਏ ਨਿਯਮਾਂ ਨੂੰ ਤੋੜਨ ਤੇ ਜੁਰਮਾਨਾਂ ਵੀ ਭਰਨਾ ਪੈ ਸਕਦਾ ਹੈ।

# ਅਮਰੀਕਾ: ਨੇਵਾਡਾ ਸਟੇਟ ਵਿੱਚ ਆਇਆ 55 ਤੀਬਰਤਾ ਦਾ ਭੂਚਾਲ

**ਗੁਰਿੰਦਰਜੀਤ ਨੀਟਾ ਮਾਛੀਕੇ /ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ** – ਅਮਰੀਕਾ ਵਿੱਚ ਇੱਕ ਤੋ ਇੱਕ ਕੁਦਰਤੀ ਆਫ਼ਤਾਂ ਦਸਖ਼ਤ ਦੇ ਰਹੀਆ ਹਨ। ਇੱਕ ਪਾਸੇ ਅਮਰੀਕਾ ਵਿੱਚਹਰੀਕੇਨ ਸੀਜਨ ਜ਼ੋਰਾਂ ਤੇ ਹੈ, 'ਤੇ ਦੂਜੇ ਪਾਸੇ ਅਮਰੀਕਾ ਦੇ ਨੇਵਾਡਾ ਰਾਜ ਵਿਚ ਸ਼ੁੱਕਰਵਾਰ ਤੜਕੇ ਭੂਚਾਲ ਦੇ ਝਟਕੇ ਆਏ। ਇਸ ਦੀ ਤੀਬਰਤਾ ਰਿਕਟਰਪੈਮਾਨੇ 'ਤੇ 5.5 ਸੀ। ਝਟਕੇ ਨਾਲ ਲੱਗਦੇ ਕਈ ਸ਼ਹਿਰਾਂ ਵਿਚ ਵੀ ਮਹਿਸੂਸ ਕੀਤੇ ਗਏ। ਕਿਸੇ ਤਰ੍ਹਾਂ ਦੇ ਜਾਨੀ ਤੇ ਮਾਲੀ ਨੁਕਸਾਨ ਦੀ ਕੋਈ ਖਬਰ




ਨਹੀਂ। ਦੇਸ਼ਦੇ ਭੂ-ਗਰਭ ਸਰਵੇਖਣ ਵਿਭਾਗ ਮੁਤਾਬਕ ਭੂਚਾਲ ਸ਼ੁੱਕਰਵਾਰ ਤੜਕੇ 1 ਵੱਜ ਕੇ 13 ਮਿੰਟ 'ਤੇ ਆਇਆ। ਇਸ ਦਾ ਕੇਂਦਰ ਮਿਨਾ ਤੋਂ ਲੱਗਭਗ 34 ਕਿਲੋਮੀਟਰ ਦੂਰ ਦੱਖਣ-ਪੂਰਬ ਵਿਚ ਜ਼ਮੀਨ ਵਿਚ 6 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਪੱਛਮੀ ਨੇਵਾਦਾ ਅਤੇ ਕੈਲੀਫੋਰਨੀਆ ਦੇ ਸਿਏਰਾ ਪਹਾੜੀ ਖੇਤਰ ਦੇ ਨਿਵਾਸੀਆਂਨੇ ਵੀ ਭੂਚਾਲ ਦੇ ਝਟਕੇ ਮਹਿਸੂਸ ਹੋਣ ਦੀ ਗੱਲ ਕਹੀ। ਇਸ 'ਚ ਕਿਸੇ ਨੁਕਸਾਨ ਦੀ ਕੋਈ ਖਬਰ ਨਹੀਂ ਹੈ।



"ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ"

ਜੈ ਗੁਰੂਦੇਵ ਧੰਨ ਗੁਰੂਦੇਵ

ਗੁਰੂ ਰੂਪ ਸਾਧ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਸ਼੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ **ਬਰਮਲੀਨ ਸ਼੍ਰੀਮਾਨ 108 ਸੰਤ ਭਗਵਾਨ ਦਾਸ ਜੀ (ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਮਹਾਰਾਜ ਨਗਰ ਫਲੌਰ) ਜੀ** ਦੀ ਪਹਿਲੀ ਬਰਸੀ ਬਹੁਤ ਹੀ ਸ਼ਰਧਾ ਨਾਲ ਮਿਤੀ 20, 21, 22 ਨਵੰਬਰ 2020 ਦਿਨ ਸ਼ੁਕਰ ਸ਼ਨੀ ਐਤਵਾਰ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਨਾਈ ਜਾ ਰਹੀ ਹੈ ਜੀ। ਜਿਸ ਵਿੱਚ 20 ਨਵੰਬਰ 2020 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ ਮਿਤੀ 22 ਨਵੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ ਜੀ। ਭੋਗ ਪੈਣ ਉਪਰੰਤ ਪੰਥ ਪ੍ਰਸਿੱਧ ਰਾਗੀ ਜੱਥੇ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ । ਗੁਰੂ ਜੀ ਦਾ ਲੰਗਰ ਅਤੁੱਟ ਵਰਤੇਗਾ।

*ਸਾਰੀ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਕਰੋਨਾ ਮਹਾਂਮਾਰੀ ਦੇ ਮੱਦੇਨਜ਼ਰ ਸਾਰੀਆਂ ਹਦਾਇਤਾਂ ਦਾ ਪਾਲਣ ਕਰਨ ਜੀ।*

Shingara Singh Ralh (President)
(530) 713-1823
Gurnam Singh Bhandal (Chairman)
(530) 218-4468

# ਵੱਲੋਂ: ਸਮੂਹ ਪ੍ਰਬੰਧਕ ਕਮੇਟੀ

SHRI GURU RAVIDASS TEMPLE 1480 HAYNE AVENUE,
YUBA CITY, CA 95993, Ph. 530-674-2564


# AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing



Prop: Jasbir Singh Takhar
510-755-2132

510- 733- 2222
1421 Industrial PKWY West#F Hay-ward, CA 94544

Harmandeep Singh

# L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991





New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Loose Fabrics, Groceries, Blankets, Vegetables

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।







Baksho Kaur Bisla Hardev Singh Bisla



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ

530-671-0439, Fax 530-822-0439 Cell- 530-844-3250

ਦੇਸ਼ ਦੁਆਬਾ

# AD DHARM IN PUNJAB ELECTIONS

Prem K. Chumber
Editor-In-Chief: Ambedkar Times & Desh Doaba



Ad Dharm movement of Punjab gained tremendous importance within a short period after its foundation in 1926. That it got recognition for a separate religion for the so called lowest if the low from the British Government speaks about its great strength. In 1931, about 500,000 ScheduledCastes (SCs) got recorded Ad Dharm as their distinct religion. Thereafter, its record victory in the 1937 Punjab Provincial Assembly elections reinforced its popularity among the SCs. Its victory in the 1946 Punjab Provincial Assembly election to the Punjab Legislative Assembly assigned it an independent political identity. Babu Mangu Ram Mugowalia, the founder of the Ad Dharm movement, was elected from Hoshiarpur constituency. It contested both the above-mentioned assembly elections in collaboration with the Unionist Party.

Babu Mangu Ram Mugowalia also contested the Punjab Legislative Assembly Election of 1951, but as an Independent contestant from the Garhshankar Constituency.

He was offered a ticket by the Congress to contest the assembly elections as its nominee but Babu Mangu Ram Ji refused to contest the election on the Congress ticket and the same was given to Mr Kartar Singh of village Langeri of Hoshiarpur District.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਡਿਗਰੀਆਂ ਲਈ ਬੈਠੀ ਬੇਰੁਜ਼ਗਾਰ ਜਵਾਨੀ ਦੀ ਬੇਚੈਨੀ



-ਜਤਿੰਦਰ ਪਨੂੰ

ਇੱਕ ਰਾਏ ਸ਼ੁਮਾਰੀ ਯੂਨਾਈਟਿਡ ਕਿੰਗਡਮ ਨਾਂ ਦੇ ਉਸ ਦੇਸ਼ ਵਿਚ ਹੋਈ ਹੈ, ਜਿਸ ਨੂੰ ਅਸੀਂ ਲੋਕ ਬਹੁਤਾ ਕਰ ਕੇ ਵਲੈਤ ਜਾਂ ਵੱਧ ਤੋਂ ਵੱਧ ਇੰਗਲੈਂਡ ਕਹਿ ਛੱਡਦੇ ਹਾਂ। ਅਸਲ ਵਿਚ ਪੂਰਾ ਦੇਸ਼ ਹੁੰਦੇ ਹੋਏ ਵੀ ਇੰਗਲੈਂਡ ਕੋਈ ਆਜ਼ਾਦ ਦੇਸ਼ ਨਹੀਂ, ਇਹ ਗਰੇਟ ਬ੍ਰਿਟੇਨ ਦੇ ਤਿੰਨ ਰਾਜਾਂ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਵਿਚੋਂ ਇਕ ਹੈ ਅਤੇ ਜਦੋਂ ਇਨ੍ਹਾਂ ਨਾਲ ਉਤਰੀ ਆਇਰਲੈਂਡ ਜੋੜਿਆ ਜਾਂਦਾ ਹੈ ਤਾਂ ਯੂਨਾਈਟਿਡ ਕਿੰਗਡਮ ਬਣਦਾ ਹੈ, ਜਿਸ ਦੇ ਲਈ 'ਯੂ ਕੇ' ਵਾਲਾ ਨਾਂ ਵਰਤਿਆ ਜਾਂਦਾ ਹੈ।

ਹੁਣ ਕਰਵਾਈ ਗਈ ਰਾਏਸ਼ੁਮਾਰੀ ਇਕੱਲੇ ਇੰਗਲੈਂਡ ਜਾਂ ਬ੍ਰਿਟੇਨ ਦੇ ਲੋਕਾਂ ਦੀ ਨਹੀਂ, ਸਮੁੱਚੇ ਯੂਨਾਈਟਿਡ ਕਿੰਗਡਮ (ਯੂ ਕੇ) ਦੇ ਲੋਕਾਂ ਦੀ ਰਾਏ ਜਾਣਨ ਵਾਸਤੇ ਸੀ, ਜਿਸ ਵਿਚ ਯੂਰਪੀ ਯੂਨੀਅਨ ਦੇ ਦੇਸ਼ਾਂ ਦੇ ਨਾਲ ਰਹਿਣ ਜਾਂ ਨਾ ਰਹਿਣ ਬਾਰੇ ਲੋਕਾਂ ਤੋਂ ਸਵਾਲ ਪੁੱਛਿਆ ਗਿਆ ਸੀ। ਨਤੀਜਾ ਯੂਰਪੀ ਯੂਨੀਅਨ ਨਾਲ ਸਾਂਝ ਦੇ ਖਿਲਾਫ ਆਇਆ ਹੈ। ਉਸ ਦੇਸ਼ ਦੇ ਲੋਕਾਂ ਦਾ ਫਤਵਾ ਸਾਡੇ ਲਈ ਵੀ ਕਈ ਸਬਕ ਪੜ੍ਹਾਉਣ ਵਾਲਾ ਹੋ ਸਕਦਾ ਹੈ।

ਭਾਰਤ ਦੇ ਨਿਊਜ਼ ਚੈਨਲਾਂ ਵਿਚ ਹੁੰਦੀਆਂ ਬੇਹੂਦਾ ਬਹਿਸਾਂ ਦੌਰਾਨ ਇਸ ਹਫਤੇ ਫਿਰ ਇੱਕ ਵਾਰ ਬੜੀ ਬੇਹੂਦਾ ਦਲੀਲ ਪੇਸ਼ ਹੋਈ ਹੈ। ਕੇਂਦਰ ਵਿਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦਾ ਇੱਕ ਬੁਲਾਰਾ ਪਿਛਲੇ ਸਾਲ ਬਹਿਸ ਵਿਚ ਜਦੋਂ ਬੁਰੀ ਤਰ੍ਹਾਂ ਘਿਰ ਗਿਆ ਤਾਂ ਇਹੋ ਕਹਿੰਦਾ ਸੀ ਕਿ ਜੋ ਕਹਿਣਾ ਤੇ ਕਰਨਾ ਹੈ, ਕਰ ਲਵੋ, ਸਾਡੇ ਕੋਲ ਲੋਕ ਸਭਾ ਵਿਚ 282 ਮੈਂਬਰਾਂ ਦੀ ਬਹੁ-ਸੰਮਤੀ ਹੈ। ਇਸ ਵਾਰੀ ਇਹੋ ਗੱਲ ਉਸ ਨੇ ਫਿਰ ਕਹੀ ਹੈ। ਕੇਂਦਰ ਦਾ ਰਾਜ ਚਲਾਉਣ ਲਈ ਲੋੜੀਂਦੇ 272 ਲੋਕ ਸਭਾ ਮੈਂਬਰਾਂ ਨਾਲੋਂ ਉਸ ਦੀ ਪਾਰਟੀ ਦੇ ਆਪਣੇ ਕੋਲ ਦਸ ਮੈਂਬਰ ਵੱਧ ਹਨ ਤੇ ਭਾਈਵਾਲਾਂ ਨੂੰ ਮਿਲਾ ਕੇ ਬਿਨਾਂ ਸ਼ੱਕ ਚੋਖੇ ਹੋ ਜਾਣਗੇ, ਪਰ ਯੂ ਕੇ ਦੇ ਲੋਕਾਂ ਦੀ ਰਾਏ ਸ਼ੁਮਾਰੀ ਦਾ ਨਤੀਜਾ ਇਹੋ ਜਿਹੇ ਬੜਬੋਲੇ ਆਗੂਆਂ ਨੂੰ ਸ਼ੀਸ਼ਾ ਵਿਖਾ ਸਕਦਾ ਹੈ। ਉਨ੍ਹਾਂ ਨੂੰ ਸਮਝਣ ਦੀ ਲੋੜ ਹੈ ਕਿ ਮਹੱਤਵ ਸੰਸਦ ਦੇ ਅੰਦਰ ਇੱਕ ਵਾਰ ਆ ਗਈ ਬਹੁ-ਗਿਣਤੀ ਦਾ ਨਹੀਂ, ਇਸ ਦੇ ਬਾਅਦ ਵੀ ਆਮ ਲੋਕਾਂ ਦਾ ਰਹਿੰਦਾ ਹੈ।

ਅਸੀਂ ਯੂ ਕੇ ਦੇ ਲੋਕਾਂ ਦੇ ਫਤਵੇ ਦੇ ਠੀਕ ਜਾਂ ਗਲਤ ਹੋਣ ਉਤੇ ਕੋਈ ਟਿੱਪਣੀ ਨਹੀਂ ਕਰ ਸਕਦੇ, ਇਹ ਉਨ੍ਹਾਂ ਦਾ ਹੱਕ ਹੈ, ਪਰ ਇਸ ਹਕੀਕਤ ਦਾ ਜ਼ਿਕਰ ਭਾਜਪਾ ਦੇ ਉਸ ਆਗੂ ਦੀ ਸੇਵਾ ਵਿਚ ਕਰਨਾ ਜ਼ਰੂਰੀ ਸਮਝਦੇ ਹਾਂ ਕਿ ਲੋਕਾਂ ਦਾ ਮਨ ਸੰਸਦ ਦੀਆਂ ਬਹੁ-ਸੰਮਤੀਆਂ ਨਾਲ ਬੱਝਾ ਨਹੀਂ ਹੁੰਦਾ। ਯੂ ਕੇ ਦੇ ਹਾਊਸ ਆਫ ਕਾਮਨਜ਼ (ਜਿਵੇਂ ਸਾਡੀ ਲੋਕ ਸਭਾ ਹੈ) ਵਿਚ ਕੁੱਲ 650 ਮੈਂਬਰ ਹਨ ਤੇ ਉਨ੍ਹਾਂ ਨੂੰ ਇਸ ਰਾਏਸ਼ੁਮਾਰੀ ਬਾਰੇ ਪਾਰਟੀ ਹੱਦਾਂ ਤੋੜ ਕੇ ਆਪੋ ਆਪਣੀ ਰਾਏ ਦੇਣ ਲਈ ਖੁੱਲ੍ਹ ਦਿੱਤੀ ਗਈ ਸੀ। ਇਸ ਦੇ ਬਾਅਦ 479 ਸੰਸਦ ਮੈਂਬਰਾਂ ਨੇ ਯੂਰਪੀ ਯੂਨੀਅਨ ਦੇ ਨਾਲ ਰਹਿਣ ਦਾ ਪੱਖ ਲਿਆ ਤੇ ਯੂਰਪ ਨਾਲੋਂ ਵੱਖ ਹੋ ਜਾਣ ਦੀ ਹਮਾਇਤ ਲਈ ਸਿਰਫ 170 ਸੰਸਦ ਮੈਂਬਰ ਮੁਹਿੰਮ ਚਲਾਉਂਦੇ ਸਨ। ਇਸ ਦੌਰਾਨ ਇੱਕ ਸੰਸਦ ਮੈਂਬਰ ਦੇ ਕਤਲ ਹੋਣ ਨਾਲ ਇੱਕ ਸੀਟ ਖਾਲੀ ਹੋ ਗਈ। ਜਦੋਂ 650 ਮੈਂਬਰਾਂ ਵਿਚੋਂ 479 ਜਣੇ ਯੂਰਪ ਨਾਲ ਰਹਿਣਾ ਚਾਹੁੰਦੇ ਸਨ ਤੇ ਸਿਰਫ 170 ਐਮ ਪੀ ਵੱਖ ਹੋਣ ਦੇ ਹੱਕ ਵਿਚ ਖੜੇ ਸਨ, ਆਮ ਲੋਕਾਂ ਨੇ ਸੰਸਦ ਮੈਂਬਰਾਂ ਨੂੰ ਗਿਣੇ ਬਿਨਾਂ ਯੂਰਪ ਨਾਲੋਂ ਵੱਖਰੇ ਹੋਣ ਦੇ ਹੱਕ ਵਿਚ ਆਪਣਾ ਬਹੁ-ਸੰਮਤੀ ਵਾਲਾ ਫਤਵਾ ਦੇ ਦਿੱਤਾ ਹੈ। ਭਾਜਪਾ ਦੇ ਲੀਡਰਾਂ ਨੂੰ ਯੂ ਕੇ ਦੇ ਲੋਕਾਂ ਦੇ ਇਸ ਫਤਵੇ ਦੇ ਬਾਅਦ ਆਪਣੀ ਬਹੁ-ਸੰਮਤੀ ਵਾਲਾ ਵਹਿਮ ਛੱਡ ਕੇ ਸੋਚਣਾ ਚਾਹੀਦਾ ਹੈ ਕਿ ਜਿਹੜਾ ਹਾਲ ਇਸ ਦੇਸ਼ ਵਿਚ ਲੋਕਾਂ ਦਾ ਹੋ ਰਿਹਾ ਹੈ, ਉਹ ਅਗਲੀ ਵਾਰ ਕੀ ਨਤੀਜੇ ਦੇਵੇਗਾ!

ਇੱਕ ਵਾਰ ਫਿਰ ਇਸ ਸਪੱਸ਼ਟੀਕਰਨ ਦੇ ਨਾਲ ਕਿ ਭਾਰਤ ਵਿਚ ਬੈਠੇ ਅਸੀਂ ਉਥੋਂ ਦੇ ਵੋਟਰਾਂ ਦੇ ਫਤਵੇ ਬਾਰੇ ਕੋਈ ਰਾਏ ਨਹੀਂ ਦੇਣਾ ਚਾਹੁੰਦੇ, ਬਲਕਿ ਆਪਣੇ ਦੇਸ਼ ਦੇ ਉਨ੍ਹਾਂ ਹਾਲਾਤ ਦੀ ਗੱਲ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਬਾਰੇ ਹਕੂਮਤ ਕਰਦੀ ਕੋਈ ਵੀ ਧਿਰ ਸੋਚਣਾ ਨਹੀਂ ਚਾਹੁੰਦੀ। ਕਿਸੇ ਮੁੱਖ ਮੰਤਰੀ ਤੋਂ ਉਸ ਦੇ ਰਾਜ ਦੇ ਲੋਕਾਂ ਦੀ ਹਾਲਤ ਬਾਰੇ ਪੁੱਛਿਆ ਜਾਵੇ ਤਾਂ ਉਹ ਅੰਕੜੇ ਗਿਣਾਉਣ ਲੱਗ ਜਾਂਦਾ ਹੈ। ਅੰਕੜੇ ਭਰਮਾਊ ਹੁੰਦੇ ਹਨ, ਅਕਾਊ ਵੀ। ਹਕੀਕਤਾਂ ਇਨ੍ਹਾਂ ਅੰਕੜਿਆਂ ਦੀਆਂ ਮੁਥਾਜ ਨਹੀਂ ਹੁੰਦੀਆਂ। ਕਿਹਾ ਜਾਂਦਾ ਹੈ ਕਿ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ ਤੇ ਇਸ ਕਹਾਵਤ ਨੂੰ ਹਕੀਕਤਾਂ ਸਾਡੇ ਸਮਿਆਂ ਵਿਚ ਵੀ ਸੱਚ ਸਾਬਤ ਕਰ ਰਹੀਆਂ ਹਨ।

ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਦਾ ਇੱਕ ਭਾਸ਼ਣ ਸੁਣਿਆ ਕਿ ਪੰਜਾਬ ਇੰਨੀ ਤਰੱਕੀ ਕਰ ਗਿਆ ਹੈ, ਜਿੱਥੇ ਪਹਿਲਾਂ ਇੱਕ-ਦੋ ਯੂਨੀਵਰਸਿਟੀਆਂ ਹੁੰਦੀਆਂ ਸਨ, ਹੁਣ ਇਥੇ ਕਈ ਬਣ ਗਈਆਂ ਹਨ। ਉਸ ਨੇ ਗਲਤ ਨਹੀਂ ਕਿਹਾ, ਪੰਜਾਬ ਵਿਚ ਇਸ ਵੇਲੇ ਇੱਕ ਕੇਂਦਰੀ ਯੂਨੀਵਰਸਿਟੀ ਹੈ, ਨੌਂ ਯੂਨੀਵਰਸਿਟੀਆਂ ਰਾਜ ਸਰਕਾਰ ਦੇ ਕੰਟਰੋਲ ਹੇਠ ਚੱਲਦੀਆਂ ਤੇ ਤੇਰਾਂ ਪ੍ਰਾਈਵੇਟ ਯੂਨੀਵਰਸਿਟੀਆਂ ਨਾਲ ਦੋ ਡੀਮਡ ਯੂਨੀਵਰਸਿਟੀਆਂ ਜੋੜ ਕੇ ਕੁੱਲ ਪੰਝੀ ਹੋ ਜਾਂਦੀਆਂ ਹਨ। ਇਸ ਨਾਲ ਵੀ ਖਾਸ ਫਰਕ ਨਹੀਂ ਪੈਂਦਾ। ਕੇਰਲਾ ਖੁਸ਼ਹਾਲੀ ਦੇ ਪੱਖੋਂ ਪੰਜਾਬ ਤੋਂ ਅੱਗੇ ਹੁੰਦਿਆਂ ਵੀ ਕੁੱਲ ਸੋਲਾਂ ਯੂਨੀਵਰਸਿਟੀਆਂ ਨਾਲ ਕੰਮ ਸਾਰ ਲੈਂਦਾ ਹੈ, ਜਿਨ੍ਹਾਂ ਵਿਚੋਂ ਦੋ ਡੀਮਡ ਯੂਨੀਵਰਸਿਟੀਆਂ ਹਨ ਅਤੇ ਇੱਕ ਕੇਂਦਰ ਦੀ। ਤੇਰਾਂ ਉਸ ਰਾਜ ਦੀਆਂ ਹਨ, ਪ੍ਰਾਈਵੇਟ ਯੂਨੀਵਰਸਿਟੀ ਕੋਈ ਖੋਲ੍ਹੀ ਹੀ ਨਹੀਂ। ਪੰਜਾਬ ਦੇ ਕਰੀਬ ਤਿੰਨ ਕਰੋੜ ਲੋਕਾਂ ਦੇ ਮੁਕਾਬਲੇ ਕੇਰਲਾ ਦੀ ਸਾਢੇ ਤਿੰਨ ਕਰੋੜ ਆਬਾਦੀ ਹੈ, ਪਰ ਯੂਨੀਵਰਸਿਟੀਆਂ ਥੋੜ੍ਹੀਆਂ ਨਾਲ ਕੰਮ ਚੱਲੀ ਜਾਂਦਾ ਹੈ। ਯੂਨੀਵਰਸਿਟੀਆਂ ਤੇ ਕਾਲਜਾਂ ਦੀ ਗਿਣਤੀ ਵਧਾ ਦੇਣਾ ਕਿਸੇ ਰਾਜ ਦੀ ਖੁਸ਼ਹਾਲੀ ਮਿਣਨ ਦਾ ਪੈਮਾਨਾ ਨਹੀਂ ਮੰਨਿਆ ਜਾ ਸਕਦਾ, ਉਸ ਰਾਜ ਦੇ ਲੋਕਾਂ ਨੂੰ ਕੰਮ ਵੀ ਚਾਹੀਦਾ ਹੈ, ਪਰ ਉਹ ਮਿਲਦਾ ਨਹੀਂ।

ਇਕੱਲੇ ਪੰਜਾਬ ਦੇ ਮੁੱਖ ਮੰਤਰੀ ਦੀ ਗੱਲ ਨਹੀਂ, ਸਾਰੇ ਰਾਜਾਂ ਦੇ ਮੁੱਖ ਮੰਤਰੀ ਆਮ ਕਰ ਕੇ ਸਿਰਫ ਵਿਦਿਅਕ ਅਦਾਰਿਆਂ ਦੇ ਅੰਕੜੇ ਗਿਣਾਉਂਦੇ ਹਨ, ਇਨ੍ਹਾਂ ਅਦਾਰਿਆਂ ਤੋਂ ਡਿਗਰੀਆਂ ਲੈਣ ਵਾਲਿਆਂ ਦੇ ਹਾਲ ਦੀ ਚਰਚਾ ਕਰਨ ਤੋਂ ਕੰਨੀ ਕਤਰਾ ਜਾਂਦੇ ਹਨ। ਜਦੋਂ ਉਹ ਇਸ ਬਾਰੇ ਗੱਲ ਨਹੀਂ ਕਰਦੇ ਤਾਂ ਇਸ ਨਾਲ ਹਕੀਕਤਾਂ ਨਹੀਂ ਬਦਲਣ ਲੱਗੀਆਂ, ਹਕੀਕਤਾਂ ਆਪਣੇ ਸੁਭਾਅ ਮੁਤਾਬਕ, ਆਪਣੇ ਆਪ ਸੌ ਪਰਦੇ ਪਾੜ ਕੇ ਵੀ ਬਾਹਰ ਆਉਣ ਲੱਗਦੀਆਂ ਹਨ।

ਸੀਟਾਂ ਤੇ ਵੋਟਾਂ ਪੱਖੋਂ ਵੇਖਣਾ ਹੋਵੇ ਤਾਂ ਮੱਧ ਪ੍ਰਦੇਸ਼ ਦਾ ਭਾਜਪਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਲਗਾਤਾਰ ਤੀਸਰੀ ਵਾਰ ਜਿੱਤਿਆ ਹੈ, ਪਰ ਰਾਜ ਦੀ ਹਾਲਤ ਦਾ ਪਤਾ ਚੌਥਾ ਦਰਜਾ ਸੇਵਾਦਾਰ ਰੱਖਣ ਲਈ ਦਿੱਤੇ ਇਸ਼ਤਿਹਾਰ ਅਤੇ ਆਈਆਂ ਅਰਜ਼ੀਆਂ ਤੋਂ ਲੱਗ ਜਾਂਦਾ ਹੈ। ਇਸ ਨੌਕਰੀ ਦੀ ਸ਼ਰਤ ਸਿਰਫ ਦਸਵੀਂ ਪਾਸ ਹੋਣਾ ਰੱਖੀ ਗਈ ਸੀ। ਲੱਖਾਂ ਦੇ ਹਿਸਾਬ ਆਈਆਂ ਅਰਜ਼ੀਆਂ ਵਿਚ 12,000 ਬੱਚਿਆਂ ਨੇ ਇੰਜੀਨੀਅਰ ਦੀ ਡਿਗਰੀ ਲੈ ਰੱਖੀ ਹੈ ਤੇ ਚਪੜਾਸੀ ਲੱਗਣ ਲਈ ਤਰਲੇ ਮਾਰਦੇ ਹਨ। 34 ਜਣਿਆਂ ਕੋਲ ਪੀ ਐਚ ਡੀ ਦੀ ਡਿਗਰੀ ਹੈ। ਮਹਾਰਾਸ਼ਟਰ ਵਿਚ ਬੜੇ ਚਿਰ ਪਿੱਛੋਂ ਭਾਜਪਾ ਤੇ ਸ਼ਿਵ ਸੈਨਾ ਦੀ ਸਾਂਝੀ ਸਰਕਾਰ ਬਣੀ ਹੈ, ਪਹਿਲਾਂ ਕਾਂਗਰਸ ਅਤੇ ਐਨ ਸੀ ਪੀ ਦੀ ਸਰਕਾਰ ਸੀ। ਪਿਛਲੇ ਦਿਨੀਂ ਉਥੇ ਕੁੱਲੀ ਅਤੇ 'ਸਹਾਇਕ', ਕਹਿਣ ਤੋਂ ਭਾਵ ਸੇਵਾਦਾਰ ਰੱਖਣ ਲਈ ਜਦੋਂ ਇਸ਼ਤਿਹਾਰ ਨਿਕਲਿਆ ਤਾਂ ਢਾਈ ਹਜ਼ਾਰ ਦੇ ਕਰੀਬ ਲੋੜਵੰਦਾਂ ਵਿਚ ਨੌਂ ਜਣੇ ਪੀ ਐਚ ਡੀ ਡਿਗਰੀ ਵਾਲੇ ਵੀ ਕੁਲੀਲੱਗਣਾ ਚਾਹੁੰਦੇ ਸਨ।

ਹੈਰਾਨੀ ਵਾਲੀ ਗੱਲ ਅਗਲੀ ਹੈ ਕਿ ਕੁਲੀ ਦੀ ਇਸ ਨੌਕਰੀ ਵਾਸਤੇ ਵਿਦਿਅਕ ਯੋਗਤਾ ਸਿਰਫ ਚੌਥੀ ਜਮਾਤ ਸੀ। ਉਤਰ ਪ੍ਰਦੇਸ਼ ਨੂੰ ਕਿਸੇ ਸਮੇਂ ਮੁਲਾਇਮ ਸਿੰਘ ਯਾਦਵ ਨੇ 'ਉਤਮ ਪ੍ਰਦੇਸ਼' ਬਣਾ ਦੇਣ ਦਾ ਵਾਅਦਾ ਕੀਤਾ ਸੀ, ਹੁਣ ਲੋਕ 'ਪੌੜੀਆਂ ਉਤਰਦਾ ਪ੍ਰਦੇਸ਼' ਕਹਿ ਕੇ ਮਜ਼ਾਕ ਕਰਦੇ ਹਨ। ਮੁਲਾਇਮ ਦੇ ਪੜ੍ਹੇ-ਲਿਖੇ ਪੁੱਤਰ ਨੇ ਮੁੱਖ ਮੰਤਰੀ ਬਣ ਕੇ ਏਦਾਂ ਦਾ ਰਾਜ ਕੀਤਾ ਕਿ ਉਸ ਦੀ ਹਾਲਤ ਵੇਖ ਕੇ ਬੰਦਾ ਦੰਗ ਰਹਿ ਜਾਂਦਾ ਹੈ। ਪਿਛਲੇ ਸਾਲ ਉਤਰ ਪ੍ਰਦੇਸ਼ ਸਰਕਾਰ ਨੇ ਆਪਣੇ ਸੈਕਟਰੀਏਟ ਲਈ ਚਪੜਾਸੀ ਰੱਖਣ ਦਾ ਇਸ਼ਤਿਹਾਰ ਦਿੱਤਾ ਤਾਂ 368 ਬੰਦੇ ਲੋੜੀਂਦੇ ਸਨ। 23 ਲੱਖ ਨਾਲੋਂ ਵੱਧ ਅਰਜ਼ੀਆਂ ਆਈਆਂ ਤੇ ਉਨ੍ਹਾਂ ਵਿਚ ਪੀ ਐਚ ਡੀ ਅਤੇ ਇੰਜੀਨੀਅਰਿੰਗ ਕਰ ਚੁੱਕੇ ਬੱਚਿਆਂ ਨੇ ਵੀ ਚਪੜਾਸੀ ਲੱਗਣ ਲਈ ਅਰਜ਼ੀਆਂ ਦਿਤੀਆਂ ਹੋਈਆਂ ਸਨ। ਅਸੀਂ ਪੰਜਾਬ ਦੇ ਲੋਕ ਇਸ ਗੱਲੋਂ ਦੁਖੀ ਹਾਂ ਕਿ ਰਾਜ ਸਰਕਾਰ ਦੇ ਵਿਦਿਅਕ ਪ੍ਰਬੰਧ ਹੇਠ ਅੱਠਵੀਂ ਪਾਸ ਕਰ ਜਾਣ ਵਾਲੇ ਬੱਚੇ ਆਪਣਾ ਨਾਂ ਤੱਕ ਨਹੀਂ ਲਿਖ ਸਕਦੇ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬੈਠਣ ਮੌਕੇ ਇਹ ਗੱਲ ਬੜੇ ਜ਼ੋਰ ਨਾਲ ਪ੍ਰਚਾਰੀ ਗਈ ਕਿ ਉਸ ਨੇ ਗੁਜਰਾਤ ਦਾ ਨਕਸ਼ਾ ਸੁਧਾਰ ਦਿੱਤਾ ਹੈ, ਭਾਰਤ ਦਾ ਨਕਸ਼ਾ ਵੀ ਸੁਧਾਰ ਦੇਵੇਗਾ। ਇਸ ਹਫਤੇ ਇੱਕ ਖਬਰ ਗੁਜਰਾਤ ਤੋਂ ਆਈ ਹੈ ਕਿ ਉਥੇ ਹੋਏ ਸਰਵੇਖਣ ਮੌਕੇ ਸਰਕਾਰੀ ਸਕੂਲ ਦੇ ਸੱਤਵੀਂ ਜਮਾਤ ਦੇ ਬੱਚੇ ਤੀਸਰੀ ਜਮਾਤ ਦਾ ਗੁਜਰਾਤੀ ਭਾਸ਼ਾ ਦਾ ਕਾਇਦਾ ਨਹੀਂ ਪੜ੍ਹ ਸਕਦੇ। ਇਹੋ ਹਾਲ ਹੋਰਨੀਂ ਥਾਂਈਂ ਹੈ। ਮਹਿੰਗੀ ਫੀਸ ਵਾਲੇ ਏਅਰ ਕੰਡੀਸ਼ਨਡ ਪਬਲਿਕ ਸਕੂਲ ਛੱਡ ਦੇਈਏ, ਰਾਜ ਕਰਦੇ ਲੀਡਰਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਸਨੋਵਰ ਪਬਲਿਕ ਸਕੂਲ ਵਰਗੇ ਅਦਾਰਿਆਂ ਨੂੰ ਛੱਡ ਦੇਈਏ ਤਾਂ ਬਾਕੀ ਥਾਂਈਂ ਸਿਆਸੀ ਆਗੂਆਂ ਦੀ ਕੋਸ਼ਿਸ਼ ਆਪਣੇ ਰਾਜ ਦੇ ਲੋਕਾਂ ਦਾ ਪੱਧਰ ਉਚਾ ਚੁੱਕਣ ਦਾ ਨਹੀਂ, 'ਜੈਸੇ ਥੇ' ਰੱਖਣ ਦੀ ਹੁੰਦੀ ਹੈ। ਇਹ ਉਨ੍ਹਾਂ ਦੀ ਲੋੜ ਹੈ। ਅੱਜ ਉਨ੍ਹਾਂ ਦਾ ਰਾਜ ਹੈ, ਭਲਕੇ ਉਨ੍ਹਾਂ ਦੇ ਪੁੱਤਰ ਜਦੋਂ ਰਾਜ ਕਰਨਗੇ ਤਾਂ ਉਨ੍ਹਾਂ ਦੇ ਬਸਤੇ ਚੁੱਕਣ ਵਾਲੇ ਚਾਹੀਦੇ ਹਨ। ਇਸ ਲਈ ਜਾਣ-ਬੁੱਝ ਕੇ ਏਦਾਂ ਦੇ ਡਿਗਰੀ ਹੋਲਡਰ ਪੈਦਾ ਕੀਤੇ ਜਾਂਦੇ ਹਨ, ਜਿਨ੍ਹਾਂ ਕੋਲ ਡਿਗਰੀ ਹੋਵੇ, ਡਿਗਰੀ ਮੁਤਾਬਕ ਅਕਲ ਤੇ ਕੰਮ ਦੋਵੇਂ ਹੀ ਨਾ ਹੋਣ। ਸਿਰਫ ਨਾਂ ਨਾਲ ਡਿਗਰੀ ਲਿਖ ਕੇ ਭਵਿੱਖ ਦੇ ਹਾਕਮਾਂ ਲਈ ਪੈਸੇ ਉਗਰਾਹ ਸਕਣ ਵਾਲੇ ਪੀ ਏ ਲੱਗਣ ਦਾ ਤਰਲਾ ਕਰਨ ਜੋਗੇ ਹੋ ਜਾਣ। ਇਸ ਤੋਂ ਵੱਧ ਦੀ ਉਨ੍ਹਾਂ ਨੂੰ ਲੋੜ ਹੀ ਨਹੀਂ।

ਵਿੱਦਿਆ ਵੇਚਣ ਦੀਆਂ ਦੁਕਾਨਾਂ ਨੂੰ ਯੂਨੀਵਰਸਿਟੀਆਂ ਕਹਿ ਕੇ ਧੜਾਧੜ ਖੋਲ੍ਹਦੇ ਜਾਣ ਦਾ ਰਿਵਾਜ ਭਾਰਤ ਨੂੰ ਡਿਗਰੀਆਂ ਵਾਲੀ ਬੇਰੁਜ਼ਗਾਰ ਜਵਾਨੀ ਦੀ ਜਿਹੜੀ ਫੌਜ ਬਣਾ ਕੇ ਦੇਈ ਜਾਂਦਾ ਹੈ, ਉਸ ਫੌਜ ਦੇ ਮੋਢਿਆਂ ਉਤੇ ਸਿਰ ਵੀ ਲੱਗੇ ਹਨ। ਵਕਤ ਹਮੇਸ਼ਾ ਇੱਕੋ ਗੇਅਰ ਵਿਚ ਨਹੀਂ ਸਰਕਦਾ, ਕਦੇ-ਕਦੇ ਆਪਣੀ ਚਾਲ ਵੀ ਬਦਲਦਾ ਹੈ ਤੇ ਜਦੋਂ ਚਾਲ ਬਦਲਦਾ ਹੈ ਤਾਂ ਜਿਨ੍ਹਾਂ ਲੋਕਾਂ ਨੇ ਹੁਣ ਤੱਕ ਸੋਚਿਆ ਨਹੀਂ ਕਿ ਸਿਰ ਕਾਹਦੇ ਲਈ ਹੈ, ਉਨ੍ਹਾਂ ਦਾ ਸਿਰ ਆਪਣੇ ਆਪ ਸੋਚਣ ਲੱਗ ਜਾਂਦਾ ਹੈ।

ਬੜਾ ਖੁਰਾਫਾਤੀ ਹੁੰਦਾ ਹੈ ਸੋਚਣ ਵਾਲਾ ਸਿਰ। ਜਦੋਂ ਇਹ ਸੋਚਣ ਲੱਗ ਜਾਂਦਾ ਹੈ ਤਾਂ ਫਿਰ ਹੇਠਲੀ ਉਤੇ ਲਿਆਉਣ ਤੱਕ ਚਲਾ ਜਾਇਆ ਕਰਦਾ ਹੈ। ਇਹ ਕੰਮ ਭਾਰਤ ਦੀ ਜਵਾਨੀ ਵੀ ਕਿਸੇ ਦਿਨ ਕਰਨ ਬਾਰੇ ਸੋਚ ਸਕਦੀ ਹੈ ਤੇ ਜਿਸ ਦਿਨ ਇਹ ਇਸ ਪਾਸੇ ਵੱਲ ਸੋਚਣ ਲੱਗ ਪਈ, ਸੰਸਦ ਵਿਚ ਕਿਹੜੀ ਪਾਰਟੀ ਦੇ ਕੋਲ ਕਿੰਨੇ ਮੈਂਬਰ ਹਨ, ਏਦਾਂ ਦੀ ਗਿਣਤੀ ਕਰਨ ਦਾ ਵਕਤ ਉਦੋਂ ਕਿਸੇ ਕੋਲ ਹੋਣਾ ਹੀ ਨਹੀਂ।

(ਫਾਇਲ ਲੇਖ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਖਿਰਕਾਰ ਚੀਨ ਨੇ ਤੋੜੀ ਚੁੱਪ ,ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੂੰ ਦਿੱਤੀ ਵਧਾਈ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਵ੍ਹਾਈਟ ਹਾਊਸ ਦੀ ਜਿੱਤ 'ਤੇ ਕਾਫੀ ਸਮੇਂ ਦੀ ਦੇਰੀ ਤੋਂ ਬਾਅਦ ਆਖਿਰਕਾਰ ਚੀਨ ਨੇ ਸ਼ੁੱਕਰਵਾਰ ਨੂੰ ਆਪਣੀ ਚੁੱਪੀ ਤੋੜਦਿਆਂ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੂੰ ਵਧਾਈ ਸੰਦੇਸ਼ ਦਿੱਤਾ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੈਂਗ ਵੈਨਬਿਨ ਨੇ ਅਮਰੀਕੀ ਲੋਕਾਂ ਦੀ ਚੋਣ ਦਾ ਸਨਮਾਨ ਕਰਦੇ ਬਾਈਡੇਨ ਅਤੇ ਕਮਲਾ ਹੈਰਿਸ ਨੂੰ ਮੁਬਾਰਕਬਾਦ ਦਿੱਤੀ ਹੈ। ਚੀਨ ਦੁਆਰਾ ਹੋਈ ਇਸ ਦੇਰੀ ਬਾਰੇ ਕੋਈ ਸਪੱਸ਼ਟੀਕਰਨ ਨਾਂ ਦਿੰਦਿਆਂ ਵੈਂਗ ਨੇ ਕਿਹਾ ਕਿ ਸੰਯੁਕਤ ਰਾਜ ਵਿੱਚ ਚੋਣਾਂ ਦੇ ਨਤੀਜੇ ਦਾ ਨਿਰਣਾ ਸੰਯੁਕਤ ਰਾਜ ਦੇ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਅਨੁਸਾਰ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ 9 ਨਵੰਬਰ, 2016 ਨੂੰ ਟਰੰਪ



ਨੂੰ ਜੇਤੂ ਐਲਾਨੇ ਜਾਣ ਦੇ ਇੱਕ ਦਿਨ ਬਾਅਦ ਵਧਾਈ ਦਿੱਤੀ ਸੀ ਪਰ ਬਾਅਦ ਵਿੱਚ ਦੋਵੇ ਦੇਸ਼ਾਂ ਦੇ ਸੰਬੰਧਾਂ ਵਿੱਚ ਖਟਾਸ ਪੈਦਾ ਹੋ ਗਈ ਸੀ। ਇਸ ਨਾਲ ਹੁਣ ਬਾਈਡੇਨ ਨੂੰ ਟਰੰਪ ਤੋਂ ਬਾਅਦ ਸੰਯੁਕਤ ਰਾਜ ਅਤੇ ਚੀਨ ਵਿਚਕਾਰ ਸੰਬੰਧਾਂ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਈਡੇਨ ਨੇ ਇਸ ਹਫਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੈ-ਇਨ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ ਯੋਸ਼ੀਹਿਦ ਸੁਗਾ ਸਮੇਤ ਕਈ ਵਿਦੇਸ਼ੀ ਨੇਤਾਵਾਂ ਨਾਲ ਕਾਲਾਂ ਦੀ ਸ਼ੁਰੂਆਤ ਵੀ ਕੀਤੀ ਹੈ। ਇਸਦੇ ਨਾਲ ਹੀ ਚੀਨ ਤੋਂ ਇਲਾਵਾ, ਰੂਸ, ਇਜ਼ਰਾਈਲ, ਸਾਉਦੀ ਅਰਬ ਅਤੇ ਬ੍ਰਾਜ਼ੀਲ ਆਦਿ ਦੇਸ਼ਾਂ ਦੇ ਵਧਾਈ ਸੰਦੇਸ਼ਾਂ ਵਿੱਚ ਵੀ ਦੇਰੀ ਹੋਈ ਹੈ, ਜਿਨ੍ਹਾਂ ਦੇ ਨੇਤਾਵਾਂ ਦੀ ਟਰੰਪ ਨਾਲ ਸਬੰਧਾਂ ਵਿੱਚ ਖਟਾਸ ਸੀ।ਚੋਣਾਂ ਤੋਂ ਪਹਿਲਾਂ, ਚੀਨ ਨੇ ਕਿਹਾ ਸੀ ਕਿ ਉਹ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਸ਼ਾਮਲ ਹੋਣਾ ਨਹੀਂ ਚਾਹੁੰਦਾ ਹੈ। ਚੀਨ ਅਤੇ ਸਯੁੰਕਤ ਰਾਜ ਦੇ ਆਪਸ ਵਿੱਚ ਸੰਬੰਧ ਕੁੱਝ ਆਰਥਿਕ ਵਿਵਸਥਾਵਾਂ ਅਤੇ ਲੰਬੇ ਵਪਾਰਕ ਤਣਾਅ ਕਾਰਨ ਤੇਜ਼ੀ ਨਾਲ ਤਣਾਅਪੂਰਨ ਬਣ ਗਏ ਹਨ ਜਦਕਿ ਹੁਣ ਕੋਰੋਨਾਂ ਵਾਇਰਸ ਮਹਾਂਮਾਰੀ ਦੇ ਮੁੱਦੇ, ਤਾਈਵਾਨ ਨੂੰ ਹਥਿਆਰਾਂ ਦੀ ਵਿਕਰੀ, ਦੱਖਣੀ ਚੀਨ ਸਾਗਰ ਵਿੱਚ ਖੇਤਰੀ ਦਾਅਵੇ ਅਤੇ ਬੀ-ਜਿੰਗ ਦੀ ਵਧ ਰਹੀ ਅੰਤਰਰਾਸ਼ਟਰੀ ਦਾਅਵੇਦਾਰੀ, ਸੰਭਵ ਤੌਰ 'ਤੇ ਬਾਈਡੇਨ ਦੇ ਮੁੱਖ ਏਜੰਡੇ ਹੋਣਗੇ।

## ਫਰਿਜ਼ਨੋ ਵਿੱਚ ਟਰੰਪ ਅਤੇ ਬਾਈਡੇਨ ਵਿਚਕਾਰ ਰਿਹਾ ਵੋਟਾਂ ਦਾ ਵੱਡਾ ਫਰਕ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਕੈਲੀਫੋਰਨੀਆਂ ਵਿੱਚ ਹੁਣ ਤੱਕ ਫਰਿਜ਼ਨੋ ਕਾਊਂਟੀ ਵਿੱਚ ਰਿਕਾਰਡ ਵੋਟਾਂ ਦੀ ਗਿਣਤੀ ਕੀਤੀ ਜਾ ਰਹੀ ਹੈ ਅਤੇ ਅਜੇ ਤਕਰੀਬਨ 5000 ਬੈਲਟਾਂ 'ਤੇ ਕਾਰਵਾਈ ਕੀਤੀ ਜਾਣੀ ਹੈ ।ਇਸ ਦੌਰਾਨ ਡੈਮੋਕ੍ਰੇਟ ਉਮੀਦਵਾਰ ਸਾਬਕਾ ਉਪ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਕਮਲਾ ਹੈਰਿਸ ਦੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਪ-ਰਾਸ਼ਟਰਪਤੀ ਮਾਈਕ ਪੈਂਸ ਉੱਤੇ ਕਾਊਂਟੀ



ਵਾਈਡ ਵੋਟਾਂ ਦੀ ਕੁੱਲ ਗਿਣਤੀ ਵਿੱਚ 27,000 ਤੋਂ ਵੱਧ ਵੋਟਾਂ ਦੀ ਬੇਮਿਸਾਲ ਬੜ੍ਹਤ ਹੈ। ਇਹ ਦੋ ਵੱਡੇ ਨਾਮਜ਼ਦ ਵਿਅਕਤੀਆਂ ਲਈ ਪਈਆਂ ਵੋਟਾਂ ਦਾ ਲਗਭਗ 7.7 ਪ੍ਰਤੀਸ਼ਤ ਦਾ ਫਰਕ ਹੈ। ਕਾਊਂਟੀ ਦੇ ਚੋਣ ਦਫਤਰ ਨੇ ਇਲੈਕਸ਼ਨ ਨਾਈਟ ਤੇ ਤਿੰਨ ਅਪਡੇਟਾਂ ਪ੍ਰਦਾਨ ਕੀਤੀਆਂ, ਅਤੇ ਨਾਲ ਹੀ 6 ਨਵੰਬਰ ਅਤੇ 10 ਨਵੰਬਰ ਨੂੰ ਮੇਲ-ਇਨ ਅਤੇ ਆਰਜ਼ੀ ਬੈਲਟ ਦੀ ਪ੍ਰਕਿਰਿਆ ਅਤੇ ਗਿਣਤੀ ਕੀਤੀ ਗਈ ਹੈ। ਫਰਿਜ਼ਨੋ ਕਾਊਂਟੀ ਦੇ ਕਲਰਕ ਬ੍ਰਾਂਡੀ ਔਰਥ ਅਨੁਸਾਰ ਉਮੀਦ ਹੈ ਕਿ ਅਗਲਾ ਵੋਟ ਅਪਡੇਟ ਸ਼ੁੱਕਰਵਾਰ ਦੁਪਹਿਰ ਤੱਕ ਆ ਜਾਵੇਗਾ। ਬਾਈਡੇਨ ਨੂੰ ਵਿਆਪਕ ਤੌਰ 'ਤੇ ਨਵੇਂ ਚੁਣੇ ਹੋਏ ਰਾਸ਼ਟਰਪਤੀ ਦੇ ਤੌਰ' ਤੇ ਦੇਖਿਆ ਜਾਂਦਾ ਹੈ ਹਾਲਾਂਕਿ, ਟਰੰਪ ਨੇ ਚੋਣ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਈ ਰਾਜਾਂ ਵਿੱਚ ਕਾਨੂੰਨੀ ਚੁਣੌਤੀਆਂ ਵੀ ਦਿੱਤੀਆਂ ਹਨ ਕਿਉਕਿ ਉਸ ਅਨੁਸਾਰ ਵੋਟਾਂ ਗ਼ੈਰ-ਕਾਨੂੰਨੀ ਢੰਗ ਨਾਲ ਪਾਈਆਂ ਗਈਆਂ ਹਨ ਅਤੇ ਉਸ ਨੇ ਇਹਨਾਂ ਨੂੰ ਅਯੋਗ ਕਰਨ ਦੀ ਮੰਗ ਵੀ ਕੀਤੀ ਹੈ।

## ਲਾਸ ਏਂਜਲਸ ਵਿੱਚ ਘਰਾਂ ਨਜ਼ਦੀਕ ਇੱਕ ਛੋਟਾ ਜਹਾਜ਼ ਹੋਇਆ ਕ੍ਰੈਸ਼ ,1 ਦੀ ਹੋਈ ਮੌਤ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਲਾਸ ਏਂਜਲਸ ਦੇ ਪਕੋਇਮਾ ਵਿੱਚ ਵੀਰਵਾਰ ਸਵੇਰੇ ਹਵਾਈ ਅੱਡੇ ਦੇ ਬਾਹਰ ਇੱਕ ਜਹਾਜ਼ ਰਿਹਾਇਸ਼ੀ ਗਲੀ ਵਿੱਚ ਹਾਦਸਾਗ੍ਰਸਤ ਹੋ ਗਿਆ। ਲਾਸ ਏਂਜਲਸ ਫਾਇਰ ਡਿਪਾਰਟਮੈਂਟ ਦੇ ਪਬਲਿਕ ਇਨਫਰਮੇਸ਼ਨ ਅਫਸਰ ਏਰਿਕ ਸਕੋਟ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਪਾਇਲਟ ਦੀ ਮੌਤ ਹੋ ਗਈ ਹੈ। ਇਸ ਘਟਨਾ ਦੇ ਮਾਮਲੇ ਵਿੱਚ ਫੈਡਰਲ ਹਵਾਬਾਜ਼ੀ ਪ੍ਰਸ਼ਾਸਨ ਦੇ ਅਨੁਸਾਰ, ਇੱਕ ਅਣਪਛਾਤਾ, ਸਿੰਗਲ-ਇੰਜਣ ਸੇਸਨਾ 172 ਜਹਾਜ਼ ਲਾਸ



ਏਂਜਲਸ ਕਾਉਂਟੀ ਵਿੱਚ ਇੱਕ ਆਮ ਹਵਾਈ ਅੱਡੇ 'ਵ੍ਹਾਈਟਮੈਨ ਏਅਰਪੋਰਟ' ਆਉਣ ਲਈ ਰਨਵੇ ਦੇ ਨੇੜੇ ਪਹੁੰਚਣ ਤੇ ਕ੍ਰੈਸ਼ ਹੋ ਗਿਆ। ਉਸ ਸਮੇਂ ਇਸ ਛੋਟੇ ਜਹਾਜ਼ ਵਿਚ ਸਵਾਰ ਇਕੋ ਇਕ ਵਿਅਕਤੀ ਪਾਇਲਟ ਸੀ। ਵਿਭਾਗ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਪਾਰਕ ਕੀਤੀਆਂ ਹੋਈਆਂ ਕਾਰਾਂ ਨੂੰ ਅੱਗ ਲੱਗਣ ਦੇ ਨਾਲ ਬਿਜਲੀ ਦੀਆਂ ਤਾਰਾਂ ਵੀ ਟੁੱਟ ਗਈਆਂ ਸਨ।ਫਾਇਰ ਫਾਈਟਰਜ਼ ਨੇ ਅੱਗ ਬੁਝਾ ਕੇ ਅੱਗੇ ਹੋਰ ਘਰਾਂ ਤੱਕ ਫੈਲਣ ਤੋਂ ਰੋਕਿਆ ਜਦਕਿ ਘਟਨਾ ਦੌਰਾਨ ਬਿਜਲੀ ਬੰਦ ਕਰ ਦਿੱਤੀ ਸੀ।

## ਸਾਨ ਫਰਾਂਸਿਸਕੋ ਲਗਾ ਸਕਦਾ ਹੈ ਮਲਟੀ-ਯੂਨਿਟ ਅਪਾਰਟਮੈਂਟਾਂ ਵਿਚ ਸਮੋਕਿੰਗ 'ਤੇ ਪਾਬੰਦੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਸਾਨ ਫਰਾਂਸਿਸਕੋ ਵਿੱਚ ਅਪਾਰਟਮੈਂਟਾਂ ਅਤੇ ਮਲਟੀ-ਯੂਨਿਟ ਹਾਊਸਿੰਗ ਇਮਾਰਤਾਂ ਵਿੱਚ ਤੰਬਾਕੂਨੋਸ਼ੀ ਬੰਦ ਕੀਤੀ ਜਾ ਸਕਦੀ ਹੈ। ਇਸ ਸੰਬੰਧੀ ਸਿਟੀ ਬੋਰਡ ਆਫ ਸੁਪਰਵਾਈਜ਼ਰਜ ਇੱਕ ਆਰਡੀਨੈਂਸ ਦਾ ਇੰਤਜ਼ਾਰ ਕਰ ਰਿਹਾ ਹੈ ਜੋ ਤਿੰਨ ਜਾਂ ਵਧੇਰੇ ਇਕਾਈਆਂ ਵਾਲੇ ਮਲਟੀ-ਯੂਨਿਟ ਹਾਊਸਿੰਗ ਕੰਪਲੈਕਸਾਂ ਵਿੱਚ ਤੰਬਾਕੂਨੋਸ਼ੀ 'ਤੇ ਪਾਬੰਦੀ ਲਗਾਏਗਾ। ਸੁਪਰਵਾਈਜ਼ਰ ਨੌਰਮਨ ਯੀ ਦੇ ਸਹਾਇਕ ਕੈਟਲਿਨ ਵੇਜਬੀ ਨੇ ਵੀਰਵਾਰ ਨੂੰ ਦੱਸਿਆ ਕਿ ਇਸ ਵੇਲੇ ਸ਼ਹਿਰ ਵਿੱਚ ਹਾਊਸਿੰਗ ਕੰਪਲੈਕਸਾਂ ਸਿਰਫ ਕੁੱਝ ਥਾਵਾਂ ਜਿਵੇਂ ਕਿ ਐਂਟਰੀ, ਐਲੀਵੇਟਰਾਂ, ਪੌੜੀਆਂ ਅਤੇ ਮੇਲ ਰੂਮਜ਼ ਆਦਿ ਤੇ ਹੀ



ਤੰਬਾਕੂਨੋਸ਼ੀ ਦੀ ਮਨਾਹੀ ਹੈ। ਵੇਜਬੀ ਅਨੁਸਾਰ ਨਵਾਂ ਆਰਡੀਨੈਂਸ ਇਹਨਾਂ ਨਿਯਮਾਂ ਨੂੰ ਕਿਰਾਏ ਵਾਲੀਆਂ ਯੂਨਿਟਾਂ ਤੱਕ ਵੀ ਵਧਾਏਗਾ। ਇਸ ਅਧਿਕਾਰੀ ਅਨੁਸਾਰ ਸਾਨ ਫਰਾਂਸਿਸਕੋ ਦੀ ਲਗਭੱਗ ਅੱਧੀ ਆਬਾਦੀ ਮਲਟੀ-ਯੂਨਿਟ ਹਾਊਸਿੰਗ ਵਿਚ ਰਹਿੰਦੀ ਹੈ, ਇਸ ਲਈ ਬਹੁਤ ਸਾਰੇ ਲੋਕ ਇਸ ਪਰਿਵਰਤਨ ਨਾਲ ਪ੍ਰਭਾਵਿਤ ਹੋਣਗੇ।ਇਹ ਆਰਡੀਨੈਂਸ 3 ਨਵੰਬਰ ਨੂੰ ਪੇਸ਼ ਕੀਤਾ ਗਿਆ ਸੀ, ਅਤੇ ਉਮੀਦ ਕੀਤੀ ਜਾਂਦੀ ਹੈ ਕਿ 1 ਦਸੰਬਰ ਨੂੰ ਪੂਰੇ ਸੁਪਰਵਾਈਜ਼ਰਾਂ ਦੇ ਬੋਰਡ ਅੱਗੇ ਵੋਟ ਪਾਉਣ ਲਈ ਪੇਸ਼ ਕੀਤਾ ਜਾਵੇਗਾ। ਜੇ ਬੋਰਡ ਇਸ ਤਬਦੀਲੀ ਲਈ ਵੋਟ ਪਾਉਂਦਾ ਹੈ, ਤਾਂ ਸਾਨ ਫਰਾਂਸਿਸਕੋ ਕੈਲੀਫੋਰਨੀਆਂ ਦੇ 63 ਸ਼ਹਿਰਾਂ ਅਤੇ ਕਾਉਂਟੀਆਂ ਵਿਚੋਂ ਇੱਕ ਹੋਵੇਗਾ ਜਿਸ ਵਿਚ ਸਮੋਕ ਮੁਕਤ ਮਲਟੀ-ਯੂਨਿਟ ਰਿਹਾਇਸ਼ੀ ਮਕਾਨ ਹੋਣਗੇ ਅਤੇ ਇਹ ਨੀਤੀ ਅਪਣਾਉਣ ਲਈ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੋਵੇਗਾ।

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਬਾਈਡੇਨ ਨੇ ਰੋਨ ਕਲੇਨ ਦੀ ਚੀਫ਼ ਆਫ਼ ਸਟਾਫ ਵਜੋਂ ਕੀਤੀ ਚੋਣ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ** – ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੇ ਕਾਫੀ ਸਮੇਂ ਤੋਂ ਸਹਾਇਕ ਰਹੇ ਰੋਨ ਕਲੇਨ ਨੂੰ ਵ੍ਹਾਈਟ ਹਾਊਸ ਦੇ ਸਟਾਫ ਮੁਖੀ ਦੇ ਤੌਰ ਤੇ ਚੁਣਿਆ ਹੈ, ਕਲੇਨ ਨੇ ਓਬਾਮਾ ਪ੍ਰਸ਼ਾਸਨ ਦੇ ਸਮੇਂ ਆਰਥਿਕ ਅਤੇ ਜਨਤਕ ਸਿਹਤ ਸੰਕਟ ਦੌਰਾਨ ਮੁੱਖ ਭੂਮਿਕਾ ਨਿਭਾਈ ਸੀ।ਬਾਈਡੇਨ ਨੇ ਕਿਹਾ ਹੈ ਕਿ ਕੋਰੋਨਾਂ ਵਾਇਰਸ ਦੇ ਪ੍ਰਕੋਪ ਨੂੰ ਨਿਯੰਤਰਣ ਵਿਚ ਲਿਆਉਣਾ ਉਸਦੀ ਪਹਿਲੀ ਤਰਜੀਹ ਹੋਵੇਗੀ। ਵ੍ਹਾਈਟ ਹਾਊਸ ਦੇ ਚੀਫ਼ ਆਫ਼ ਸਟਾਫ ਦਾ ਅਹੁਦਾ ਬਹੁਤ ਸ਼ਕਤੀਸ਼ਾਲੀ ਹੈ, ਇਹ ਵਿਅਕਤੀ ਇੱਕ ਤਰ੍ਹਾਂ ਨਾਲ ਰਾਸ਼ਟਰਪਤੀ ਦਾ ਦਰਬਾਨ ਹੁੰਦਾ ਹੈ ਕਿਉਂਕਿ ਇਹ ਫੈਸਲਾ ਕਰਦਾ ਹੈ ਕਿ ਰਾਸ਼ਟਰਪਤੀ ਨਾਲ




ਕੌਣ ਗੱਲ ਕਰੇਗਾ ਅਤੇ ਕੌਣ ਨਹੀਂ। ਇੰਨਾ ਹੀ ਨਹੀਂ ਵੱਡੇ ਫੈਸਲਿਆਂ ਤੋਂ ਪਹਿਲਾਂ ਚੀਫ ਆਫ ਸਟਾਫ ਹੀ ਆਖ਼ਰੀ ਸਲਾਹਕਾਰ ਹੁੰਦਾ ਹੈ। ਬਾਈਡੇਨ ਅਨੁਸਾਰ ਰਾਜਨੀਤਿਕ ਖੇਤਰ ਵਿੱਚ ਸਾਰੇ ਲੋਕਾਂ ਨਾਲ ਕੰਮ ਕਰਨ ਦਾ ਉਸ ਦਾ ਡੂੰਘਾ ਅਤੇ ਵੱਖਰਾ ਤਜ਼ਰਬਾ ਹੈ। ਵ੍ਹਾਈਟ ਹਾਊਸ ਨੂੰ ਜਿਸ ਤਰ੍ਹਾਂ ਦੇ ਚੀਫ਼ ਆਫ ਸਟਾਫ਼ ਦੀ ਲੋੜ ਹੈ, ਕਲੇਨ ਉਸਦੇ ਸਮਰੱਥ ਹੈ। ਕਲੇਨ ਦੋ ਵਾਰ ਉਪ-ਰਾਸ਼ਟਰਪਤੀਆਂ ਦੇ ਸਟਾਫ਼ ਦੇ ਚੀਫ਼ ਵਜੋਂ ਕੰਮ ਕਰ ਚੁੱਕਾ ਹੈ। ਉਸਨੇ ਇੱਕ ਵਾਰ ਓਬਾਮਾ ਦੀ ਪ੍ਰਧਾਨਗੀ ਦੀ ਸ਼ੁਰੂਆਤ ਵਿੱਚ ਬਾਈਡਨ ਨਾਲ ਅਤੇ ਬਿਲ ਕਲਿੰਟਨ ਦੀ ਸੱਤਾ ਸਮੇਂ ਅਲ ਗੋਰੇ ਨਾਲ ਵੀ ਇਸ ਪਦ ਤੇ ਸੇਵਾ ਨਿਭਾ ਚੁੱਕਾ ਹੈ।ਬਾਈਡੇਨ ਨਾਲ ਕਲੇਨ ਦਾ ਸੰਬੰਧ ਤਿੰਨ ਦਹਾਕਿਆਂ ਤੋਂ ਵੀ ਪਹਿਲਾਂ ਦਾ ਹੈ। ਜਦੋਂ ਬਾਈਡੇਨ ਸੈਨੇਟ ਕਮੇਟੀ ਦੀ ਪ੍ਰਧਾਨ ਸੀ ਤਾਂ ਕਲੇਨ ਸੈਨੇਟ ਦੀ ਨਿਆਂਇਕ ਕਮੇਟੀ ਦਾ ਮੁੱਖ ਵਕੀਲ ਸੀ ।

ਇਸਦੇ ਇਲਾਵਾ ਇਹ ਵਿਅਕਤੀ ਬਾਈਡੇਨ ਦੀਆਂ ਮੁਹਿੰਮਾਂ ਦੌਰਾਨ ਬਹਿਸਾਂ ਲਈ ਤਿਆਰ ਕਰਨ ਲਈ ਅਹਿਮ ਸਲਾਹਕਾਰ ਵੀ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਬਾਈਡੇਨ ਦੀ ਟੀਮ ਖਰਬਾਂ ਡਾਲਰਾਂ ਨਾਲ ਨਵੇਂ ਆਰਥਿਕ ਉਪਾਵਾਂ ਦੀ ਤਿਆਰੀ ਕਰ ਰਹੀ ਹੈ ਜਿਸ ਵਿਚ ਕਲੇਨ ਆਪਣੇ ਤਜ਼ਰਬੇ ਨਾਲ ਸਹਾਇਕ ਸਿੱਧ ਹੋ ਸਕਦਾ ਹੈ। ਜੋਅ ਬਾਈਡੇਨ ਨੂੰ ਲਏ ਗਏ ਨਿਰਣੇ ਤੇ ਯਕੀਨ ਹੈ ਕਿ ਇਹ ਦੇਸ਼ ਭਲਾਈ ਦੇ ਹਿੱਤ ਵਿੱਚ ਹੋਵੇਗਾ।

## ਫਰਿਜ਼ਨੋ ਦੇ ਰੋਜ਼ਾਨਾ ਕੋਰੋਨਾਂ ਮਾਮਲਿਆਂ ਵਿੱਚ ਹੋਇਆ ਲਗਭੱਗ 300 ਨਵੇਂ ਕੇਸਾਂ ਦਾ ਵਾਧਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ** – ਕੈਲੀਫੋਰਨੀਆਂ ਦੇ ਸਿਹਤ ਵਿਭਾਗ ਨੇ ਬੁੱਧਵਾਰ ਨੂੰ ਫਰਿਜ਼ਨੋ ਕਾਊਂਟੀ ਵਿੱਚ 269 ਨਵੇਂ ਕੋਵਿਡ -19 ਕੇਸ ਸ਼ਾਮਿਲ ਹੋਏ ਹਨ ਜਿਸ ਨਾਲ ਮਾਰਚ ਵਿੱਚ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਇਸਦੀ ਗਿਣਤੀ 33,000 ਲਾਗ ਦੇ ਮਾਮਲਿਆਂ ਨੂੰ ਪਾਰ ਕਰ ਗਈ ਹੈ। ਰਾਜ ਦੇ ਅੰਕੜਿਆਂ ਅਨੁਸਾਰ ਮਹਾਂਮਾਰੀ ਦੌਰਾਨ ਕੁੱਲ 33,024 ਵਿਅਕਤੀ ਸੰਕਰਮਿਤ ਹੋਏ ਹਨ ਅਤੇ ਬੁੱਧਵਾਰ ਦਾ ਕੁੱਲ ਅੰਕੜਾ ਪਿਛਲੇ ਦਿਨ ਨਾਲੋਂ 0.8% ਦਾ ਵਾਧਾ ਦਰਸਾਉਂਦਾ ਹੈ। ਬੁੱਧਵਾਰ ਦੇ ਕੇਸਾਂ ਦੀ ਗਿਣਤੀ 2 ਸਤੰਬਰ(357 ਕੇਸ) ਤੋਂ ਬਾਅਦ ਫਰਿਜ਼ਨੋ ਵਿੱਚ ਸਭ ਤੋਂ ਵੱਧ ਸਿੰਗਲ-ਡੇਅ ਕੇਸਾਂ ਨੂੰ ਪ੍ਰਗਟ ਕਰਦੀ ਹੈ। ਇਸਦੇ ਨਾਲ ਹੀ ਫਰਿਜ਼ਨੋ ਕਾਊਂਟੀ ਦੀ ਕੋਵਿਡ -19 ਮੌਤਾਂ ਦੀ ਗਿਣਤੀ ਬੁੱਧਵਾਰ ਨੂੰ 456 ਰਹੀ ਹੈ।ਬੁੱਧਵਾਰ ਤੱਕ, ਕੁੱਲ 145 ਮਰੀਜ਼ ਹਸਪਤਾਲ ਵਿੱਚ ਦਾਖਲ ਸਨ, ਅਤੇ ਉਨ੍ਹਾਂ ਵਿੱਚੋਂ 13 ਗੰਭੀਰ ਦੇਖਭਾਲ ਵਿੱਚ ਸਨ। ਇਸ ਸੰਬੰਧੀ ਫਰਿਜ਼ਨੋ ਦੇ ਇੱਕ ਚੋਟੀ ਦੇ ਡਾਕਟਰ ਨੇ ਮੰਗਲਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਉਮੀਦ ਕਰਦੇ ਹਨ ਕਿ ਕਾਉਂਟੀ ਵਧ ਰਹੇ ਮਾਮਲਿਆਂ ਕਰਕੇ ਅਗਲੇ ਹਫਤੇ ਹੋਰ ਪਾਬੰਦੀਆਂ ਵੱਲ ਜਾ ਸਕਦੀ ਹੈ। ਸਿਹਤ ਨਿਰਦੇਸ਼ਕ ਡਾ. ਰਾਇਸ ਵੋਹਰਾ ਨੇ ਕਿਹਾ ਕਿ ਅਸੀਂ ਜਾਮਨੀ ਰੰਗ ਦੇ ਟੀਅਰ ਵਿੱਚ ਜਾ ਸਕਦੇ ਹਾਂ। ਇਸ ਤੋਂ ਇਲਾਵਾ ਪੂਰੇ ਕੈਲੀਫੋਰਨੀਆਂ ਵਿੱਚ, ਬੁੱਧਵਾਰ ਨੂੰ ਕੁੱਲ 7,464 ਨਵੇਂ ਪੁਸ਼ਟੀ ਕੀਤੇ ਗਏ ਛੌੜੀਧ-19 ਦੇ ਕੇਸ ਸਾਹਮਣੇ ਆਏ ਜਿਸ ਨਾਲ ਮਹਾਂਮਾਰੀ ਦੀ ਸ਼ੁਰੂਆਤ ਤੋਂ ਰਾਜ ਭਰ ਵਿੱਚ ਕੁੱਲ 984,682 ਸੰਕਰਮਣ ਹੋ ਗਏ ਹਨ ਜਦਕਿ ਬੁੱਧਵਾਰ ਨੂੰ ਰਾਜ ਵਿੱਚ ਕੋਰੋਨਾਂ ਮੌਤਾਂ ਦੀ ਗਿਣਤੀ 18,070 ਰਹੀ ਹੈ।




## ਸੰਯੁਕਤ ਰਾਜ ਵਿੱਚ ਕੋਰੋਨਾਂ ਵਾਇਰਸ ਦੁਆਰਾ ਹੋਰ ਤਬਾਹੀ ਮਚਾਉਣ ਦੀ ਸੰਭਾਵਨਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ** – ਅਮਰੀਕਾ ਵਿੱਚ ਕੋਰੋਨਾਂ ਮਹਾਂਮਾਰੀ ਨੇ ਬਹੁਤ ਵੱਡੇ ਪੱਧਰ ਤੇ ਪ੍ਰਕੋਪ ਢਾਹਿਆ ਹੈ ਅਤੇ ਇਹ ਪ੍ਰਕੋਪ ਅਜੇ ਖਤਮ ਨਹੀਂ ਹੋਇਆ ਹੈ। ਸਿਹਤ ਮਾਹਿਰਾਂ ਅਨੁਸਾਰ ਦੇਸ਼ ਆਉਣ ਵਾਲੇ ਲਗਭੱਗ ਚਾਰ ਮਹੀਨਿਆਂ ਤੱਕ ਵਾਇਰਸ ਦੀ ਇਸ ਤੋਂ ਵੀ ਬੁਰੀ ਤਸਵੀਰ ਵੇਖ ਸਕਦਾ ਹੈ। ਇਸ ਸਮੇਂ ਦੇਸ਼ ਵਿੱਚ ਰੋਜ਼ਾਨਾ ਦੇ ਕੇਸ ਤੇਜ਼ੀ ਨਾਲ ਵਧ ਰਹੇ ਹਨ। ਕਈ ਖੇਤਰਾਂ ਵਿੱਚ ਕੋਰੋਨਾਂ ਮਰੀਜ਼ ਵੱਡੀ ਗਿਣਤੀ ਵਿੱਚ ਹਸਪਤਾਲਾਂ ਵਿੱਚ ਦਾਖਲ ਹੋ ਰਹੇ ਹਨ।ਇਸਦੀ ਲਾਗ ਦੇ ਮਰੀਜ਼ਾਂ ਨਾਲ ਓਕਲਾਹੋਮਾ ਵਿੱਚ ਆਈ ਸੀ ਯੂ ਰੂਮ ਭਰੇ ਹੋਏ ਹਨ ਅਤੇ ਉੱਤਰੀ ਡਕੋਟਾ ਦੇ ਹਸਪਤਾਲਾਂ ਕੋਲ ਲੋੜੀਂਦੇ ਡਾਕਟਰ ਅਤੇ ਨਰਸਾਂ ਦੀ ਘਾਟ ਹੋ ਗਈ ਹੈ ਜਦਕਿ ਕਈ ਹੋਰ ਹਸਪਤਾਲ ਪ੍ਰਬੰਧਕ ਵੀ ਸਮੱਸਿਆ ਦਾ ਸਾਹਮਣਾ ਕਰਨ ਦੇ ਨਜਦੀਕ ਹਨ। ਡਰੱਗ ਨਿਰਮਾਤਾ ਕੰਪਨੀਆਂ ਦੁਆਰਾ ਤਿਆਰ ਕੀਤੇ ਇੱਕ ਟੀਕੇ ਦੇ ਰਾਹੀਂ ਇਲਾਜ ਦੀ ਉਮੀਦ ਕਰ ਰਹੀਆਂ ਹਨ ਪਰ ਜਨਤਕ ਸਿਹਤ ਅਧਿਕਾਰੀ ਚੇਤਾਵਨੀ ਦੇ ਰਹੇ ਹਨ ਕਿ ਸੰਯੁਕਤ ਰਾਜ ਅਮਰੀਕਾ ਨੇ ਅਜੇ ਤੱਕ ਦੇ ਵਾਇਰਸ ਫੈਲਣ ਦੇ ਸਭ ਤੋਂ ਮੁਸ਼ਕਿਲ ਦਿਨਾਂ ਨੂੰ ਵੇਖਣਾ ਹੈ, ਜਿਹਨਾਂ ਦੀ ਅਗਲੇ ਤਿੰਨ ਤੋਂ ਚਾਰ ਮਹੀਨਿਆਂ ਵਿੱਚ ਆਉਣ ਦੀ ਸੰਭਾਵਨਾ ਹੈ। ਮਿਨੀਸੋਟਾ ਯੂਨੀਵਰਸਿਟੀ ਵਿਚ ਸੈਂਟਰ ਆਫ ਇਨਫੈਕਟਸ ਰੋਗ ਰਿਸਰਚ ਐਂਡ ਪਾਲਿਸੀ ਦੇ ਡਾਇਰੈਕਟਰ, ਡਾ. ਮਾਈਕਲ ਓਸਟਰਹੋਲਮ ਅਨੁਸਾਰ ਦੇਸ਼ ਕੋਵਿਡ ਦੇ ਨਰਕ ਵਿਚ ਦਾਖਲ ਹੋਣ ਜਾ ਰਿਹਾ ਹੈ ਕਿਉਂਕਿ ਮਾਹਿਰਾਂ ਅਨੁਸਾਰ ਯੂ ਐਸ ਏ ਹੁਣ ਇਕ ਦਿਨ ਵਿਚ ਔਸਤਨ 120,000 ਤੋਂ ਜ਼ਿਆਦਾ ਨਵੇਂ ਕੋਵਿਡ -19 ਕੇਸਾਂ ਦੀ ਰਿਪੋਰਟ ਕਰ ਰਿਹਾ ਹੈ। ਇਸਦੇ ਨਾਲ ਹੀ ਵਾਸ਼ਿੰਗਟਨ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਅਤੇ ਇਵੈਲ ਯੂਏਸ਼ਨ ਦੇ ਪ੍ਰੋਫੈਸਰ ਅਲੀ ਮੋਕਦਾਦ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਮਾਰਚ ਅਤੇ ਅਪ੍ਰੈਲ ਨਾਲੋਂ ਦਸੰਬਰ ਵਿਚ ਵਧੇਰੇ ਜਾਨਾਂ ਚਲੀਆਂ ਜਾਣਗੀਆਂ। ਅਜਿਹੇ ਮੁਸ਼ਕਿਲ ਸਮੇਂ ਵਿੱਚ ਸਰਕਾਰ ਅਤੇ ਅਧਿਕਾਰੀਆਂ ਦੀ ਤਿਆਰੀ ਦੇ ਨਾਲ ਜਨਤਾ ਨੂੰ ਵੀ ਆਪਣੀਆਂ ਜਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਦੀ ਜਰੂਰਤ ਹੈ।

## ਫਰਿਜ਼ਨੋ ਵਿੱਚ ਟਰੰਪ ਦੇ ਹੱਕ ਵਿੱਚ ਕੱਢੀ ਗਈ ਵਾਹਨ ਰੈਲੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ** – ਅਮਰੀਕਾ ਵਿੱਚ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਮਿਲੀ ਹਾਰ ਤੇ ਡੌਨਾਲਡ ਟਰੰਪ ਵੱਲੋਂ ਚੋਣ ਨਤੀਜਿਆਂ ਵਿੱਚ ਧੋਖਾਧੜੀ ਦੇ ਦਾਅਵੇ ਕਰਨ ਤੋਂ ਬਾਅਦ ਦੇਸ਼ ਵਿੱਚ ਟਰੰਪ ਹਮਾਇਤੀਆਂ ਵੱਲੋਂ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਟਰੰਪ ਦੇ 2020 ਦੇ ਚੋਣ ਨਤੀਜਿਆਂ ਦੇ ਵਿਰੋਧ ਦੇ ਸਮਰਥਨ ਵਿੱਚ, ਵਾਸ਼ਿੰਗਟਨ, ਡੀ ਸੀ ਵਿੱਚ ਹਜਾਰਾਂ ਸਮਰੱਥਕਾਂ ਵੱਲੋਂ ਸੜਕਾਂ ਤੇ ਉਤਰਨ ਤੋਂ ਇੱਕ ਦਿਨ ਬਾਅਦ, ਐਤਵਾਰ ਨੂੰ ਕੈਲੀਫੋਰਨੀਆਂ ਦੇ ਫਰਿਜ਼ਨੋ ਖੇਤਰ ਦੇ ਦਰਜਨਾਂ ਵਿਅਕਤੀਆਂ ਨੇ ਕਲੋਵਿਸ ਤੋਂ ਸ਼ੇਵਰ ਲੇਕ ਤੱਕ ਵਾਹਨ ਪਰੇਡ ਵਿੱਚ ਹਿੱਸਾ ਲਿਆ। ਪ੍ਰਬੰਧਕਾਂ ਨੇ ਇਸ ਨੂੰ " ਸਾਡੇ ਰਾਸ਼ਟਰ-ਪਤੀ ਦਾ ਸਮਰਥਨ ਕਰਨ ਲਈ ਇੱਕ ਹੋਰ ਪਰੇਡ " ਦੱਸਿਆ। ਇਸ ਪ੍ਰਦਰਸ਼ਨ ਵਿੱਚ




ਤਕਰੀਬਨ 50 ਵਾਹਨਾਂ ਨੇ ਹਿੱਸਾ ਲਿਆ। ਇਸ ਪਰੇਡ ਵਿੱਚ ਸ਼ਾਮਿਲ ਲੋਕਾਂ ਨੇ ਆਪਣੇ ਵਿਚਾਰ ਵੀ ਪੇਸ਼ ਕੀਤੇ, ਇਸ ਦੌਰਾਨ ਹਿੱਸਾ ਲੈਣ ਵਾਲੀ ਇੱਕ ਟਰੰਪ ਹਮਾਇਤੀ ਅਨੁਸਾਰ ਉਹ ਚੋਰੀ ਰੋਕਣ ਲਈ ਇਥੇ ਹਨ, ਕਿਉਂਕਿ ਚੋਣਾਂ ਸਹੀ ਢੰਗ ਨਾਲ ਗਿਣੀਆਂ ਨਹੀਂ ਗਈਆਂ ਹਨ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਰਾਸ਼ਟਰਪਤੀ ਦੀ ਹਮਾਇਤ ਕਰਨ ਵਾਲੀ ਭੀੜ ਨੇ ਵਾਸ਼ਿੰਗਟਨ ਵਿੱਚ ਚੋਣ ਨਤੀਜਿਆਂ ਦਾ ਵਿਰੋਧ ਕਰਦਿਆਂ ਸੁਪਰੀਮ ਕੋਰਟ ਵੱਲ ਮਾਰਚ ਕੀਤਾ। ਜਿਸ ਵਿੱਚ ਰਾਤ ਵੇਲੇ ਹੋਈਆਂ ਝੜਪਾਂ ਕਾਰਨ 20 ਤੋਂ ਵੱਧ ਗਿਰਫ਼ਤਾਰ ਕੀਤੇ ਗਏ। ਇਸਦੇ ਨਾਲ ਹੀ ਸ਼ਨੀਵਾਰ ਨੂੰ ਕਈ ਹੋਰ ਸ਼ਹਿਰਾਂ ਵਿੱਚ ਵੀ ਟਰੰਪ ਦੇ ਸਮਰੱਥਕਾਂ ਦਾ ਇਕੱਠ ਵੇਖਿਆ ਗਿਆ ਜੋ ਡੈਮੋਕਰੇਟ ਜੋਅ ਬਾਈਡੇਨ ਦੀ ਜਿੱਤ ਨੂੰ ਜਾਇਜ਼ ਮੰਨਣ ਨੂੰ ਤਿਆਰ ਨਹੀਂ ਹਨ।


RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



Chicago's Pizza with a Twist







Parvinder Dhesi



Kulwant Sandhu

1471 B St., Unit B, Livingston, CA 95334

# ਨਿਊਯਾਰਕ ਵਿਧਾਨ ਸਭਾ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 345 ਵੇਂ ਸ਼ਹੀਦੀ ਦਿਹਾੜੇ ਅਤੇ 400 ਵੇਂ ਜਨਮ ਦਿਹਾੜੇ ਨੂੰ ਮਾਨਤਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 345ਵਾਂ ਸ਼ਹੀਦੀ ਦਿਹਾੜਾ ਅਤੇ 400 ਵੇਂ ਪ੍ਰਕਾਸ਼ ਦਿਵਸ ਤੇ ਵਰਲਡ ਸਿੱਖ ਪਾਰਲੀਮੈਂਟ ਦੀਆਂ ਧਰਮ, ਸਿਵਲ ਅਤੇ ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਕੌਸਲਾਂ ਵੱਲੋਂ ਨਿਊਯਾਰਕ ਸਿੱਖ ਸੈਂਟਰ ਦੇ ਗੁਰਦੁਆਰਾ ਸਾਹਿਬ ਵਿੱਚ ਮਨਾਇਆ ਗਿਆ।




ਇਸ ਮੌਕੇ ਨਿਊਯਾਰਕ ਦੇ ਰਾਜ ਅਤੇ ਸ਼ਹਿਰੀ ਅਫਸਰਾਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ ਉਹਨਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਮਾਨਤਾ ਦਿੱਤੀ ਗਈ। ਨਿਊਯਾਰਕ ਵਿਧਾਨ ਸਭਾ ਦੀ ਕੈਟਾਲੀਨਾ ਕਰੂਜ਼ ਨੇ ਇਸ ਮੌਕੇ ਅਧਿਕਾਰਕ ਪੱਤਰ ਪੜਿਆ ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਮਨੁੱਖੀ ਅਧਿਕਾਰਾਂ ਅਤੇ ਇਨਸਾਫ ਲਈ ਕੀਤੀ ਕੁਰਬਾਨੀ ਨੂੰ ਮਾਨਤਾ ਦਿੱਤੀ ਗਈ ਹੈ। ਕੈਟਾਲੀਨਾ ਕਰੂਜ਼ ਨੇ ਵਰਲਡ ਸਿੱਖ ਪਾਰਲੀਮੈਂਟ ਵਰਗੀਆਂ ਸਾਰੀਆਂ ਸਿੱਖ ਜਥੇਬੰਦੀਆਂ ਦੁਆਰਾ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਚੱਲ ਰਹੇ ਭਲਾਈ ਕਾਰਜਾਂ ਨੂੰ ਵੀ ਅਧਿਕਾਰਕ ਤੌਰ ਤੇ ਮਾਨਤਾ ਦਿੱਤੀ। ਕੈਟਾਲੀਨਾ ਕਰੂਜ਼ ਨੇ ਇਹ ਵੀ ਭਰੋਸਾ ਦਿੱਤਾ ਕਿ ਉਹਨਾਂ ਵੱਲੋਂ ਨਿਊਯਾਰਕ ਵਿਧਾਨ ਸਭਾ ਚ ਗੁਰੂ ਤੇਗ ਬਹਾਦਰ ਜੀ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਨੂੰ ਸਦੀਵੀ ਮਾਨਤਾ ਦੇਣ ਲਈ ਇੱਕ ਮਤਾ ਲਿਆਂਦਾ ਜਾਵੇਗਾ। ਉਹਨਾਂ ਵੱਲੋਂ ਗੁਰੂ ਸਾਹਿਬ ਦੇ 400ਵੇਂ ਪ੍ਰਕਾਸ਼ ਦਿਹਾੜੇ ਨੂੰ ਮਨੁੱਖੀ ਅਧਿਕਾਰਾਂ ਪ੍ਰਤੀ ਵਚ-ਨਬੱਧਤਾ ਦੇ ਦਿਨ ਵਜੋਂ ਮਨਾਉਣ ਲਈ ਵੀ ਹਾਮੀ ਭਰੀ ਗਈ ।ਇਸ ਮੌਕੇ ਨਿਊਯਾਰਕ ਵਿਧਾਨ ਸਭਾ ਨਾਲ ਸੰਬੰਧਤ ਜੈਸਿਕਾ ਗੋਂਜ਼ਲੇਜ਼-ਰੋਜਸ, ਡੋਨੋਵਾਨ ਰਿਚਰਡਜ਼ ਕੁਈਨਜ਼ ਦੇ ਬੋਰੋ ਦੇ ਪ੍ਰਧਾਨ, ਜ਼ੋਹਰਾਨ ਮਮਦਾਨੀ ਅਤੇ ਫੂਡ ਪੈਂਟਰੀ ਨਾਲ ਸੰਬੰਧਤ ਡੈਨੀਅਲ ਨੇ ਵੀ ਸ਼ਿਰਕਤ ਕੀਤੀ ਅਤੇ ਸਿੱਖ ਕੌਮ ਦੇ ਬਸ਼ਿੰਦਿਆਂ ਵੱਲੋਂ ਮਨੁੱਖੀ ਅਧਿਕਾਰਾਂ ਤੇ ਸਮਾਜ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ । ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਨਿਊਯਾਰਕ ਵਿਧਾਨ ਸਭਾ ਦੇ ਸਮੁੱਚੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਵਰਲਡ ਸਿੱਖ ਪਾਰਲੀਮੈਂਟ ਦੀਆਂ ਕੌਂਸਲਾਂ ਵੱਲੋਂ ਕੋਰੋਨਾਵਾਇਰਸ ਮਹਾਂਮਾਰੀ ਖ਼ਿਲਾਫ਼ ਚੱਲ ਰਹੇ ਸੰਘਰਸ਼ ਨੂੰ ਜਾਰੀ ਰੱਖਣਾ ਵੀ ਯਕੀਨੀ ਬਣ-ਾਇਆ । ਇਥੇ ਇਹ ਵਰਨਣਯੋਗ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਪ੍ਰਕਾਸ਼ ਦਿਹਾੜੇ ਨੂੰ ਨਿਊਯਾਰਕ ਦੀ ਵਿਧਾਨ ਸਭਾ ਤੋਂ ਅਧਿਕਾਰਕ ਮਾਨਤਾ ਦਿਵਾਉਣ 'ਚ ਹਿੰਮਤ ਸਿੰਘ ਦਾ ਖ਼ਾਸ ਯੋਗਦਾਨ ਰਿਹਾ । ਇਸ ਸੰਬੰਧੀ ਗੱਲ ਕਰਦਿਆਂ ਹਿੰਮਤ ਸਿੰਘ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਹਰ ਸਿੱਖ ਨੂੰ ਮਨੁੱਖੀ ਅਧਿਕਾਰਾਂ ਤੇ ਇਨਸਾਫ਼ ਲਈ ਜੂਝਦੇ ਰਹਿਣਾ ਸਿਖਾਉਂਦੀ ਹੈ ।ਇਸ ਮੌਕੇ ਬੋਲਦਿਆਂ ਵਰਲਡ ਸਿੱਖ ਪਾਰਲੀਮੈਂਟ ਦੇ ਬੁਲਾਰੇ ਡਾ. ਅਮਰਜੀਤ ਸਿੰਘ ਨੇ




ਇਤਿਹਾਸਿਕ ਹਵਾਲੇ ਦਿੰਦੇ ਹੋਏ ਰਾਜਨੀਤਿਕ ਤੌਰ 'ਤੇ ਸਰਗਰਮ ਰਹਿਣ ਦੀ ਮਹੱਤਤਾ ਨੂੰ ਉਭਾਰਿਆ । ਉਹਨਾਂ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਨੂੰ ਵੀ ਇਸ ਮੁਬਾਰਕ ਦਿਹਾੜੇ ਨੂੰ ਮਾਨਤਾ ਦੇਣੀ ਚਾਹੀਦੀ ਹੈ । ਈਸਟ ਕੋਸਟ ਤੋਂ ਵੀ ਬਹੁਤ ਸਾਰੇ ਸਿੱਖ ਆਗੂਆਂ ਨੇ ਇਸ ਪ੍ਰੋਗਰਾਮ 'ਚ ਸ਼ਿਰਕਤ ਕੀਤੀ ਅਤੇ ਗੁਰੂ ਤੇਗ ਬਹਾਦਰ ਜੀ ਦੁਆਰਾ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੀਤੀ ਕੁਰਬਾਨੀ ਅੱਗੇ ਸਿਜਦਾ ਕੀਤਾ । ਇਹ ਪ੍ਰੋਗਰਾਮ ਵਰਲਡ ਸਿੱਖ ਪਾਰਲੀਮੈਂਟ ਦੇ ਯੂ ਐੱਸ ਏ 'ਚ ਰਹਿ ਰਹੇ ਮੈਂਬਰਾਂ ਦੇ ਸਹਿਯੋਗ ਸਦਕਾ ਸਫਲਤਾ ਸਹਿਤ ਸੰਪੂਰਨ ਹੋਇਆ । ਇਸਦੇ ਇਲਾਵਾ ਇਹ ਵਿਅਕਤੀ ਬਾਈਡੇਨ ਦੀਆਂ ਮੁਹਿੰਮਾਂ ਦੌਰਾਨ ਬਹਿਸਾਂ ਲਈ ਤਿਆਰ ਕਰਨ ਲਈ ਅਹਿਮ ਸਲਾਹਕਾਰ ਵੀ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਬਾਈਡੇਨ ਦੀ ਟੀਮ ਖਰਬਾਂ ਡਾਲਰਾਂ ਨਾਲ ਨਵੇਂ ਆਰਥਿਕ ਉਪਾਵਾਂ ਦੀ ਤਿਆਰੀ ਕਰ ਰਹੀ ਹੈ ਜਿਸ ਵਿਚ ਕਲੇਨ ਆਪਣੇ ਤਜ਼ਰਬੇ ਨਾਲ ਸਹਾਇਕ ਸਿੱਧ ਹੋ ਸਕਦਾ ਹੈ। ਜੋਅ ਬਾਈਡੇਨ ਨੂੰ ਲਏ ਗਏ ਨਿਰਣੇ ਤੇ ਯਕੀਨ ਹੈ ਕਿ ਇਹ ਦੇਸ਼ ਭਲਾਈ ਦੇ ਹਿੱਤ ਵਿੱਚ ਹੋਵੇਗਾ।

# ਸ: ਗੁਰਪ੍ਰੀਤ ਸਿੰਘ ਰਾਏ ਸ਼੍ਰੋਮਣੀ ਅਕਾਲੀ ਦਲ ਨਿਊਜਰਸੀ ਅਮਰੀਕਾ ਦੇ ਉਪ-ਪ੍ਰਧਾਨ ਨਿਯੁੱਕਤ



**ਨਿਊਜਰਸੀ (ਰਾਜ ਗੋਗਨਾ)–** ਟਕਸਾਲੀ ਅਕਾਲੀ ਪਰਿਵਾਰ ਨਾਲ ਸਬੰਧਤ ਨਿਊਜਰਸੀ( ਅਮਰੀਕਾ) ਚ' ਵੱਸਦੇ ਸ: ਗੁਰਪ੍ਰੀਤ ਸਿੰਘ ਰਾਏ ਜਿੰਨਾਂ ਦਾ ਪੰਜਾਬ ਤੋ ਪਿ-ਛੋਕੜ ਪਿੰਡ ਗੰਡਾ ਸਿੰਘ ਵਾਲਾ ਹੈ ਨੂੰ ਸ਼੍ਰੋਅਦ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਦੇ ਸਿਆਸੀ ਸਲਾਹਕਾਰ ਸ: ਚਰਨਜੀਤ ਸਿੰਘ ਬਰਾੜ, ਸਤਪਾਲ ਸਿੰਘ ਬਰਾੜ ਚੇਅਰਮੈਨ ਅਤੇ ਸਪੋਕਸਮੈਨ ਸ਼੍ਰੋਅਦ(ਅਮਰੀਕਾ) ਸ: ਮੋਹਨ ਸਿੰਘ ਖਟੜਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਮਰੀਕਾ, ਸ: ਹਰਦੀਪ ਸਿੰਘ ਗੋਲਡੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨਿਊਜਰਸੀ ( ਅਮਰੀਕਾ) ਦੀ ਸਹਿਮਤੀ ਨਾਲ ਨਿਊਜਰਸੀ ਸਟੇਟ ਦਾ ਉਪ-ਪ੍ਰਧਾਨ ਨਿਯੁੱਕਤ ਕੀਤਾ ਗਿਆ।ਗੱਲਬਾਤ ਦੋਰਾਨ ਨਵ- ਨਿਯੁੱਕਤ ਉਪ-ਪ੍ਰਧਾਨ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਪਾਰਟੀ ਵੱਲੋਂ ਉਹਨਾਂ ਨੂੰ ਸੌਂਪੀ ਇਹ ਜ਼ੁੰਮੇਵਾਰੀ ਪੂਰੀ ਲਗਨ ਅਤੇ ਤਨਦੇਹੀ ਨਾਲ ਨਿਭਾਉਣਗੇ।


‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਸੱਤਾ ਤਬਦੀਲੀ ਨੂੰ ਸੁਖਾਵੇਂ ਢੰਗ ਤਰੀਕੇ ਨਾਲ ਸਿਰੇ ਚਾੜਨ ਲਈ ਬਾਈਡੇਨ ਨੇ ਭਾਰਤੀ ਮੂਲ ਦੇ 20 ਤੋਂ ਵਧ ਅਮਰੀਕੀਆਂ ਨੂੰ ਏਜੰਸੀ ਰੀਵੀਊ ਟੀਮਾਂ ਵਿਚ ਕੀਤਾ ਨਾਮਜ਼ਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਨੇ ਅਰੁਨ ਮਜ-ਮੂਦਾਰ, ਰਾਹੁਲ ਗੁਪਤਾ ਤੇ ਕਿਰਨ ਅਹੂਜਾ ਸਮੇਤ 20 ਤੋਂ ਵਧ ਭਾਰਤੀ ਮੂਲ ਦੇ ਅਮਰੀਕੀਆਂ ਦੀ ਏਜੰਸੀ ਰੀਵਿਊ ਟੀਮਾਂ ਵਿਚ ਨਿਯੁਕਤੀ ਕੀਤੀ ਹੈ। ਮਜਮੂਦਾਰ ਸੈਨਫੋਰਡ ਯੂਨੀਵਰਸਿਟੀ ਤੋਂ ਹਨ ਜੋ ਡਿਪਾਰਟਮੈਂਟ ਆਫ ਏਨਰਜੀ ਆਰਟ ਦੀ ਅਗਵਾਈ ਕਰਨਗੇ ਜਦ ਕਿ ਗੁਪਤਾ ਨੈਸ਼ਨਲ ਡਰੱਗ ਕੰਟਰੋਲ ਪਾਲਿਸੀ ਦਫਤਰ ਤੇ ਅਹੂਜਾ ਪਰਸਨਲ ਮੈਨਜਮੈਂਟ ਦਫਤਰ ਦੀ ਅਗਵਾਈ ਕਰਨਗੇ। ਇਸ ਤੋਂ ਇਲਾਵਾ ਪੁਨੀਤ ਤਲਵਾੜ ਨੂੰ ਡਿਪਾਰਟਮੈਂਟ ਆਫ ਸਟੇਟ ਆਰਟ, ਪਵ ਸਿੰਘ ਨੂੰ ਨੈਸ਼ਨਲ ਸਕਿਉਰਿਟੀ ਕੌਂਸਲ ਅਤੇ ਸਾਇੰਸ ਤੇ ਟੈਕਨਾਲੋਜੀ ਦਫਤਰ ਤੇ ਅਰੁਨ ਵੈਂਕਟ-ਰਮਨ ਨੂੰ ਡਿਪਾਰਟਮੈਂਟ ਆਫ ਕਾਮਰਸ ਐਂਡ ਯੂ ਐਸ ਟੀ ਆਰ ਵਿਚ ਨਾਮਜ਼ਦ ਕੀਤਾ ਹੈ। ਬਾਇਡੇਨ ਵੱਲੋਂ ਹੋਰ ਨਾਮਜ਼ਦ ਕੀਤੇ ਗਏ ਭਾਰਤੀ ਮੂਲ ਦੇ ਨਾਗਰਿਕਾਂ ਵਿਚ ਪ੍ਰਾਵੀਨਾ ਰਾਘਵਨ, ਅਤਮਨ ਤ੍ਰਿਵੇਦੀ ਡਿਪਾਰਟਮੈਂਟ ਆਫ ਕਾਮਰਸ, ਸ਼ੀਤਲ ਸ਼ਾਹ ਡਿਪਾਰਟਮੈਂਟ ਆਫ ਐਜੂਕੇਸ਼ਨ, ਆਰ ਰਮੇਸ਼ ਤੇ ਰਾਮਾ ਜ਼ਾਕਰੀਆ ਡਿਪਾਰਟਮੈਂਟ ਆਫ ਏਨਰਜੀ, ਸੁਭਾਸਰੀ ਰਮਨਾਥਨ ਡਿਪਾਰਟਮੈਂਟ ਆਫ ਹੋਮ ਸਕਿਉਰਿਟੀ, ਰਾਜ ਡਿਪਾਰਟਮੈਂਟ ਆਫ ਜਸਟਿਸ ਅਤੇ ਸੀਮਾ ਨੰਦਾ ਤੇ ਰਾਜ ਨਾਇਕ ਡਿਪਾਰਟਮੈਂਟ ਆਫ ਲੇਬਰ ਸ਼ਾਮਿਲ ਹਨ। ਰੀਨਾ ਅਗਰਵਾਲ ਤੇ ਸਤਿਅਮ ਖੰਨਾ ਨੂੰ ਫੈਡਰਲ ਰਿਜਰਵ, ਬੈਂਕਿੰਗ ਐਂਡ ਸਕਿਉਰਿਟੀਜ਼ ਰੈਗੁਲੇਟਰਜ, ਭਵਿਆ ਲਾਲ ਨੂੰ ਨਾਸਾ, ਦਿਲਪ੍ਰੀਤ ਸਿੱਧੂ ਨੂੰ ਨੈਸ਼ਨਲ ਸਕਿਉਰਿਟੀ ਕੌਂਸਲ, ਦਿਵਿਆ ਕੁਮਾਰੀਆਹ ਨੂੰ ਮੈਨਜਮੈਂਟ ਐਂਡ ਬਜਟ, ਕੁਮਾਰ ਚੰਦਰਨ ਨੂੰ ਖੇਤੀਬਾੜੀ ਵਿਭਾਗ ਤੇ ਅਨੀਸ਼ ਚੋਪੜਾ ਨੂੰ ਯੂ ਐਸ ਪੋਸਟਲ ਸਰਵਿਸ ਵਿਚ ਨਾਮਜ਼ਦ ਕੀਤਾ ਹੈ। ਇਸ ਸਬੰਧੀ ਪਾਰਟੀ ਵੱਲੋਂ ਜਾਰੀ ਪ੍ਰੈਸ ਰਲੀਜ਼ ਵਿਚ ਕਿਹਾ ਗਿਆ ਹੈ ਰੀਵਿਊ ਟੀਮਾਂ ਦਾ ਕੰਮ ਮੌਜੂਦਾ ਪ੍ਰਸ਼ਾਸ਼ਨ ਵਿਚ ਪ੍ਰਮੁੱਖ ਸੰਘੀ ਏਜੰਸੀਆਂ ਦੇ ਕੰਮ ਕਾਰ ਦੀ ਸਮੀਖਿਆ ਕਰਨਾ ਤੇ ਸੱਤਾ ਤਬਦੀਲੀ ਨੂੰ ਬਿਨਾਂ ਕਿਸੇ ਰੁਕਾਵਟ ਤੋਂ ਸੁਖਾਵੇਂ ਢੰਗ ਤਰੀਕੇ ਨਾਲ ਨੇਪਰੇ ਚਾੜਨਾ ਹੈ। ਭਾਰਤੀ ਮੂਲ ਦੇ ਅਮਰੀਕੀਆਂ ਨੇ ਰੀਵਿਊ ਟੀਮਾਂ ਵਿਚ ਆਪਣੀਆਂ ਨਿਯੁਕਤੀਆਂ ਲਈ ਬਾਇਡੇਨ ਦਾ ਧੰਨਵਾਦ ਕੀਤਾ ਹੈ।



ਮਹਾਨ ਪੰਥ ਸੇਵਕ ਮਾਸਟਰ ਗੁਰਦਿਤ ਸਿੰਘ ਜੀ ਜਲਵੇਹੜਾ ਜੀਵਨ ਤੇ ਯੋਗਦਾਨ ਪੁਸਤਕ ਅੱਜ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 100 ਸਾਲਾ ਸਥਾਪਨਾ ਦਿਵਸ ਮੌਕੇ ਪ੍ਰਧਾਨ ਸ਼ੋਮਣੀ ਕਮੇਟੀ ਭਾਈ ਗੋਬਿੰਦ ਸਿੰਘ ਲੌਂਗੋਵਾਲ ,ਹਰਜਿੰਦਰ ਸਿੰਘ ਧਾਮੀ ਜਨਰਲ ਸਕੱਤਰ ਅਤੇ ਗੁਰਬਖਸ਼ ਸਿੰਘ ਖਾਲਸਾ ਜੂਨੀਅਰ ਮੀਤ ਪ੍ਰਧਾਨ ਨੇ ਸੰਗਤ ਅਰਪਣ ਕੀਤੀ।

# ਅਮਰੀਕੀ ਸੀਕ੍ਰੇਟ ਸਰਵਿਸ ਅਧਿਕਾਰੀਆਂ ਤੇ ਕੋਰੋਨਾਂ ਵਾਇਰਸ ਦੀ ਮਾਰ, ਡਿਊਟੀ ਤੋਂ ਹੋਏ ਵਾਂਝੇ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** 2020 ਦੇ ਚੋਣ ਸੀਜ਼ਨ ਤੋਂ ਬਾਅਦ, ਬਹੁਤ ਸਾਰੇ ਸੀਕ੍ਰੇਟ ਸਰਵਿਸ ਅਧਿਕਾਰੀ ਮਹਾਂਮਾਰੀ ਦੇ ਕਾਰਨ ਆਪਣੀ ਡਿਊਟੀ ਗਵਾ ਬੈਠੇ ਹਨ। ਸੰਯੁਕਤ ਰਾਜ ਦੇ ਕਈ ਦਰਜਨ ਸੀਕ੍ਰੇਟ ਅਫਸਰਾਂ ਜਿਹੜੇ ਕਿ ਕੋਰੋਨਾਂ ਵਾਇਰਸ ਪੀੜਿਤ ਹਨ ਜਾ ਕਿਸੇ ਹੋਰ ਸਕਾਰਾਤਮਕ ਟੈਸਟ ਕੀਤੇ ਜਾਣ ਵਾਲੇ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਆਪਣੇ ਆਪ ਨੂੰ ਅਲੱਗ (ਇਕਾਂਤਵਾਸ) ਕਰ ਰਹੇ ਹਨ, ਜਿਸ ਕਰਕੇ ਉਹਨਾਂ ਦੀ ਸਰਵਿਸ ਪ੍ਰਭਾਵਿਤ ਹੋਈ ਹੈ। ਇਹਨਾਂ ਅਧਿਕਾਰੀਆਂ ਦੀ ਸਹੀ ਗਿਣਤੀ ਅਸਪਸ਼ਟ ਹੈ ਕਿਉਂਕਿ ਉਚ ਅਧਿਕਾਰੀਆਂ ਦੁਆਰਾ ਸਹੀ ਗਿਣਤੀ ਅਜੇ ਨਹੀਂ ਦੱਸੀ ਹੈ। ਇਹਨਾਂ ਅਧਿਕਾਰੀਆਂ ਦੇ ਕੋਰੋਨਾਂ ਪੀੜਿਤ ਹੋਣ ਪਿੱਛੇ ਚੋਣਾਂ ਦਾ ਵੱਡਾ ਹੱਥ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੋਣ ਮੁਹਿੰਮ ਦੇ ਦਿਨਾਂ ਵਿੱਚ ਕਈ ਸੂਬਿਆਂ ਵਿੱਚ ਤਕਰੀਬਨ 50 ਰੈਲੀਆਂ





ਕੀਤੀਆਂ। ਇਹਨਾਂ ਰਾਜਾਂ ਵਿੱਚੋਂ ਬਹੁਤ ਸਾਰੇ ਖੇਤਰ ਜਿੱਥੇ ਟਰੰਪ ਨੇ ਯਾਤਰਾ ਕੀਤੀ ਸੀ , ਉਹ ਕੋਵਿਡ -19 ਦੇ ਹਾਟ ਸਪਾਟ ਵੀ ਸਨ, ਜਿਥੇ ਵੱਡੀ ਭੀੜ ਪਾਈ ਜਾਂਦੀ ਸੀ ।

ਇਸ ਦੌਰਾਨ ਰਾਸ਼ਟਰਪਤੀ ਦੇ ਨਾਲ ਹਰ ਰੈਲੀ ਲਈ ਕਈ ਸਰਵਿਸ ਅਧਿਕਾਰੀ ਜ਼ਮੀਨ 'ਤੇ ਮੌਜੂਦ ਹੁੰਦੇ ਸਨ, ਤਾਂ ਇਸ ਕਰਕੇ ਉਹਨਾਂ ਦਾ ਕੋਰੋਨਾਂ ਦੀ ਲਪੇਟ ਵਿੱਚ ਆਉਣਾ ਸੰਭਾਵਿਕ ਹੈ। ਸੀਕ੍ਰੇਟ ਸਰਵਿਸ ਨਾਲ ਸਬੰਧਤ ਇਕ ਅਧਿਕਾਰੀ ਨੇ ਦੱਸਿਆ ਕਿ ਸਾਰੇ ਕਰਮਚਾਰੀਆਂ ਜਿਨ੍ਹਾਂ ਨੇ ਚੋਣ ਮੁਹਿੰਮ ਦੌਰਾਨ ਕੰਮ ਕੀਤਾ ਹੈ ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪਰ ਵ੍ਹਾਈਟ ਹਾਊਸ ਨੇ ਇਸ ਮਾਮਲੇ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ।ਇੱਥੇ ਲਗਭਗ 7,600 ਯੂ ਐਸ ਐਸ ਕਰਮਚਾਰੀ ਹਨ, ਜਿਨ੍ਹਾਂ ਵਿੱਚੋਂ ਲਗਭਗ 1,600 ਵਰਦੀਧਾਰੀ ਵਿਭਾਗ ਦੇ ਅਧਿਕਾਰੀਆਂ ਵਜੋਂ ਕੰਮ ਕਰਦੇ ਹਨ।

# ਲੱਖਾਂ ਅਮਰੀਕੀ ਵਾਸੀਆਂ ਨੇ ਕੀਤਾ ਬੇਰੁਜ਼ਗਾਰੀ ਕਲੇਮ ਦਾ ਦਾਅਵਾ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਇਸ ਸਾਲ ਸ਼ੁਰੂ ਹੋਈ ਕੋਰੋਨਾਂ ਮਹਾਂਮਾਰੀ ਨੇ ਸੰਸਾਰ ਵਿੱਚ ਲੱਖਾਂ ਜਾਨਾਂ ਲੈਣ ਦੇ ਨਾਲ ਵੱਡੀਆਂ ਆਰਥਿਕ ਵਿਵਸਥਾਵਾਂ ਨੂੰ ਵੀ ਹਿਲਾ ਦਿੱਤਾ ਹੈ। ਅਮਰੀਕਾ ਵਿੱਚ ਵੀ ਇਸਦਾ ਅਸਰ ਵੇਖਣ ਨੂੰ ਮਿਲਿਆ ਹੈ।

ਆਰਥਿਕ ਤੰਗੀ ਦੇ ਚਲਦਿਆਂ ਸੈਂਕੜੇ ਕਾਰੋਬਾਰ ਬੰਦ ਹੋ ਜਾਣ ਕਰਕੇ ਲੱਖਾਂ ਵਿਅਕਤੀ ਬੇਰੁਜ਼ਗਾਰ ਹੋ ਗਏ ਹਨ ਅਤੇ ਸਰਕਾਰ ਵੱਲੋਂ ਅਜਿਹੇ ਲੋਕਾਂ ਦੀ ਮੱਦਦ ਕੀਤੀ ਜਾਂਦੀ ਹੈ। ਇਸੇ ਸੰਬੰਧ ਵਿੱਚ ਲਗਭੱਗ 709,000 ਅਮਰੀਕੀਆਂ ਨੇ ਪਿਛਲੇ ਹਫਤੇ ਮੌਸਮੀ ਤੌਰ 'ਤੇ ਐਡਜਸਟ ਕੀਤੇ ਗਏ ਅਧਾਰ' ਤੇ ਬੇਰੁਜ਼ਗਾਰੀ ਦੇ ਲਾਭ ਲਈ ਦਾਅਵੇ ਦਾਖਲ ਕੀਤੇ ਹਨ।



ਲੇਬਰ ਵਿਭਾਗ ਨੇ ਵੀਰਵਾਰ ਨੂੰ ਇਹਨਾਂ ਅਧਿਕਾਰਤ ਅੰਕੜਿਆਂ ਦੀ ਜਾਣਕਾਰੀ ਦਿੱਤੀ ਹੈ। ਇਹਨਾਂ ਵਿੱਚ ਲਗਭੱਗ 300,000 ਮਹਾਂਮਾਰੀ ਨਾਲ ਹੋਈ ਬੇਰੁਜ਼ਗਾਰੀ ਲਈ ਸਹਾਇਤਾ ਸੰਬੰਧੀ ਨਵੀਆਂ ਫਾਈਲਾਂ ਵੀ ਸਨ।

ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਨੂੰ ਲਾਭ ਦਿੰਦਾ ਹੈ ਜੋ ਆਮ ਤੌਰ ਤੇ ਰਾਜ ਦੀ ਸਹਾਇਤਾ ਲਈ ਯੋਗ ਨਹੀਂ ਹੁੰਦੇ ਜਿਹਨਾਂ ਵਿੱਚ ਸਵੈ-ਰੁਜ਼ਗਾਰ ਵਾਲੇ ਲੋਕ ਸ਼ਾਮਿਲ ਹਨ। ਇਸ ਸਮੇਂ ਦੇਸ਼ ਵਿੱਚ ਨੌਕਰੀਆਂ ਦੀ ਘਾਟ ਹੋਣ ਕਰਕੇ ਜਿਆਦਾ ਲੋਕ ਬੇਰੁਜ਼ਗਾਰੀ ਕਲੇਮ ਦੇ ਦਾਅਵੇ ਦਾਖਲ ਕਰ ਰਹੇ ਹਨ ਜਦਕਿ ਇਸ ਤੋਂ ਪਹਿਲਾਂ ਸੀਜ਼ਨਲ ਉਤਾਰ ਚੜਾਅ ਤੋਂ ਬਿਨਾਂ ਲਗਭੱਗ 1 ਮਿਲੀਅਨ ਦਾਅਵੇ ਕੀਤੇ ਗਏ ਸਨ। ਹਾਲਾਂਕਿ ਬਹੁਤ ਸਾਰੇ ਲੋਕ ਕੰਮ ਤੇ ਵਾਪਸ ਚਲੇ ਵੀ ਗਏ ਹਨ ਪਰ ਲੱਖਾਂ ਅਜੇ ਵੀ ਰੁਜ਼ਗਾਰ ਪ੍ਰਾਪਤ ਨਹੀਂ ਕਰ ਸਕੇ ਹਨ।

# ਅਮੈਰਿਕਨ ਸੀਨੀਅਰ ਸਿਟੀਜ਼ਨਜ਼ ਗਰੁੱਪ ਸੈਕਰਾਮੈਂਟੋ ਦੀ ਮੀਟਿੰਗ

ਮਿਤੀ 12 ਅਕਤੂਬਰ 2020 ਦਿਨ ਵੀਰਵਾਰ ਨੂੰ ਸੀਨੀਅਰ ਸਿਟੀਜ਼ਨਜ਼ ਗਰੁੱਪ ਦੀ ਮੀਟਿੰਗ ਆਨ-ਲਾਈਨ ਹੋਈ, ਜਿਸ ਵਿਚ ਸਭ ਤੋਂ ਪਹਿਲਾਂ ਗਰੁੱਪ ਦੀ ਮੈਂਬਰ ਸ੍ਰੀਮਤੀ ਜੋਤੀ ਸਿੰਘ ਵੱਲੋਂ ਸ਼ਬਦ ਗਾਇਨ ਕਰਕੇ ਸ਼ੁਰੂਆਤ ਕੀਤੀ ਗਈ।

ਇਸ ਤੋਂ ਇਲਾਵਾ ਗਰੁੱਪ ਵੱਲੋਂ ਅਮਰੀਕਾ ਵਿਚ ਹੁਣੇ- ਹੁਣੇ ਪ੍ਰੈਜ਼ੀਡੈਂਟ ਅਤੇ ਸੈਨੇਟ ਦੀ ਚੋਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਵਿਚ ਦੱਸਿਆ ਗਿਆ ਕਿ ਇਹ ਚੋਣ ਕਿਸ ਤਰ੍ਹਾਂ ਇਲੈਕਟਰੋਲ ਕਾਲਜ ਰਾਹੀਂ ਹੁੰਦੀ ਹੈ ਅਤੇ ਚੋਣ ਦਾ ਇਹ ਢੰਗ ਦੁਨੀਆਂ ਦੇ ਸਿਸਟਮ ਤੋਂ ਇਕ ਵੱਖਰਾ ਸਿਸਟਮ ਹੈ।ਇਸ ਚੋਣ ਰਾਹੀਂ ਭਾਵੇਂ ਜੋਏ ਬਾਈਡਨ ਨੂੰ ਜਿੱਤਿਆ ਕਰਾਰ ਦਿੱਤਾ ਗਿਆ ਹੈ ਪਰ ਅਜੇ ਵੀ ਕਈ ਕਿਸਮ ਦੇ ਵਿਵਾਦ ਚੱਲ ਰਹੇ ਹਨ, ਉਹਨਾਂ ਉਪਰ ਦੀ ਚਾਨਣਾ ਪਾਇਆ ਗਿਆ।







ਨਵੇਂ ਪ੍ਰੈਜ਼ੀਡੈਂਟ ਨੇ ਭਾਵੇਂ 20 ਜਨਵਰੀ 2021 ਨੂੰ ਅਹੁਦਾ ਸੰਭਾਲਣਾ ਹੈ ਪਰ ਉਸ ਸਮੇਂ ਤੱਕ ਸਰਕਾਰ ਦਾ ਸਿਸਟਮ ਕਿਸ ਤਰ੍ਹਾਂ ਚਲਦਾ ਹੈ ਅਤੇ ਇਹ ਸਾਰੀ ਪ੍ਰਕਿਰਿਆ ਕੀ ਹੁੰਦੀ, ਦੱਸਿਆ ਗਿਆ।

ਇਸ ਤੋਂ ਇਲਾਵਾ ਪਿਛਲੇ ਦਿਨੀਂ ਐਲਕ ਗਰੇਵ ਵਿਚ ਹੋਈ ਗੇਅ-ਮੈਰਿਜ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਵੱਖ- ਵੱਖ ਮੈਂਬਰਾਂ ਨੇ ਇਸ ਉਪਰ ਆਪਣੀ ਰਾਇ ਰੱਖੀ ਪਰ ਆਮ ਰਾਇ ਇਹ ਸੀ ਕਿ ਅਮਰੀਕਾ ਦੇ ਕਾਨੂੰਨ ਮੁਤਾਬਕ ਅਸੀਂ ਇਸ ਨੂੰ ਗਲਤ ਨਹੀਂ ਕਹਿ ਸਕਦੇ ਪਰ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਾਰਕ ਵਿਚ ਲਿਜਾ ਕੇ ਵਿਆਹ ਕਰਵਾਉਣਾ ਸਿੱਖ ਸਿਧਾਂਤਾਂ ਦੇ ਉਲਟ ਹੈ ਅਤੇ ਸਿੱਖ ਸਭਿਆਚਾਰ ਦੇ ਵੀ ਉਲਟ ਹੈ।

ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ, ਸਿੱਖ ਟੈਂਪਲ ਵੈਸਟ ਸੈਕਰਾਮੈਂਟੋ ਦੀ ਕਮੇਟੀ ਦੇ ਪ੍ਰਧਾਨ ਸ੍ਰੀ ਬਲਬੀਰ ਸਿੰਘ ਵੀ ਮੀਟਿੰਗ ਵਿਚ ਸ਼ਾਮਲ ਹੋਏ। ਉਹਨਾਂ ਨਾਲ ਇਸ ਮੈਰਿਜ ਸਬੰਧੀ ਵਿਚਾਰ ਵਟਾਂਦਰਾ ਕਰਕੇ ਸਵਾਲ ਪੁੱਛਿਆ ਗਿਆ। ਉਹਨਾਂ ਨੇ ਦੱਸਿਆ ਕਿ ਅਸੀਂ ਹੋਰ ਗੁਰਦੁਆਰਾ ਕਮੇਟੀਆਂ ਨਾਲ ਮਿਲ ਕੇ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਵਿਖੇ ਸ਼ਿਕਾਇਤ ਕੀਤੀ ਹੈ, ਜਿਸ ਉਪਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਕਾਰਵਾਈ ਦਾ ਭਰੋਸਾ ਦਿੱਤਾ ਗਿਆ ਹੈ।

ਮੀਟਿੰਗ ਸਬੰਧੀ ਮੈਂਬਰਾਂ ਦੀਆਂ ਫੋਟੋਆਂ ਦੀ ਸੇਵਾ ਸ੍ਰੀ ਅਜੈਬ ਸਿੰਘ ਧਾਲੀਵਾਲ ਕਰਦੇ ਹਨ ਅਤੇ ਕੰਪਿਊਟਰ ਸਬੰਧੀ ਸੇਵਾਵਾਂ ਦਿੰਦੇ ਹਨ।

**ਰਿਪੋਰਟ- ਬਿੱਕਰ ਸਿੰਘ ਮਾਨ**

# ਨੇਵਾਡਾ ਦੇ ਗਵਰਨਰ ਸਟੀਵ ਸਿਸੋਲਕ ਵੀ ਆਏ ਕੋਰੋਨਾਂ ਦੀ ਗ੍ਰਿਫਤ 'ਚ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀ-ਫੋਰਨੀਆਂ)-** ਕੋਰੋਨਾਂ ਵਾਇਰਸ ਮਹਾਂਮਾਰੀ ਨੇ ਅਮਰੀਕੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਵੀ ਆਪਣਾ ਪ੍ਰਕੋਪ ਢਾਹਿਆ ਹੈ। ਰਾਸ਼ਟਰਪਤੀ ਡੋਨ-ਾਲਡ ਟਰੰਪ ਵੀ ਇਸ ਦੀ ਲਾਗ ਦੇ ਸ਼ਿਕਾਰ ਹੋ ਚੁੱਕੇ ਹਨ। ਪਿਛਲੇ ਦਿਨੀ ਫਰਿਜ਼ਨੋ ਦੇ ਮੇਅਰ ਜੈਰੀ ਡਾਇਰ ਦੇ ਕੋਰੋਨਾਂ ਪੀੜਿਤ ਹੋਣ ਤੋਂ ਬਾਅਦ ਹੁਣ



ਨੇਵਾਡਾ ਦੇ ਗਵਰਨਰ ਸਟੀਵ ਸਿਸੋਲਕ ਨੇ ਸ਼ੁੱਕਰਵਾਰ ਨੂੰ ਕੋਵਿਡ -19 ਦਾ ਪਾਜ਼ੀਟਿਵ ਟੈਸਟ ਲਿਆ ਹੈ। ਇਸ ਦੀ ਪੁਸ਼ਟੀ ਉਹਨਾਂ ਦੇ ਦਫਤਰ ਦੁਆਰਾ ਕੀਤੀ ਗਈ ਹੈ। ਦਫਤਰ ਦੇ ਜਾਰੀ ਇੱਕ ਬਿਆਨ ਅਨੁਸਾਰ ਸਿਸੋਲਕ ਨੂੰ ਇੱਕ ਤੇਜ ਕੋਰੋਨਾਂ ਟੈਸਟ ਦਾ ਸਕਾਰਾਤਮਕ ਨਤੀਜਾ ਮਿਲਿਆ ਹੈ ਜਦਕਿ ਇੱਕ ਪੀ ਸੀ ਆਰ ਟੈਸਟ ਦੇ ਨਤੀਜੇ ਦੀ ਉਡੀਕ ਕਰ ਰਹੇ ਹਨ। ਇਸ ਹਫਤੇ ਦੇ ਸ਼ੁਰੂ ਵਿੱਚ ਉਹ ਥੱਕੇ ਹੋਏ ਮਹਿਸੂਸ ਕਰ ਰਹੇ ਸਨ ਪਰ ਇਸ ਤੋਂ ਬਿਨਾਂ ਕਿਸੇ ਹੋਰ ਲੱਛਣਾਂ ਦਾ ਅਨੁਭਵ ਨਹੀਂ ਹੋਇਆ ਸੀ ਹਾਲਾਂਕਿ ਸ਼ੁੱਕਰਵਾਰ ਦੇ ਟੈਸਟ ਤੋਂ ਪਹਿਲਾਂ, ਸਿਸੋਲਕ ਨੇ 2 ਅਤੇ 6 ਨਵੰਬਰ ਨੂੰ ਨਕਾਰਾਤਮਕ ਟੈਸਟ ਦੇ ਨਤੀਜੇ ਵੀ ਪ੍ਰਾਪਤ ਕੀਤੇ ਸਨ। ਸਿਸੋਲਕ ਨੇ ਕਿਹਾ ਕਿ ਫਿਲਹਾਲ ਉਹ ਕੋਈ ਕੋਵਿਡ -19 ਦੇ ਲੱਛਣਾਂ ਦਾ ਅਨੁਭਵ ਨਹੀਂ ਕਰ ਰਹੇ ਹਨ ਪਰ ਇਕਾਂਤਵਾਸ ਹੋਣ ਲਈ ਆਪਣੀ ਰਿਹਾਇਸ਼ ਵਿੱਚ ਵਾਪਸ ਪਰਤ ਆਏ ਹਨ। ਸਿਸੋਲਕ ਆਖਰੀ ਵਾਰ ਵੀਰਵਾਰ ਨੂੰ ਕਾਰਸਨ ਸਿਟੀ ਸਥਿਤ ਆਪਣੇ ਕੈਪੀਟਲ ਦਫਤਰ ਵਿੱਚ ਸਨ। ਸੁਰੱਖਿਆ ਕਾਰਨਾਂ ਕਰਕੇ ਰਾਜਪਾਲ ਦੇ ਸਾਰੇ ਭਵਿੱਖ ਦੇ ਜਨਤਕ ਸਮਾਗਮਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਨੇਵਾਡਾ ਵਿੱਚ ਵਾਇਰਸ ਦੀ ਲਾਗ ਵਧ ਰਹੀ ਹੈ।ਜੋਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਸ਼ੁੱਕਰਵਾਰ ਤੱਕ, ਨੇਵਾਡਾ ਵਿੱਚ 116,737 ਕੋਵਿਡ -19 ਕੇਸ ਅਤੇ 1,893 ਮੌਤਾਂ ਹੋਈਆਂ ਹਨ।

# ਕਾਤਲਾਂ ਦੇ ਹੌਸਲੇ ਬੁਲੰਦ, ਘਰ 'ਚ ਦਾਖਲ ਹੋ ਕੇ ਮਾਰੀ ਗੋਲੀ

ਫਰਿਜ਼ਨੋ ਵਿੱਚ ਗੋਲੀਬਾਰੀ ਦੇ ਮਾਮਲਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸ਼ਹਿਰ ਵਿੱਚ ਅਪਰਾਧੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਘਰ ਵਿੱਚ ਦਾਖਲ ਹੋ ਕੇ ਗੋਲੀ ਮਾਰਨ ਤੋਂ ਵੀ ਗੁਰੇਜ ਨਹੀ ਕਰਦੇ। ਅਜਿਹੇ ਹੀ ਇੱਕ ਮਾਮਲੇ ਦੀ ਪੁਲਿਸ ਨੇ ਸ਼ਨੀਵਾਰ ਨੂੰ ਪੁਸ਼ਟੀ ਕੀਤੀ ਹੈ, ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਸੈਂਟਰਲ ਫਰਿਜ਼ਨੋ ਵਿੱਚ ਘਰ ਦੀ ਦਲਾਨ ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਸ ਕਤਲ ਨਾਲ ਸ਼ਹਿਰ ਵਿੱਚ ਇਸ ਸਾਲ ਦੌਰਾਨ ਹੋਏ ਕਤਲਾਂ ਦੀ ਗਿਣਤੀ ਲਗਭੱਗ 55 ਹੋ ਗਈ ਹੈ।ਪੁਲਿਸ ਅਧਿਕਾਰੀ ਇਜ਼ਰਾਈਲ ਰੇਅਜ਼ ਦੇ ਅਨੁਸਾਰ ਵੇਬਰ ਖੇਤਰ ਵਿੱਚ ਸ਼ੁੱਕਰਵਾਰ ਨੂੰ ਗੋਲੀਬਾਰੀ ਦੀ ਇਸ ਘਟਨਾ ਦੀ ਸੂਚਨਾ ਮਿਲਣ ਤੇ ਅਧਿਕਾਰੀਆਂ ਨੇ 50 ਦੇ ਇੱਕ ਆਦਮੀ ਨੂੰ ਉਸਦੇ ਵਿਹੜੇ ਵਿੱਚ ਗੋਲੀ ਲੱਗਣ ਕਾਰਨ ਜਖਮੀ ਹਾਲਤ ਵਿੱਚ ਪਾਇਆ। ਉਸ ਨੂੰ ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ ਲਿਜਾਇਆ ਗਿਆ ਜਿੱਥੇ ਰਾਤ ਨੂੰ ਉਸ ਦੀ ਮੌਤ ਹੋ ਗਈ। ਪੁਲਿਸ



ਅਨੁਸਾਰ।ਪੀੜਤ ਆਪਣੇ ਦੋਸਤ ਦੇ ਨਾਲ ਘਰ ਦੀ ਦਲਾਨ ਵਿਚ ਬੈਠਾ ਖਾਣਾ ਖਾ ਰਿਹਾ ਸੀ ਤਾਂ ਇਸ ਦੌਰਾਨ ਕਿਸੇ ਅਣਪਛਾਤੇ ਸ਼ੱਕੀ ਵਿਅਕਤੀ ਨੇ ਗੋਲੀ ਚਲਾ ਕੇ ਉਸਨੂੰ ਜਖਮੀ ਕਰ ਦਿੱਤਾ। ਅਧਿਕਾਰੀ ਰੇਅਜ਼ ਅਨੁਸਾਰ ਇਸ ਮਾਮਲੇ ਦੇ ਦੋਸ਼ੀ ਸ਼ੂਟਰ ਦੇ ਵੇਰਵੇ ਅਜੇ ਮੌਜੂਦ ਨਹੀਂ ਹਨ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Dharminder Singh

Call : Dharminder Singh

Cell : 530-870-6600 Fax : (530) 870-1429

532, Houston St.

West Sacramento, CA 95691

Email: myfuturetruck@gmail.com

# ਭਗਵਾਨ ਵਿਸ਼ਵਕਰਮਾ ਜੀ ਦੇ ਪੁਰਬ 'ਤੇ ਬਸਪਾ ਪੰਜਾਬ ਵਲੋਂ ਲੱਖ ਲੱਖ ਵਧਾਈ



ਹਾਥੀਆਂ ਦੇ ਸਵਾਰ, ਹੰਸਾਂ ਦੇ ਪਿਆਰੇ, ਸੰਦਾਂ ਯੰਤਰਾਂ (God Of Tools) ਦੇ ਭਗਵਾਨ ਵਿਸ਼ਵਕਰਮਾ ਜੀ ਨੂੰ ਸਮੂਹ ਜਾਤਾਂ ਧਰਮਾਂ ਦੇ ਕਿਰਤੀ ਲੋਕ ਆਪਣੇ ਸੰਦ ਯੰਤਰਾਂ ਦਾ ਦੇਵਤਾ ਮੰਨਦੇ ਹਨ। ਖ਼ਾਸ ਤੌਰ ਤੇ ਰਾਮਗੜ੍ਹੀਆ ਤਰਖਾਣ ਲੁਹਾਰ ਭਾਈਚਾਰਿਆਂ ਦਾ ਸਮਾਜ ਜਿਹਨਾਂ ਦਾ ਪੰਜਾਬ ਤੇ ਦੇਸ਼ ਦੀ ਤਰੱਕੀ ਵਿਚ ਬਹੁਤ ਯੋਗਦਾਨ ਹੈ, ਉਹਨਾਂ ਨੂੰ ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਲੱਖ ਲੱਖ ਵਧਾਈ।

ਆਜਾਦੀ ਦੇ 73ਸਾਲਾਂ ਵਿਚ ਪੰਜਾਬ ਵਿੱਚ ਰਾਮਗੜ੍ਹੀਆ ਤਰਖਾਣ ਲੁਹਾਰ ਆਦਿ ਭਾਈਚਾਰੇ ਜੋਕਿ ਪਛੜੀਆਂ ਸ਼੍ਰੇਣੀਆਂ ਓਬੀਸੀ ਕੈਟਾਗਰੀ ਵਿਚ ਆਉਂਦੇ ਹਨ, ਅੱਜ ਤੱਕ ਇਹਨਾਂ ਜਾਤਾਂ ਨੂੰ ਨੌਕਰੀਆਂ, ਵਿਦਿਅਕ ਅਦਾਰਿਆਂ ਆਦਿ ਵਿਚ 27.5% ਰਾਖਵਾਂਕਰਨ ਦੇਣ ਵਾਲੀ ਮੰਡਲ ਕਮਿਸ਼ਨ ਰਿਪੋਰਟ ਕਾਂਗਰਸ ਅਤੇ ਅਕਾਲੀ ਭਾਜਪਾ ਦੀਆਂ ਸਰਕਾਰਾਂ ਨੇ ਲਾਗੂ ਨਹੀਂ ਕੀਤੀ ਹੈ। ਬਸਪਾ ਪੰਜਾਬ ਵਿੱਚ ਜਿੱਥੇ ਅੱਜ ਭਗਵਾਨ ਵਿਸ਼ਵਕਰਮਾ ਜੀ ਨੂੰ ਨਮਨ ਕਰਦੀ ਹੈ, ਉਥੇ ਹੀ ਓਬੀਸੀ ਕੈਟਾਗਰੀ ਦੇ ਸਾਰੀਆਂ ਜਾਤਾਂ ਨੂੰ ਵਾਅਦਾ ਕਰਦੀ ਹੈ ਕਿ ਬਸਪਾ ਦੀ ਸਰਕਾਰ ਬਣਨ ਤੇ 24ਘੰਟਿਆਂ ਵਿੱਚ ਸਭ ਤੋਂ ਪਹਿਲਾਂ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੇਗੀ, ਤਾਂਕਿ ਓਬੀਸੀ ਕੈਟਾਗਰੀ ਦੀਆਂ ਜਾਤਾਂ ਵੀ ਪੰਜਾਬ ਵਿੱਚ ਹੋਰ ਵਧੇਰੇ ਤਰੱਕੀ ਦਾ ਰਸਤਾ ਫੜ ਸਕਣ।

ਵਲੋਂ:-
**ਜਸਵੀਰ ਸਿੰਘ ਗੜ੍ਹੀ**
**ਪੰਜਾਬ ਪ੍ਰਧਾਨ, ਬਹੁਜਨ ਸਮਾਜ ਪਾਰਟੀ**




# ਕਾਂਗਰਸ ਛੱਡਕੇ ਗੁਰਲਾਲ ਸੈਲਾ ਤੇ ਸੀਕਰੀ ਨੇ ਕੀਤੀ ਘਰ ਵਾਪਸੀ, ਪੰਜਾਬ ਵਿੱਚ ਬਸਪਾ ਤੀਜੀ ਧਿਰ ਬਣੇਗੀ- ਜਸਵੀਰ ਗੜ੍ਹੀ

## ਪੰਜਾਬ ਅਤੇ ਬਹੁਜਨ ਸਮਾਜ ਦੇ ਹਿਤ ਵਿਚ ਬਸਪਾ ਦੇ ਦਰਵਾਜ਼ੇ ਸਭ ਲਈ ਖੁੱਲੇ - ਬੈਨੀਵਾਲ



**ਜਲੰਧਰ-** ਬਹੁਜਨ ਸਮਾਜ ਪਾਰਟੀ ਨੇ ਅੱਜ ਫਿਰ ਵੱਡਾ ਧਮਾਕਾ ਕਰਦੇ ਹੋਏ ਕਾਂਗਰਸ 'ਚ ਪਾੜ ਪਾਕੇ ਨਵੇਂ ਯੁੱਗ ਦਾ ਆਗਾਜ਼ ਕੀਤਾ ਹੈ। ਕਾਂਗਰਸ ਦੇ ਮੌਜੂਦਾ ਸੀਨੀਅਰ ਆਗੂ ਸ੍ਰੀ ਗੁਰਲਾਲ ਸੈਲਾ, ਕਾਂਗਰਸ ਦੇ ਮੌਜੂਦਾ ਜ਼ਿਲਾ ਪ੍ਰੀਸ਼ਦ ਮੈਂਬਰ ਸਮਿੱਤਰ ਸਿੰਘ ਸੀਕਰੀ, ਸ੍ਰੀ ਸੋਮ ਨਾਥ ਬੈਂਸ, ਮਨਜੀਤ ਕੁਮਾਰ ਮੰਜੂ ਬਲਾਕ ਸੰਮਤੀ ਮੈਂਬਰ ਬਜਵਾੜਾ, ਬਲਦੇਵ ਸਿੰਘ ਰੰਧਾਵਾ, ਸੁਰਿੰਦਰ ਸਿੰਘ ਛਿੰਦਾ ਪੰਚਾਇਤ ਮੈਂਬਰ , ਜਸਵਿੰਦਰ ਸਿੰਘ ਬੱਸੀ ਕਿੱਕਰਾਂ ਪੰਚਾਇਤ ਮੈਂਬਰ, ਸ਼ੰਕਰ ਦਾਸ ਨੰਦਨ, ਪਰਮਜੀਤ ਧਰਮਸੋਤ ਨੇ ਕਾਂਗਰਸ ਨੂੰ ਪੋਸਟਮੈਟ੍ਰਿਕ ਸਕਾਰਲਸ਼ਿਪ ਤੇ ਦਲਿਤ ਵਿਰੋਧੀ ਨੀਤੀਆਂ ਕਰਕੇ ਛੱਡਕੇ ਮੁੜ ਘਰ ਵਾਪਸੀ ਕਰਦੇ ਹੋਏ ਬਹੁਜਨ ਸਮਾਜ ਪਾਰਟੀ ਵਿਚ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ ਅਤੇ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਸ਼ਾਮਿਲ ਹੋਏ। ਬਸਪਾ ਦੇ ਮੁੱਖ ਦਫਤਰ ਜਲੰਧਰ ਵਿਚ ਬਸਪਾ ਵਰਕਰਾਂ ਦੇ ਵਿਸ਼ਾਲ ਇਕੱਠ ਵਿੱਚ ਠਾਠਾਂ ਮਾਰਦਾ ਜੋਸ਼ ਤੇ ਆਸਮਾਨ ਗੂੰਜਦੀ ਨਾਹਰੇਬਾਜੀ ਨਾਲ ਬਸਪਾ ਵਿਚ ਨਵੇਂ ਉੱਠਦੇ ਪਰਚੰਡ ਅੰਦੋਲਨ ਦੀਆ ਸਪਸਟ ਉਜਾਗਰ ਨਿਸ਼ਾਨੀਆਂ ਦਿੱਖ ਰਹੀਆਂ ਹਨ।

ਉਪਰੰਤ ਸ੍ਰੀ ਬੈਨੀਵਾਲ ਨੇ ਕਿਹਾ ਪੰਜਾਬ ਤੇ ਬਹੁਜਨ ਸਮਾਜ ਦੇ ਹਿੱਤ ਵਿੱਚ ਬਸਪਾ ਦੇ ਦਰਵਾਜ਼ੇ ਸਭ ਲਈ ਖੁੱਲੇ ਹਨ। ਪੰਜਾਬ ਪ੍ਰਧਾਨ ਸਰਦਾਰ ਗੜ੍ਹੀ ਨੇ ਕਿਹਾ ਕਿ ਬਸਪਾ ਦਾ ਸੁਨਹਿਰੀ ਯੁੱਗ ਪੰਜਾਬ ਵਿੱਚ ਬਸਪਾ ਦੀ ਲੀਡਰਸ਼ਿਪ ਵਿੱਚ ਸ਼ੁਰੂ ਹੋ ਚੁੱਕਾ ਹੈ।

ਇਹ ਸਮੁੱਚੀ ਵਰਕਰਾਂ ਤੇ ਲੀਡਰਸ਼ਿਪ ਦੀ ਮਿਹਨਤ ਹੈ ਕਿ ਅੱਜ ਬਸਪਾ ਪੰਜਾਬ ਵਿੱਚ ਰਾਜਨੀਤੀ ਦਾ ਧੁਰਾ ਬਣੀ ਗਈ ਹੈ। ਕਾਂਗਰਸ ਦੀਆ ਦਲਿਤ- ਪਛੜਾ ਵਿਰੋਧੀ ਨੀਤੀਆਂ ਤੋਂ ਅੱਜ ਕਾਂਗਰਸੀ ਲੀਡਰ ਇੰਨੇ ਪ੍ਰੇਸ਼ਾਨ ਹਨ ਕਿ ਕਾਂਗਰਸ ਦੇ ਡੁਬਦੇ ਜਹਾਜ਼ ਵਿਚੋਂ ਟਕਸਾਲੀ ਕਾਂਗਰਸੀ ਵੀ ਬਸਪਾ ਵਿਚ ਸ਼ਾਮਿਲ ਹੋਣਗੇ। ਸ੍ਰੀ ਗੁਰਲਾਲ ਸੈਲਾ ਜੋ ਕਿ ਬਸਪਾ ਦੇ ਸਾਬਕਾ ਪੰਜਾਬ ਪ੍ਰਧਾਨ ਵੀ ਰਹੇ ਸਨ, ਨੇ ਕਿਹਾ ਕਿ ਕਾਂਗਰਸ ਦੁਸ਼ਮਣ ਪਾਰਟੀ ਸੀ ਹੁਣ ਜਿਸ ਵਿੱਚ ਮੇਰਾ ਜਾਣਾ ਠੀਕ ਨਹੀਂ ਸੀ। ਹੁਣ ਘਰ ਵਾਪਸੀ ਕਰਕੇ ਪਿਛਲੀਆਂ ਕਮੀਆਂ ਦੂਰ ਕਰਕੇ ਕਾਂਗਰਸ ਨੂੰ ਸਬਕ ਸਿਖਾਵਾਂਗਾ। ਜ਼ਿਲਾ ਪ੍ਰੀਸ਼ਦ ਮੈਂਬਰ ਸ੍ਰੀ ਸਮਿਤਰ ਸੀਕਰੀ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਲੀਡਰਸ਼ਿਪ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਹਨੇਰੀ ਦੀ ਤੇਜ਼ੀ ਨਾਲ ਰਾਜਸੱਤਾ ਲਈ ਉੱਸਲਵਟੇ ਲੈ ਰਹੀ ਹੈ, ਇਸ ਸੁਭਾਗੇ ਮੌਕੇ ਸਾਰੇ ਬਹੁਜਨ ਸਮਾਜ ਨੂੰ ਬਸਪਾ ਨਾਲ ਮੁੜ ਜੁੜਨਾ ਚਾਹੀਦਾ ਹੈ। ਇਸ ਮੌਕੇ ਸ੍ਰੀ ਭਗਵਾਨ ਸਿੰਘ ਚੌਹਾਨ ਤੇ ਡਾਕਟਰ ਨਛੱਤਰ ਪਾਲ ਨੇ ਕਿਹਾ ਕਿ ਬਸਪਾ ਵਿੱਚ ਸਾਰਿਆਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਡਾ ਨਛੱਤਰ ਪਾਲ, ਭਗਵਾਨ ਸਿੰਘ ਚੌਹਾਨ, ਅਜੀਤ ਸਿੰਘ ਭੈਣੀ, ਰਾਜਿੰਦਰ ਸਿੰਘ ਰੀਹਲ, ਚਮਕੌਰ ਸਿੰਘ, ਰਾਜਾ ਰਜਿੰਦਰ ਸਿੰਘ ਨਨਹੇੜੀਆ, ਗੁਰਮੇਲ ਚੁੰਬਰ, ਪੀ.ਡੀ. ਸ਼ਾਂਤ, ਮਨਜੀਤ ਅਟਵਾਲ, ਸ਼ਵਿੰਦਰ ਸਿੰਘ ਛੱਜਲਵਡੀ, ਲਾਲ ਸਿੰਘ ਸੁਲਹਾਣੀ, ਰਣਜੀਤ ਕੁਮਾਰ, ਹਰਭਜਨ ਸਿੰਘ ਬਜ਼ਹੇਰੀ, ਰਮੇਸ਼ ਕੋਲ, ਮੋਹਿੰਦਰ ਸਿੰਘ ਸੰਧਰਾਂ, ਰਾਮ ਪਾਲ ਅਬਿਆਣਾ, ਸਤਪਾਲ ਪਾਲਾ, ਡਾਕਟਰ ਮਹਿੰਦਰ ਪਾਲ, ਜੇਪੀ ਭਗਤ, ਧਰਮਪਾਲ ਭਗਤ, ਸੰਤ ਰਾਮ ਮੱਲੀਆਂ, ਤਰਸੇਮ ਥਾਪਰ, ਬਲਜੀਤ ਸਿੰਘ ਭਾਰਾਪੁਰ, ਸੁਰਿੰਦਰ ਸਿੰਘ ਸਹੋਰਾ, ਹਰਨੇਕ ਸਿੰਘ ਮੋਹਾਲੀ, ਪਰਵੀਨ ਬੰਗਾ, ਮਨਿੰਦਰ ਸ਼ੇਰਪੁਰੀ, ਅਵਤਾਰ ਕ੍ਰਿਸ਼ਨ, ਸਵਰਨ ਸਿੰਘ ਕਲਿਆਣ, ਪਰਮਜੀਤ ਮੱਲ, ਐਡਵੋਕੇਟ ਵਿਜੈ ਬੱਧਣ, ਅੰਮ੍ਰਿਤਪਾਲ ਭੌਂਸਲੇ, ਗੋਵਿੰਦ ਰਾਮ ਕਾਨੂੰਗੋ, ਪਰਵਿੰਦਰ ਬਿੱਕਾ, ਤੀਰਥ ਰਾਜਪੁਰਾ, ਲਾਲ ਚੰਦ ਔਜਲਾ, ਹਰਿੰਦਰ ਸ਼ੀਤਲ, ਕੁਲਦੀਪ ਬੰਗੜ, ਵਿਨੇ ਮਹੇ, ਕਮਲ ਮਹਿਮੀ, ਹੰਸ ਰਾਜ ਸੇਵਰਾ ਆਦਿ ਵੱਡੀ ਗਿਣਤੀ ਵਿਚ ਬਸਪਾ ਵਰਕਰ ਤੇ ਸਮਰਥਕ ਮੌਜੂਦ ਸਨ।

## ਬੁਝਾਰਤਾਂ

1 ਸ਼ੁਕਰ-ਸ਼ੁਕਰ ਘਰ ਬੰਨਿਆ, ਦਰ ਨੂੰ ਲਾਈ ਅੱਗ,
ਭਲੀ ਹੋਈ ਘਰ ਜਲ਼ ਗਿਆ, ਸ਼ੋਭਾ ਹੋਈ ਵਿਚ ਜੱਗ।

2 ਕੁੱਕੜੀ ਚਿੱਟੀ ਨੀਲੇ ਪੈਰ, ਕੁੱਕੜੀ ਚੱਲੀ ਸ਼ਹਿਰੋਂ-ਸ਼ਹਿਰ।

3 ਮੇਰੇ ਦੰਦ ਕੋਈ ਨਾ, ਮੇਰੀ ਰੋਟੀ ਪੱਥਰ।
ਮੀਲਾਂ ਮੀਲਾਂ ਉੱਤੇ, ਦਿੰਦਾ ਯਾਰਾਂ ਦੇ ਪੱਤਰ।

4 ਨਿੱਕਾ ਜਿਹਾ ਵਹਿੜਕਾ,ਦੋ ਸਿੰਗੀ ਮਾਰੇ।

5 ਨਵੀਂ ਨਵੀਂ ਵਹੁਟੀ ਆਈ, ਢਿੱਡ ਨੂੰ ਮਹਿੰਦੀ ਲਾਈ।

6 ਜਿਉਂਦੀ ਵੀ ਕੰਨ ਹਿਲਾਵੇ, ਮਰੀ ਵੀ ਕੰਨ ਹਿਲਾਵੇ।

7 ਅੱਖ ਮੀਚੇ ਤੇ ਜੰਮਦੀ, ਬਿਨ ਮੀਚੇ ਮਰ ਜਾਏ,
ਇਸ ਗਰੀਬਣੀ ਦਾ ਕੀ ਮਰਨਾ, ਜਿਹੜੀ ਆਪਣੇ ਆਪ ਮਰ ਜਾਏ।

8 ਐਨੀ ਕੁ ਹੱਟੀ, ਵਿਚ ਬੈਠੀ ਗੁਲਾਬੋ ਜੱਟੀ।

9 ਖ਼ੂਨ ਤੇਰਾ ਮੈਂ ਪੀਣਾ, ਤੂੰ ਹੋ ਜਾ ਹੁਸ਼ਿਆਰ,
ਕੰਨ੍ਹ ਖੋਲ੍ਹ ਕੇ ਸੁਣ ਲੈ, ਮੈਂ ਆਖਾਂ ਬਾਰੋਬਾਰ।

10 ਚੀਜ਼ਾਂ ਵਿਚੋਂ ਚੀਜ਼ ਅਨੋਖੀ, ਬਿਨਾਂ ਛਿਲਕੇ ਤੋਂ ਵਿਕਦੀ ਦੇਖੀ।

ਉੱਤਰ-(1) ਆਵਾ, (2) ਚਿੱਠੀ, (3) ਕਬੂਤਰ, (4) ਭੱਖੜਾ, (5) ਸਾਗ ਦੀ ਤੌੜੀ, (6) ਅੱਖ, (7) ਬੈਟਰੀ, (8) ਜੀਭ, (9) ਮੱਛਰ, (10) ਬਰਫ਼।



**ਤਸਵਿੰਦਰ ਸਿੰਘ ਬੜੈਚ**
91-98763-22677




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

# ਵਾਸ਼ਿੰਗਟਨ ਵਿੱਚ ਟਰੰਪ ਸਮਰਥਕਾਂ ਦਾ ਪ੍ਰਦਰਸ਼ਨ ਹੋਇਆ ਹਿੰਸਕ, 20 ਗ੍ਰਿਫਤਾਰ





**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚੋਣਾਂ ਵਿੱਚ ਮਿਲੀ ਹਾਰ ਦੇ ਬਾਅਦ ਉਹਨਾਂ ਵੱਲੋਂ ਚੋਣ ਪ੍ਰਕਿਰਿਆ 'ਤੇ ਧੋਖਾਧੜੀ ਦੇ ਇਲਜਾਮ ਲਗਾਏ ਗਏ , ਇਸ ਦੌਰਾਨ ਟਰੰਪ ਸਮਰੱਥਕ ਵੀ ਅਵਾਜ਼ ਉਠਾ ਰਹੇ ਹਨ। ਇਸ ਹੀ ਲੜੀ ਤਹਿਤ ਵਾਸ਼ਿੰਗਟਨ ਡੀ.ਸੀ. ਵਿੱਚ ਟਰੰਪ ਹਮਾਇਤੀਆਂ ਦੁਆਰਾ ਸ਼ਨੀਵਾਰ ਨੂੰ ਪ੍ਰਦਰਸ਼ਨ ਕੀਤਾ ਗਿਆ। ਦਿਨ ਸਮੇਂ ਸ਼ਾਂਤਮਈ ਰਿਹਾ ਇਹ ਪ੍ਰਦਰਸ਼ਨ ਰਾਤ ਨੂੰ ਉਸ ਵੇਲੇ ਹਿੰਸਕ ਹੋ ਗਿਆ ਜਦ ਦੇਸ਼ ਦੀ ਰਾਜਧਾਨੀ ਵਿੱਚ ਟਰੰਪ ਦੇ ਪੱਖ ਪੂਰਨ ਵਾਲੇ ਪ੍ਰਦਰਸ਼ਨ ਕਾਰੀ ਵਿਰੋਧੀਆਂ ਨਾਲ ਭਿੜ ਗਏ।ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਨੇ ਕਈ ਦੋਸ਼ਾਂ ਵਿੱਚ ਘੱਟੋ ਘੱਟ 20 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ ਹਥਿਆਰ ਵੀ ਸ਼ਾਮਿਲ ਹਨ। ਇਸ ਦੌਰਾਨ ਇੱਕ ਵਿਅਕਤੀ ਦੇ ਛੁਰਾ ਵੱਜਣ ਦੇ ਨਾਲ ਦੋ ਪੁਲਿਸ ਅਧਿਕਾਰੀ ਜ਼ਖਮੀ ਹੋ ਗਏ ਸਨ।ਵਾਸ਼ਿੰਗਟਨ ਵਿੱਚ ਇਹ ਭੀੜ ਸ਼ਨੀਵਾਰ ਸਵੇਰੇ ਇਕੱਠੀ ਹੋਣ ਲੱਗੀ ਸੀ ਅਤੇ ਟਰੰਪ ਦੀ ਲਿਮੋਜ਼ਿਨ ਦੇ ਫਰੀਡਮ ਪਲਾਜ਼ਾ ਦੇ ਨੇੜੇ ਆਉਂਦੇ ਹੀ ਲੋਕਾਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਗਲੀ ਦੇ ਦੋਵੇਂ ਪਾਸੇ ਲਾਈਨਾਂ ਲਗਾ ਕੇ ਆਪਣਾ ਉਤਸ਼ਾਹ ਦਿਖਾਇਆ। ਪ੍ਰਦਰਸ਼ਨਕਾਰੀ ਟਰੰਪ ਦਾ ਸਾਥ ਦਿੰਦੇ ਹੋਏ ਵੋਟ ਗਿਣਤੀ ਵਿਰੁੱਧ ਰੋਸ਼ ਪ੍ਰਗਟ ਕਰ ਰਹੇ ਸਨ। ਇਸ ਤੋਂ ਬਾਅਦ ਟਰੰਪ ਆਪਣੀ ਕਾਰ ਵਿੱਚ ਵਰਜੀਨੀਆਂ ਗੋਲਫ ਕਲੱਬ ਚਲੇ ਗਏ। ਰਾਤ ਨੂੰ ਇਸ ਮਾਰਚ ਦੇ ਤਣਾਅ ਪੂਰਨ ਹੋਣ ਤੋਂ ਪਹਿਲਾਂ ਟਰੰਪ ਦੇ ਸਮਰੱਥਕਾਂ ਦੇ ਛੋਟੇ ਸਮੂਹਾਂ ਨੇ ਵ੍ਹਾਈਟ ਹਾਊਸ ਦੇ ਇਕ ਬਲਾਕ ਦੇ ਨੇੜੇ ਬਲੈਕ ਲਿਵਜ਼ ਮੈਟਰ ਪਲਾਜ਼ਾ ਦੇ ਆਸਪਾਸ ਦੇ ਖੇਤਰ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਜਿੱਥੇ ਪਹਿਲਾਂ ਹੀ ਕਈ ਟਰੰਪ ਵਿਰੋਧੀ ਪ੍ਰਦਰਸ਼ਨਕਾਰੀ ਇਕੱਠੇ ਹੋਏ ਸਨ।ਟਰੰਪ ਸਮਰੱਥਕ ਜੋ ਉਸ ਖੇਤਰ ਵਿੱਚ ਪਹੁੰਚੇ ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ ਜਿਸ ਨਾਲ ਕਿ ਇਹ ਕਾਰਵਾਈ ਹਿੰਸਕ ਹੋ ਗਈ। ਇਸ ਹਿੰਸਕ ਹੋਈ ਭੀੜ ਵਿੱਚ ਪੁਲਿਸ ਦੁਆਰਾ ਕਈ ਗ੍ਰਿਫਤਾਰ ਵੀ ਕੀਤੇ ਗਏ। ਡੈਮੋਕਰੇਟ ਜੋਅ ਬਾਈਡੇਨ ਨੂੰ ਚੋਣਾਂ ਦਾ ਵਿਜੇਤਾ ਘੋਸ਼ਿਤ ਕੀਤੇ ਜਾਣ ਤੋਂ ਇਕ ਹਫ਼ਤੇ ਬਾਅਦ, ਟਰੰਪ ਦੀ ਹਿਮਾਇਤ ਵਿੱਚ ਪ੍ਰਦਰਸ਼ਨ ਹੋਰ ਸ਼ਹਿਰਾਂ ਵਿੱਚ ਵੀ ਕੀਤੇ ਗਏ ਹਨ।

## ਅਲਾਸਕਾ ਵਿੱਚ ਲੈਂਡਿੰਗ ਕਰਦੇ ਸਮੇਂ ਭਾਲੂ ਨਾਲ ਟਕਰਾਇਆ ਜਹਾਜ਼




**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਲਾਸਕਾ ਏਅਰਲਾਈਨ ਦੇ ਇੱਕ ਜੈੱਟਲਾਈਨਰ ਨੇ ਸ਼ਨੀਵਾਰ ਨੂੰ ਲੈਂਡਿੰਗ ਕਰਨ ਵੇਲੇ ਭੂਰੇ ਰੰਗ ਦੇ ਭਾਲੂ ਨੂੰ ਟੱਕਰ ਮਾਰ ਦਿੱਤੀ, ਇਸ ਹਾਦਸੇ ਵਿੱਚ ਇਸ ਜਾਨਵਰ ਦੀ ਮੌਤ ਹੋ ਗਈ ਜਦਕਿ ਜਹਾਜ਼ ਨੂੰ ਵੀ ਨੁਕਸਾਨ ਪਹੁੰਚਿਆ ਹੈ। ਜਾਣਕਾਰੀ ਅਨੁਸਾਰ ਦੱਖਣ-ਪੂਰਬ ਅਲਾਸਕਾ ਦੇ ਯਕੁਟੈਟ ਹਵਾਈ ਅੱਡੇ 'ਤੇ ਹੋਏ ਹਾਦਸੇ ਦੌਰਾਨ ਜਹਾਜ਼ ਵਿਚ ਸਵਾਰ ਯਾਤਰੀਆਂ ਜਾਂ ਚਾਲਕ ਦਲ ਦੇ ਮੈਂਬਰਾਂ ਵਿਚੋਂ ਕੋਈ ਵੀ ਜ਼ਖਮੀ ਨਹੀਂ ਹੋਇਆ।ਅਲਾਸਕਾ ਦੇ ਆਵਾਜਾਈ ਅਤੇ ਜਨਤਕ ਸਹੂਲਤਾਂ ਵਿਭਾਗ ਦੇ ਬੁਲਾਰੇ ਸੈਮ ਡਾਪਸੇਵਿਚ ਅਨੁਸਾਰ ਬੋਇੰਗ 737-700 ਦੀ ਟੱਕਰ ਨਾਲ ਭਾਲੂ ਦੀ ਮੌਤ ਹੋ ਗਈ ਹੈ ਜਦਕਿ ਉਸਦੇ ਬੱਚੇ ਦੀ ਹਾਦਸੇ ਵਿੱਚ ਬੱਚਤ ਹੋ ਗਈ ਹੈ। ਡਾਪਸੇਵਿਚ ਨੇ ਦੱਸਿਆ ਕਿ ਹਵਾਈ ਅੱਡੇ ਦੇ ਮੈਂਬਰਾਂ ਨੇ ਉਡਾਣ ਦੇ ਉਤਰਨ ਤੋਂ 10 ਮਿੰਟ ਪਹਿਲਾਂ ਰਨਵੇ ਨੂੰ ਸਾਫ ਕਰ ਦਿੱਤਾ ਸੀ ਪਰ ਪਾਇਲਟਾਂ ਨੇ ਦੋ ਭਾਲੂਆਂ ਨੂੰ ਰਨਵੇ ਪਾਰ ਕਰਦਿਆਂ ਵੇਖਿਆ ਸੀ ਅਤੇ ਹਵਾਈ ਜਹਾਜ਼ ਪਾਰਕਿੰਗ ਵਾਲੇ ਖੇਤਰ ਵਿੱਚ ਭਾਲੂ ਨਾਲ ਟਕਰਾ ਗਿਆ। ਇਸ ਹਾਦਸੇ ਵਿੱਚ ਜੈੱਟ ਦੇ ਖੱਬੇ ਇੰਜਨ ਦੇ ਕਾਉਲਿੰਗ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਤਕਨੀਸ਼ੀਅਨ ਜਹਾਜ਼ ਦੀ ਮੁਰੰਮਤ ਲਈ ਕੰਮ ਕਰ ਰਹੇ ਹਨ। ਇਸ ਹਵਾਈ ਅੱਡੇ ਨੂੰ ਇਕ ਵਾੜ ਦੁਆਰਾ ਅੰਸ਼ਕ ਤੌਰ ਤੇ ਬੰਦ ਕੀਤਾ ਗਿਆ ਹੈ ਅਤੇ ਕਰਮਚਾਰੀ ਜੰਗਲੀ ਜਾਨਵਰਾਂ ਤੋਂ ਖ਼ਤਰੇ ਸੰਬੰਧੀ ਬਚਣ ਦੀ ਸਾਲਾਨਾ ਸਿਖਲਾਈ ਵੀ ਲੈਂਦੇ ਹਨ।

## ਮੱਧ ਅਮਰੀਕਾ ਲਈ ਇੱਕ ਨਵੇਂ ਤੂਫ਼ਾਨ ਆਈਓਟਾ ਦਾ ਖਤਰਾ





**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਇਸ ਸਾਲ ਅਮਰੀਕਾ ਅਤੇ ਮੱਧ ਅਮਰੀਕੀ ਖੇਤਰਾਂ ਨੂੰ ਤੂਫ਼ਾਨਾਂ ਨੇ ਵੀ ਘੇਰਿਆ ਹੋਇਆ ਹੈ। ਅਜੇ ਕੁੱਝ ਦਿਨ ਪਹਿਲਾਂ ਹੀ ਤੂਫ਼ਾਨ ਏਟਾ ਨੇ ਕਾਫੀ ਤਬਾਹੀ ਮਚਾਈ ਸੀ ਅਤੇ ਹੁਣ ਇੱਕ ਨਵੇਂ ਤੂਫ਼ਾਨ ਆਈਓਟਾ ਦਾ ਖਤਰਾ ਮੱਧ ਅਮਰੀਕਾ ਉੱਤੇ ਪੈਦਾ ਹੋ ਗਿਆ ਹੈ। ਤੂਫਾਨ ਆਈਓਟਾ ਪੱਛਮੀ ਕੈਰੇਬੀਅਨ ਵਿੱਚ ਸੋਮਵਾਰ ਸਵੇਰ ਨੂੰ ਖ਼ਤਰਨਾਕ ਸ਼੍ਰੇਣੀ 4 ਦਾ ਤੂਫਾਨ ਬਣ ਗਿਆ ਹੈ ।ਮੌਸਮ ਵਿਭਾਗ ਦੀ ਭਵਿੱਖਬਾਣੀ ਅਨੁਸਾਰ ਆਈਓਟਾ ਮਜ਼ਬੂਤ ਹੋਣ ਦੇ ਸੰਕੇਤ ਦਿਖਾ ਰਿਹਾ ਹੈ ਅਤੇ ਕੇਂਦਰੀ ਅਮਰੀਕਾ ਪਹੁੰਚਣ ਤੱਕ ਇਹ ਸ਼੍ਰੇਣੀ 5 ਦਾ ਤੂਫਾਨ ਹੋ ਸਕਦਾ ਹੈ। ਇਸਦੇ ਖਤਰੇ ਕਰਕੇ ਨਿਕਾਰਾਗੁਆ ਅਤੇ ਹੋਂਡੁਰਸ ਦੇ ਨੀਵੇਂ ਇਲਾਕਿਆਂ ਤੋਂ ਲੋਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ ਜਦਕਿ ਐਤਵਾਰ ਰਾਤ ਨੂੰ ਨਿਕਾਰਾਗੁਆ ਦੇ ਤੱਟ 'ਤੇ ਹਵਾ ਅਤੇ ਬਾਰਸ਼ ਪਹਿਲਾਂ ਹੀ ਮਹਿਸੂਸ ਕੀਤੀ ਜਾ ਰਹੀ ਸੀ। ਇਹ ਸੋਮਵਾਰ ਸਵੇਰੇ ਇੱਕ ਖਤਰਨਾਕ ਸ਼੍ਰੇਣੀ 4 ਦਾ ਤੂਫਾਨ ਬਣ ਗਿਆ ਸੀ ਅਤੇ ਸੰਯੁਕਤ ਰਾਜ ਦੇ ਰਾਸ਼ਟਰੀ ਤੂਫਾਨ ਕੇਂਦਰ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਸੋਮਵਾਰ ਦੇਰ ਸ਼ਾਮ ਤੱਕ ਕੇਂਦਰੀ ਅਮਰੀਕਾ ਵਿੱਚ ਪਹੁੰਚ ਜਾਵੇਗਾ। ਤੂਫਾਨ ਕੇਂਦਰ ਅਨੁਸਾਰ ਆਈਓਟਾ ਵਿੱਚ 4 ਸਵੇਰੇ ਵੱਧ ਤੋਂ ਵੱਧ 145 ਮੀਲ ਪ੍ਰਤੀ ਘੰਟਾ (230 ਕਿਲੋਮੀਟਰ) ਦੀ ਹਵਾ ਸੀ ਅਤੇ ਇਹ ਨਿਕੋਰਾਗੁਆ-ਹੋਂਡੁਰਸ ਸਰਹੱਦ 'ਤੇ ਕਾਬੋ ਗ੍ਰੇਸੀਅਸ ਡਾਇਓਸ ਤੋਂ ਲਗਭਗ 170 ਮੀਲ (275 ਕਿਲੋਮੀਟਰ) ਦੱਖਣ ਪੂਰਬ ਵੱਲ ਕੇਂਦ੍ਰਿਤ ਸੀ। ਇਸਦੇ ਖਤਰੇ ਨੂੰ ਭਾਪਦੇ ਹੋਏ ਹੋਂਡੁਰਸ ਵਿਚ, ਹਫਤੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਿਕਾਸੀ ਸ਼ੁਰੂ ਹੋ ਗਈ ਸੀ ਅਤੇ ਐਤਵਾਰ ਸ਼ਾਮ ਤਕ 63,500 ਲੋਕ ਉੱਤਰੀ ਖੇਤਰ ਵਿਚਲੇ 379 ਪਨਾਹਘਰਾਂ ਵਿੱਚ ਰਹਿਣ ਲਈ ਗਏ ਸਨ। ਨਿਕਾਰਾਗੁਆ ਦੇ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਦੇਰ ਦੁਪਹਿਰ ਤਕ ਲਗਭਗ 1500 ਲੋਕਾਂ ਨੂੰ ਨੀਵੇਂ ਇਲਾਕਿਆਂ ਤੋਂ ਬਾਹਰ ਕੱਢਿਆ ਗਿਆ ਸੀ।ਆਈਓਟਾ ਦੁਆਰਾ ਉੱਤਰੀ ਨਿਕਾਰਾਗੁਆ, ਹੋਂਡੁਰਸ, ਗੁਆਟੇਮਾਲਾ ਅਤੇ ਦੱਖਣੀ ਬੇਲੀਜ਼ ਵਿਚ 8 ਤੋਂ 16 ਇੰਚ (200-400 ਮਿਲੀਮੀਟਰ) ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ ਅਤੇ ਨਾਲ ਹੀ ਤੂਫ਼ਾਨ ਕੇਂਦਰ ਅਨੁਸਾਰ ਕੋਸਟਾ ਰੀਕਾ ਅਤੇ ਪਨਾਮਾ ਵਿੱਚ ਭਾਰੀ ਬਾਰਸ਼ ਅਤੇ ਸੰਭਾਵਿਤ ਹੜ੍ਹਾਂ ਦਾ ਸਾਹਮਣਾ ਵੀ ਹੋ ਸਕਦਾ ਹੈ।

## ਨਿਊਯਾਰਕ ਵਿੱਚ ਪੁਲਿਸ ਨੇ ਬੰਦ ਕਰਵਾਇਆ ਗੈਰ-ਕਾਨੂੰਨੀ ਫਾਈਟ ਕਲੱਬ



**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–**ਸਰਕਾਰ ਦੁਆਰਾ ਵਾਇਰਸ ਨੂੰ ਕਾਬੂ ਕਰਨ ਲਈ ਲਾਗੂ ਕੀਤੀਆਂ ਪਾਬੰਦੀਆਂ ਦੇ ਬਾਵਜੂਦ ਦੇਸ਼ ਵਿੱਚ ਗੈਰ-ਕਾਨੂੰਨੀ ਇਕੱਠ ਅਤੇ ਗਤੀਵਿਧੀਆਂ ਹੋਣੀਆਂ ਜਾਰੀ ਹਨ। ਇਸਦੇ ਤਾਜ਼ਾ ਮਾਮਲੇ ਵਿੱਚ ਅਧਿਕਾਰੀਆਂ ਅਨੁਸਾਰ ਨਿਊਯਾਰਕ ਸਿਟੀ ਵਿੱਚ ਬਿਨਾਂ ਲਾਇਸੈਂਸ ਦੇ ਇੱਕ ਫਾਈਟ ਕਲੱਬ ਨੂੰ ਲਗਭਗ 200 ਲੋਕਾਂ ਦੇ ਇਕੱਠ ਸਮੇਤ ਪੁਲਿਸ ਨੇ ਸ਼ਨੀਵਾਰ ਰਾਤ ਨੂੰ ਬੰਦ ਕਰਵਾਇਆ ਹੈ। "ਰੰਬਲ ਇਨ ਬ੍ਰੋਂਕਸ" ਨਾਮ ਦੇ ਇਸ ਕਲੱਬ ਵਿੱਚ ਸ਼ਾਮਿਲ ਲੋਕ ਸ਼ਰਾਬ , ਤੰਬਾਕੂਨੋਸ਼ੀ ਅਤੇ ਲੜਾਈ ਵਿੱਚ ਮਸ਼ਰੂਫ ਸਨ ਅਤੇ ਇਸ ਦੌਰਾਨ ਉਹਨਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਸਮਾਜਿਕ ਦੂਰੀ ਨਹੀ ਬਣਾਈ ਹੋਈ ਸੀ ਅਤੇ ਲਗਭੱਗ ਸਭ ਬਿਨਾਂ ਮਾਸਕ ਤੋਂ ਸਨ। ਅਧਿਕਾਰੀਆਂ ਨੇ ਲਗਭੱਗ 11:15 ਵਜੇ ,ਨਿਊਯਾਰਕ ਸਿਟੀ ਦੀ ਕੋਸਟਰ ਸਟ੍ਰੀਟ ਦੇ ਗੋਦਾਮ ਵਿਚ ਦਾਖਲ ਹੋ ਕੇ ਇਸ ਨੂੰ ਬੰਦ ਕਰਵਾਇਆ। ਇਸਦੇ ਇਲਾਵਾ ਸ਼ੈਰਿਫ ਦੇ ਦਫਤਰ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਇਸ ਕਾਰਵਾਈ ਦੌਰਾਨ ਕਈ ਹਥਿਆਰਾਂ ਦੇ ਨਾਲ ਭੰਗ ਦੀ ਮਾਤਰਾ ਵੀ ਬਰਾਮਦ ਕੀਤੀ ਗਈ। ਬ੍ਰੋਂਕਸ ਰੰਬਲ ਕਲੱਬ ਦੇ ਸੀ ਈ ਓ ਮਾਈਕਲ ਰੋਮਨ ਨੂੰ ਵੀ ਇਸ ਗਤੀਵਿਧੀ ਲਈ ਅੱਠ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿਚ ਗੈਰਕਾਨੂੰਨੀ ਇਕੱਠ ਅਤੇ ਵਰਜਿਤ ਲੜਾਈ ਖੇਡਾਂ ਆਦਿ ਸ਼ਾਮਿਲ ਹਨ।

## ਸੰਯੁਕਤ ਰਾਜ ਨੇ ਪਾਰ ਕੀਤਾ 11 ਮਿਲੀਅਨ ਕੋਵਿਡ ਕੇਸਾਂ ਦਾ ਅੰਕੜਾ



**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਸੰਯੁਕਤ ਰਾਜ ਵਿੱਚ ਕੋਰੋਨਾਂ ਦੇ ਕੇਸਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਨਾਲ ਦੇਸ਼ ਭਰ ਵਿੱਚ ਪੁਸ਼ਟੀ ਕੀਤੇ ਹੋਏ ਕੇਸਾਂ ਦੇ ਅੰਕੜੇ ਨੇ 11 ਮਿਲੀਅਨ ਨੂੰ ਪਾਰ ਕਰ ਲਿਆ ਹੈ। ਵੱਧ ਹੋ ਰਹੇ ਕੇਸਾਂ ਕਰਕੇ ਕਈ ਸੂਬਿਆਂ ਵਿੱਚ ਪਾਬੰਦੀਆਂ ਵੀ ਵਧਦੀਆਂ ਜਾ ਰਹੀਆਂ ਹਨ। ਅਮਰੀਕਾ ਨੇ ਐਤਵਾਰ ਨੂੰ 11 ਮਿਲੀਅਨ ਤੋਂ ਵੱਧ ਕੋਵਿਡ -19 ਕੇਸਾਂ ਨੂੰ ਪਾਰ ਕਰਕੇ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਚਿੰਤਾਵਾਂ ਵਿੱਚ ਵੀ ਵਾਧਾ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਨੇ ਪਿਛਲੇ ਹਫਤੇ ਇੱਕ ਮਿਲੀਅਨ ਤੋਂ ਵੀ ਵੱਧ ਨਵੇਂ ਕੇਸ ਦਰਜ ਕੀਤੇ ਸਨ, ਜਿਨ੍ਹਾਂ ਵਿਚ ਸ਼ਨੀਵਾਰ ਨੂੰ 156,416 ਦਰਜ ਕੀਤੇ ਗਏ ਸਨ। ਨਿਊ ਹੈਂਪਸ਼ਾਇਰ, ਮੈਰੀਲੈਂਡ, ਕੋਲੋਰਾਡੋ ਅਤੇ ਮੋਂਟਾਨਾ ਸਮੇਤ ਇਕ ਦਰਜਨ ਤੋਂ ਵੱਧ ਰਾਜਾਂ ਨੇ ਸ਼ਨੀਵਾਰ ਨੂੰ ਵੀ ਕੇਸਾਂ ਦੇ ਰੋਜ਼ਾਨਾ ਰਿਕਾਰਡ ਤੋੜ ਦਿੱਤੇ ਹਾਲਾਂਕਿ ਜਾਰਜੀਆ ਦੇਸ਼ ਦਾ ਇਕਲੌਤਾ ਸੂਬਾ ਸੀ ਜਿਸਨੇ ਪਿਛਲੇ 14 ਦਿਨਾਂ ਦੌਰਾਨ ਵਾਇਰਸ ਦੇ ਮਾਮਲਿਆਂ ਵਿੱਚ ਕਮੀ ਵੇਖੀ ਹੈ। ਵਾਇਰਸ ਦੀ ਲਾਗ ਦੇ ਫੈਲਣ ਕਰਕੇ ਕਈ ਸੂਬੇ ਅਤੇ ਸ਼ਹਿਰ ਨਵੀਆਂ ਪਾਬੰਦੀਆਂ ਲਾਗੂ ਕਰ ਰਹੇ ਹਨ ਜਿਸ ਨਾਲ ਕਿ ਵਾਇਰਸ ਤੇ ਕਾਬੂ ਕੀਤਾ ਜਾ ਸਕੇ। ਇਹਨਾਂ ਪਾਬੰਦੀਆਂ ਵਿੱਚ ਇਨਡੋਰ ਡਾਈਨਿੰਗ,ਪ੍ਰਚੂਨ ਸਟੋਰਾਂ ਵਿੱਚ ਇਕੱਠ, ਜਿੰਮ, ਯਾਤਰਾ, ਪਾਰਟੀਆਂ ਆਦਿ ਸ਼ਾਮਿਲ ਹਨ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਅਗਵਾਈ ਹੇਠ ਸਾਬਕਾ ਸੀ ਡੀ ਸੀ ਡਾਇਰੈਕਟਰ ਡਾ. ਟੌਮ ਫ੍ਰਾਈਡਨ ਨੇ ਦੱਸਿਆ ਕਿ 60,000 ਤੋਂ ਵੱਧ ਅਮਰੀਕੀ ਵਾਇਰਸ ਨਾਲ ਪੀੜਿਤ ਹੋ ਕੇ ਹਸਪਤਾਲ ਵਿੱਚ ਦਾਖਲ ਹਨ ਅਤੇ ਇਹ ਗਿਣਤੀ ਅਗਲੇ ਮਹੀਨੇ ਤੱਕ ਘੱਟੋ-ਘੱਟ 100,000 ਹੋ ਸਕਦੀ ਹੈ। ਇਸ ਵਧ ਰਹੇ ਸੰਕਟ ਦੌਰਾਨ ਸਰਕਾਰ ਲੋਕਾਂ ਨੂੰ ਜ਼ਿਆਦਾਤਰ ਘਰਾਂ ਵਿੱਚ ਰਹਿਣ ਅਤੇ ਸਾਵਧਾਨੀਆਂ ਵਰਤਣ ਦੀ ਅਪੀਲ ਵੀ ਕਰ ਰਹੀ ਹੈ।

## ਸਹਾਇਤਾ ਸੰਸਥਾ ਦੀ 'ਵਰਚੁਅਲ ਮਹਿਫਲ ਨਾਈਟ' 22 ਨਵੰਬਰ ਨੂੰ ਹੋਵੇਗੀ




**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–**ਬੀਤੇ ਕਈ ਸਾਲਾ ਤੋਂ ਸਹਾਇਤਾ ਸੰਸਥਾ ਸਮਾਜ ਦੇ ਇਕ ਲੋੜਵੰਦ ਵਰਗ ਦੀ ਬਾਂਹ ਫੜਦੀ ਆਈ ਹੈ। ਸੰਸਥਾ ਵਲੋਂ ਕੀਤੀ ਗਈ ਹਰ ਕਾਰਗੁਜ਼ਾਰੀ ਸਮਾਜ ਲਈ ਮਹੱਤਵਪੂਰਣ ਹੈ ਰਹੀ ਹੈ ਉਹ ਚਾਹੇ ਬੱਚਿਆਂ ਨੂੰ ਸਿਖਿਅਤ ਕਰਨਾ ਹੋਵੇ, ਕਿਸਾਨ ਖੁਦਕੁਸ਼ੀਆਂ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਕਰਨਾ ਹੋਵੇ, ਪੰਜਾਬ 'ਚ ਹੜ੍ਹਾਂ ਤੋਂ ਬਾਅਦ ਸਕੂਲ ਇਮਾਰਤਾਂ ਦੁਬਾਰਾ ਬਣਾਉਣਾ ਹੋਵੇ, ਸਿਹਤ ਕੈਂਪਾਂ ਦੀ ਮੇਜ਼ਬਾਨੀ ਕਰਨਾ ਹੋਵੇ ਤੇ ਜਾਂ ਲੋੜੀਂਦੀਆਂ ਲਈ ਪੀ.ਪੀ.ਈ. ਦੀ ਮੰਗ ਪੂਰਾ ਕਰਨਾ ਹੋਵੇ ਹਰ ਪਾਸੇ ਸਹਾਇਤਾ ਸੰਸਥਾ ਨੇ ਸਮਾਜ ਦੀ ਸਹਾਇਤਾ ਕੀਤੀ ਹੈ। ਸਹਾਇਤਾ ਸੰਸਥਾ ਦੇ ਸਰਗਰਮ ਮੈਂਬਰ ਸ. ਸਰੂਪ ਸਿੰਘ ਝੱਜ ਨੇ ਲਿਖਤੀ ਰੂਪ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੰਸਥਾ ਵਲੋਂ 22 ਨਵੰਬਰ ਨੂੰ ਸ਼ਾਮ 5 ਵਜੇ (8 ਸ਼ਾਮ ਈ.ਐੱਸ.ਟੀ, ਸ਼ਾਮ ਆਈ.ਐੱਸ.ਟੀ.) ਵਜੇ ਇਕ 'ਵਰਚੁਅਲ ਮਹਿਫਲ ਨਾਈਟ' ਅਯੋਜਿਤ ਕੀਤੀ ਜਾ ਰਹੀ ਹੈ। ਇਸ ਵਿਚ ਸ਼ਾਮਿਲ ਹੋਣ ਲਈ ਨਿੱਘਾ ਸੱਦਾ ਦਿੱਤਾ ਗਿਆ ਹੈ। ਇਸ ਨਾਈਟ ਨੂੰ ਫੇਸਬੁੱਕ ਅਤੇ ਯੂ-ਟਿਊਬ 'ਤੇ ਵੇਖਿਆ ਜਾ ਸਕਦਾ ਹੈ। ਕਿਸੇ ਵੀ ਜਾਣਕਾਰੀ ਲਈ info0sahaita.org ਤੇ ਈਮੇਲ ਕਰਕੇ ਜਾਣਕਾਰੀ ਲਈ ਜਾ ਸਕਦੀ ਹੈ ਜਾਂ ਫੋਨ ਨੰਬਰ +1 (916) 246-6088 'ਤੇ ਕਾਲ ਕੀਤੀ ਜਾ ਸਕਦੀ ਹੈ। ਸਮੂੰਹ ਪ੍ਰਬੰਧਕਾਂ ਵੱਲੋਂ ਆਪ ਸਭ ਨੂੰ ਸੰਸਥਾ ਦੇ ਪ੍ਰੋਗਰਾਮ ਨੂੰ ਦੇਖਣ ਅਤੇ ਸੰਬਥਾ ਨਾਲ ਜੁੜਨ ਦੀ ਅਪੀਲ ਕੀਤੀ ਜਾਂਦੀ ਹੈ।

## ਵਰਜੀਨੀਆ ਜੇਲ੍ਹ ਵਿੱਚ ਕੈਦੀ ਅਤੇ ਸਟਾਫ ਮੈਂਬਰਾਂ ਤੇ ਕੋਰੋਨਾਂ ਦਾ ਪ੍ਰਕੋਪ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਵਰਜੀਨੀਆ ਦੀ ਇੱਕ ਜੇਲ ਵਿਚ 100 ਤੋਂ ਵੱਧ ਕੈਦੀਆਂ ਅਤੇ 5 ਸਟਾਫ ਮੈਂਬਰਾਂ ਨੇ ਕੋਵਿਡ -19 ਵਾਇਰਸ ਲਈ ਸਕਾਰਾਤਮਕ ਟੈਸਟ ਕੀਤਾ ਹੈ। ਵਰ-ਜੀਨੀਆ ਬੀਚ ਸ਼ੈਰਿਫ ਦੇ ਦਫਤਰ ਨੇ ਸ਼ੁੱਕਰਵਾਰ ਨੂੰ ਇਕ ਬਿਆਨ ਵਿਚ ਕਿਹਾ ਕਿ ਵਰਜੀਨੀਆ ਬੀਚ ਜੇਲ੍ਹ ਵਿੱਚ ਤਕਰੀਬਨ 1,600 ਵਿਅਕਤੀਆਂ ਦੀ ਜਾਂਚ ਕਰਨ ਤੋਂ ਬਾਅਦ ਜੇਲ੍ਹ ਦੇ ਕੈਦੀਆਂ ਵਿਚ 74 ਨਵੇਂ ਸਕਾਰਾਤਮਕ ਮਾਮਲੇ ਪਾਏ ਗਏ ਜਦਕਿ ਅਧਿਕਾਰੀਆਂ ਅਨੁਸਾਰ 30 ਪਹਿਲਾਂ ਹੀ ਇਸ ਤੋਂ ਪੀੜਿਤ ਹੋ ਚੁੱਕੇ ਸਨ। ਵਰਜੀਨੀਆ ਸਿਹਤ ਵਿਭਾਗ ਦੀ ਸਹਾਇਤਾ ਨਾਲ ਕੀਤੇ ਟੈਸਟਾਂ ਵਿੱਚ ਕੈਦੀਆਂ ਦੇ ਨਾਲ ਡਿਪਟੀ ਸੈਨਿਕਾਂ, ਨਾਗਰਿਕਾਂ ਅਤੇ ਠੇਕੇਦਾਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ ਜਿਹਨਾਂ ਵਿੱਚੋਂ ਪੰਜ ਸਟਾਫ ਮੈਂਬਰਾਂ ਨੇ ਵੀ ਲਾਗ ਦਾ ਪਾਜ਼ੀਟਿਵ ਟੈਸਟ ਕੀਤਾ ਹੈ। ਜਿਨ੍ਹਾਂ ਕੈਦੀਆਂ ਨੇ ਸਕਾਰਾਤਮਕ ਟੈਸਟ ਕੀਤੇ ਹਨ ਉਨ੍ਹਾਂ ਨੂੰ ਕੁਆਰੰਟੀਨ ਕੀਤਾ ਗਿਆ ਹੈ ਅਤੇ ਨਿਗਰਾਨੀ ਅਧੀਨ ਹਨ। ਇਸਦੇ ਨਾਲ ਹੀ ਪੰਜ ਸਟਾਫ ਮੈਂਬਰ ਜਿਹਨਾਂ ਵਿੱਚ ਚਾਰ ਡਿਪਟੀ ਅਤੇ ਇਕ ਸਿਵਲੀਅਨ, ਸ਼ਾਮਿਲ ਹਨ ਨੂੰ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਜ਼ਰੂਰਤ ਪੈਣ ਤੇ ਆਪਣੇ ਆਪ ਨੂੰ ਇਕਾਂਤਵਾਸ ਕਰਨ ਅਤੇ ਅਧਿਕਾਰੀਆਂ ਅਨੁਸਾਰ ਆਉਣ ਵਾਲੇ ਸਮੇਂ ਵਿਚ ਹਰੇਕ ਦਾ ਦੁਬਾਰਾ ਵੀ ਟੈਸਟ ਕੀਤਾ ਜਾਵੇਗਾ ਪਰ ਦੁਬਾਰਾ ਪ੍ਰੀਖਣ ਦੀ ਤਾਰੀਖ ਅਜੇ ਨਿਰਧਾਰਤ ਨਹੀਂ ਕੀਤੀ ਗਈ ਹੈ।

# ਪੰਥਕ ਸੇਵਕ ਗਿਆਨੀ ਗੁਰਦਿੱਤ ਸਿੰਘ ਜਲਵੇਹੜਾ ਸਬੰਧੀ ਭਾਈ ਲੌਂਗੋਵਾਲ ਵੱਲੋਂ ਪੁਸਤਕ ਜਾਰੀ



**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਥ ਸੇਵਕ ਗਿਆਨੀ ਗੁਰਦਿੱਤ ਸਿੰਘ ਜਲਵੇਹੜਾ ਦੇ ਜੀਵਨ ਤੇ ਯੋਗਦਾਨ ਸਬੰਧੀ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਦੁਆਰਾ ਲਿਖੀ ਪੁਸਤਕ ਸੰਗਤ ਅਰਪਣ ਕੀਤੀ। ਪੁਸਤਕ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਨਾਲ ਭਾਈ ਰਜਿੰਦਰ ਸਿੰਘ ਮਹਿਤਾ, ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਸ. ਹਰਜਿੰਦਰ ਸਿੰਘ ਧਾਮੀ, ਸਕੱਤਰ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ ਆਦਿ ਮੌਜੂਦ ਸਨ। ਇਸ ਮੌਕੇ ਭਾਈ ਲੌਂਗੋਵਾਲ ਨੇ ਕਿਹਾ ਕਿ ਪੰਥਕ ਸ਼ਖ਼ਸੀਅਤਾਂ ਦਾ ਜੀਵਨ ਹਮੇਸ਼ਾ ਪੰਥ ਦੀ ਚੜ੍ਹਦੀ ਕਲਾ ਨੂੰ ਸਮਰਪਿਤ ਹੁੰਦਾ ਹੈ ਅਤੇ ਅਜਿਹੀਆਂ ਸ਼ਖ਼ਸੀਅਤਾਂ ਵਿੱਚੋਂ ਹੀ ਗਿਆਨੀ ਗੁਰਦਿੱਤ ਸਿੰਘ ਜਲਵੇਹੜਾ ਵੀ ਇਕ ਹਨ।

ਉਨ੍ਹਾਂ ਕਿਹਾ ਕਿ ਗਿਆਨੀ ਜਲਵੇਹੜਾ ਸਬੰਧੀ ਡਾ. ਪਰਮਜੀਤ ਸਿੰਘ ਸਰੋਆ ਵੱਲੋਂ ਪੁਸਤਕ ਜਿਥੇ ਸੰਗਤਾਂ ਨੂੰ ਪੰਥਕ ਸ਼ਖ਼ਸੀਅਤ ਦੀ ਦੇਣ ਬਾਰੇ ਜਾਣਕਾਰੀ ਦੇਵੇਗੀ, ਉਥੇ ਹੀ ਇਤਿਹਾਸ ਅਤੇ ਸਿੱਖ ਸਰੋਕਾਰਾਂ ਬਾਰੇ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਵੀ ਲਾਹੇਵੰਦ ਸਾਬਤ ਹੋਵੇਗੀ। ਇਸ ਮੌਕੇ ਡਾ. ਅਮਰਜੀਤ ਸਿੰਘ, ਸ. ਦਰਸ਼ਨ ਸਿੰਘ ਲੌਂਗੋਵਾਲ ਪੀ.ਏ., ਸ. ਸਤਸਰੂਪ ਸਿੰਘ ਸਾਬਕਾ ਆਈ.ਜੀ., ਬੀਬੀ ਵਰਿੰਦਰ ਕੌਰ, ਸ. ਤੇਜਿੰਦਰ ਸਿੰਘ ਅਤੇ ਬੀਬੀ ਸ਼ਾਕਸ਼ੀ ਕੌਰ ਵੀ ਮੌਜੂਦ ਸਨ। ਦੱਸਣਯੋਗ ਹੈ ਕਿ ਗਿਆਨੀ ਗੁਰਦਿੱਤ ਸਿੰਘ ਜਲਵੇਹੜਾ ਦਾ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾ-ਪਨਾ ਵਿਚ ਯੋਗਦਾਨ ਰਿਹਾ। ਗੁਰੂ ਕੇ ਬਾਗ ਦਾ ਮੋਰਚਾ, ਜੈਤੋ ਦਾ ਮੋਰਚਾ ਅਤੇ ਰਹਿਤ ਮਰਯਾਦਾ ਦੀ ਕਾਇਮੀ ਵਿਚ ਉਨ੍ਹਾਂ ਨੇ ਯੋਗਦਾਨ ਪਾਇਆ। ਉਹ 1939 ਈ: ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ 1946 ਈਸਵੀ ਨੂੰ ਅੰਤ੍ਰਿੰਗ ਮੈਂਬਰ ਵੀ ਬਣੇ। ਉਨ੍ਹਾਂ ਨੇ ਪੰਜਾਬੀ ਸੂਬਾ ਮੋਰਚਾ ਵਿਚ ਵੀ ਹਿੱਸਾ ਲਿਆ ਅਤੇ ਗ੍ਰਿਫ਼ਤਾਰੀ ਦਿੱਤੀ।

# ਭਾਰਤੀ ਮੂਲ ਦੇ ਅਮਰੀਕੀ ਪਤੀ-ਪਤਨੀ ਮਨੁੱਖੀ ਤਸਕਰੀ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਗਿਲੋਰੀ (ਕੈਲੀਫੋਰਨੀਆ) ਵਾਸੀ ਭਾਰਤੀ ਮੂਲ ਦੇ ਅਮਰੀਕੀ ਪਤੀ-ਪਤਨੀ ਨੂੰ ਮਨੁੱਖੀ ਤਸਕਰੀ ਕਰਨ, ਇਕ ਪ੍ਰਵਾਸੀ ਕੋਲੋਂ ਆਪਣੇ ਲਿਕੁਰ ਸਟੋਰ 'ਤੇ ਬਿਨਾਂ ਤਨਖਾਹ ਦਿੱਤੇ ਸੱਤੇ ਦਿਨ ਰੋਜ਼ਾਨਾ 15-15 ਘੰਟੇ ਕੰਮ ਕਰਾਉਣ, ਉਸ ਨੂੰ ਆਪਣੇ ਸਟੋਰ ਦੇ ਪਿਛਲੇ ਕਮਰੇ ਵਿਚ ਫਰਸ਼ ਉਪਰ ਸੌਣ ਲਈ ਮਜਬੂਰ ਕਰਨ ਤੇ ਗੁਲਾਮ ਬਣਾ ਕੇ ਰਖਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਸਾਂਟਾ ਕਲਾਰਾ ਕੈਲੀਫੋਰਨੀਆ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਬਲਵਿੰਦਰ ਮਾਨ ਤੇ ਉਸ ਦੀ ਪਤਨੀ ਅਮਰਜੀਤ (66) ਵਿਰੁੱਧ ਮਨੁੱਖੀ ਤਸਕਰੀ, ਪ੍ਰਵਾਸੀ ਨੂੰ ਕੈਦੀ ਬਣਾ ਕੇ ਰੱਖਣ ਤੇ ਕਮ ਬਦਲੇ ਤਨਖਾਹ ਨਾ ਦੇਣ ਸਮੇਤ 9 ਦੋਸ਼ ਲਾਏ ਗਏ ਹਨ। ਇਸ ਸਮੇਂ ਉਹ ਜਮਾਨਤ ਉਪਰ ਰਿਹਾਅ ਕਰ ਦਿੱਤੇ ਗਏ ਹਨ ਪਰ ਗਿਲੋਰੀ ਹਿਲਜ਼ ਸਥਿੱਤ ਆਪਣੇ ਘਰ ਵਿਚ ਨਜਰਬੰਦ ਹਨ। 10 ਲੱਖ ਡਾਲਰ ਦੀ ਜ਼ਮਾਨਤ ਉਨਾਂ ਦੇ ਪੁੱਤਰ ਨੇ ਦਿੱਤੀ ਹੈ। ਪੀੜਤ ਦਾ ਨਾਂ ਨਹੀਂ ਨਸ਼ਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਅਕਤੂਬਰ 2019 ਵਿਚ ਭਾਰਤ ਤੋਂ ਅਮਰੀਕਾ ਆਇਆ ਸੀ। ਅਮਰੀਕਾ ਪਹੁੰਚਣ 'ਤੇ ਮਾਨ ਨੇ ਉਸ ਕੋਲੋਂ ਪਾਸਪੋਰਟ ਲੈ ਲਿਆ ਤੇ ਉਸ ਨੂੰ ਬੰਧੂਆ ਮਜ਼ਦੂਰ ਬਣਨ ਲਈ ਮਜ਼ਬੂਰ ਕਰ ਦਿੱਤਾ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਮਾਨ ਉਪਰ ਆਪਣੇ ਇਕ ਹੋਰ ਲਿਕੁਰ ਸਟੋਰ 'ਤੇ ਵੀ 3 ਹੋਰ ਵਰਕਰਾਂ ਕੋਲੋਂ ਬਿਨਾਂ ਪੈਸੇ ਦਿੱਤੇ ਕੰਮ ਕਰਵਾਉਣ ਦੇ ਦੋਸ਼ ਹਨ।

# ਸਿਆਟਲ ਵਿਚ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦਿਵਸ ਮਨਾਇਆ




**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਵੱਖ-ਵੱਖ ਗੁਰੂ ਘਰਾਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸੱਚਾ ਮਾਰਗ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਇਸ ਮੌਕੇ ਤਿੰਨੇ ਦਿਨ ਗੁਰੂ ਘਰ ਦੇ ਸੇਵਾਦਾਰ ਡਾ. ਸੁਰਿੰਦਰਜੀਤ ਸਿੰਘ ਨੇ ਪਰਿਵਾਰ ਸਮੇਤ ਸ੍ਰੀ ਅਖੰਡ ਪਾਠ ਸਾਹਿਬ ਤੇ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਨਿਭਾਈ। ਭਾਈ ਮੋਹਨ ਸਿੰਘ ਨੇ ਕਰੋਨਾ ਮਹਾਂਮਾਰੀ ਦੇ ਬਚਾਅ ਲਈ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਅਖੀਰ ਵਿਚ ਗੁਰੂ ਘਰ ਵੱਲੋਂ ਹੈਡ ਗ੍ਰੰਥੀ ਭਾਈ ਮੋਹਨ ਸਿੰਘ ਨੇ ਡਾ. ਸੁਰਿੰਦਰਜੀਤ ਸਿੰਘ ਮੌਲੀ ਨੂੰ ਸਿਰੋਪਾਓ ਦੇ ਕੇ ਨਿਵਾਜਿਆ।

# ਕੈਨੇਡਾ ਦੇ ਸਰੀ ਦੀ 9 ਸਾਲਾਂ ਦੀ ਹਰਬੀਨ ਕੌਰ ਸਪੈਲਿੰਗ ਬੀ ਆਫ਼ ਕੈਨੇਡਾ ਚੈਂਪੀਅਨਸ਼ਿਪ ਵਿੱਚ ਜਾਵੇਗੀ



**ਨਿਊਯਾਰਕ ਸਰੀ (ਰਾਜ ਗੋਗਨਾ/ ਕੁਲਤਰਨ ਪਧਿਆਣਾ)—** ਕੈਨੇਡਾ ਦੇ ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਸਰੀ ਬੀਸੀ ਦੀ ਇਕ 9 ਸਾਲਾਂ ਦੀ ਹਰਬੀਨ ਕੌਰ ਇਸ ਮਹੀਨੇ ਦੇ ਅਖੀਰ ਵਿੱਚ ਸਪੈਲਿੰਗ ਬੀ ਆਫ਼ ਕੈਨੇਡਾ ਚੈਂਪੀਅਨਸ਼ਿਪ (Spelling Bee Of Canada Championships) ਵਿੱਚ ਜਾ ਰਹੀ ਹੈ, ਦੱਸ ਦੇਈਏ ਕਿ ਹਰਬੀਨ ਕੌਰ ਨੇ ਆਪਣੇ ਪਰਿਵਾਰ ਨਾਲ ਦੋ ਸਾਲ ਪਹਿਲਾਂ ਹੀ ਭਾਰਤ ਤੋਂ ਕੈਨੇਡਾ ਪ੍ਰਵਾਸ ਕੀਤਾ ਸੀ ਅਤੇ ਇੱਥੇ ਆਕੇ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਕਰਨੀ ਸ਼ੁਰੂ ਕੀਤੀ ਸੀ ।ਖ਼ਾਲਸਾ ਸਕੂਲ, ਨਿਊਟਨ ਕੈਂਪਸ ਵਿਚ ਗਰੇਡ 4 ਦੀ ਵਿਦਿਆਰਥਣ ਹਰਬੀਨ ਕੌਰ ਨੇ ਬੀਸੀ ਕੈਨੇਡਾ ਵਿੱਚ ਸਰਬੋਤਮ ਜੂਨੀਅਰ ਸਪੈਲਿੰਗ ਦਾ ਖ਼ਿਤਾਬ ਉਸ ਨੇ ਪਿਛਲੇ ਮਹੀਨੇ ਹੀ ਜਿੱਤਿਆ ਸੀ। ਉਸ ਦਾ ਪਰਿਵਾਰ ਦੋ ਸਾਲ ਪਹਿਲਾਂ ( ਪੰਜਾਬ ) ਭਾਰਤ ਤੋਂ ਕੈਨੇਡਾ ਆ ਗਿਆ ਸੀ। ਇਥੇ ਪਹੁੰਚਣ ਤੋਂ ਪਹਿਲਾਂ ਉਹ ਥੋੜੀ ਬਹੁਤੀ ਅੰਗਰੇਜ਼ੀ ਬੋਲਦੀ ਸੀ, ਹਰਬੀਨ ਕੌਰ ਘਰ ਵਿੱਚ ਮੁੱਖ ਤੌਰ ਤੇ ਪੰਜਾਬੀ ਹੀ ਬੋਲਦੀ ਸੀ। ਦੂਜੇ ਮੁਲਕ ਤੋਂ ਆ ਕਿ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨਾ ਬਹੁਤ ਵੱਡੀ ਪ੍ਰਾਪਤੀ ਵਾਂਗ ਹੁੰਦਾ ਹੈ।ਅਤੇ ਅੱਜ ਲੋੜ ਹੈ ਆਪਣੇ ਬੱਚਿਆਂ ਨੂੰ ਵਧੀਆ ਢੰਗ ਨਾਲ ਸਿੱਖਿਆ ਵੱਲ ਪ੍ਰੇਰਿਤ ਕੀਤਾ ਜਾਵੇ ਤਾਂਕਿ ਉਹ ਵਧੀਆ ਸ਼ਹਿਰੀ ਬਣ ਕਿ ਇਸ ਮੁਲਕ 'ਚ ਆਪਣੇ ਭਵਿੱਖ ਨੂੰ ਹੋਰ ਖੂਬਸੂਰਤ ਬਣਾ ਸਕਣ।

# ਐਮਾਜ਼ਾਨ ਦੇ ਸੰਸਥਾਪਕ ਜੈੱਫ ਬੇਜੋਸ ਨੇ ਕੀਤਾ ਭਾਰੀ ਰਾਸ਼ੀ ਦਾਨ ਕਰਨ ਦਾ ਐਲਾਨ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਐਮ-ਜ਼ਾਨ ਦੇ ਸੰਸਥਾਪਕ ਜੈੱਫ ਬੇਜੋਸ, ਜਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਮੌਸਮ ਵਿਚ ਤਬਦੀਲੀ ਨਾਲ ਲੜਨ ਵਿੱਚ ਸਹਾਇਤਾ ਲਈ ਆਪਣੇ 10 ਬਿਲੀਅਨ ਡਾਲਰ ਦੀ ਰਾਸ਼ੀ ਦਾਨ ਕਰਨ ਦਾ ਵਾਅਦਾ ਕੀਤਾ ਸੀ, ਨੇ ਸੋਮਵਾਰ ਨੂੰ 16 ਵੱਖ-ਵੱਖ ਵਾਤਾਵਰਣ ਸਮੂਹਾਂ ਲਈ ਪਹਿਲੀ 791 ਮਿਲੀਅਨ ਡਾਲਰ ਦੀ ਸ਼ੁਰੂਆਤੀ ਗ੍ਰਾਂਟ ਦਾ ਐਲਾਨ ਕੀਤਾ ਹੈ। ਇਸ ਰਾਸ਼ੀ ਨੂੰ ਪ੍ਰਾਪਤ ਕਰਨ ਵਾਲਿਆਂ ਵਿੱਚ ਬਹੁਤ ਸਾਰੇ ਪ੍ਰਮੁੱਖ ਸਮੂਹ ਸ਼ਾਮਲ ਹਨ ਜੋ ਗਲੋਬਲ ਵਾਰਮਿੰਗ ਨਾਲ ਨਜਿੱਠਦੇ ਹਨ ਜਿਹਨਾਂ ਵਿੱਚ ਕਲਾਈਮੇਟ ਵਰਕਸ ਫਾਊਂਡੇਸ਼ਨ, ਵਾਤਾਵਰਣ ਰੱਖਿਆ ਫੰਡ, ਕੁਦਰਤੀ ਸਰੋਤ ਰੱਖਿਆ ਪ੍ਰੀਸ਼ਦ, ਸਬੰਧਤ ਵਿਗਿਆਨੀਆਂ ਦੀ ਯੂਨੀਅਨ, ਵਿਸ਼ਵ ਸਰੋਤ ਸੰਸਥਾਨ ਅਤੇ ਵਿਸ਼ਵ ਜੰਗਲੀ ਜੀਵਣ ਫੰਡ ਆਦਿ ਸ਼ਾਮਿਲ ਹਨ। ਕੁਝ ਫੰਡਾਂ ਦੀ ਵਰਤੋਂ ਖਾਸ ਪ੍ਰੋਜੈਕਟਾਂ ਲਈ ਕੀਤੀ ਜਾਵੇਗੀ। ਵਾਤਾਵਰਣ ਬਚਾਅ ਫੰਡ ਸੰਸਥਾ ਜਿਸ ਨੂੰ 100 ਮਿਲੀਅਨ ਡਾਲਰ ਪ੍ਰਾਪਤ ਹੋਏ ਹਨ ਨੇ ਕਿਹਾ ਕਿ ਉਹ ਇਸ ਪੈਸੇ ਦੀ ਵਰਤੋਂ ਨਾਲ ਇੱਕ ਸੈਟੇਲਾਈਟ ਲਾਂਚ ਕਰਨਗੇ ਜੋ ਕਿ ਗ੍ਰੀਨਹਾਉਸ ਗੈਸ, ਮਿਥੇਨ ਦੇ ਨਿਕਾਸ ਨੂੰ ਮਾਪਦੀ ਹੈ। ਇੱਕ ਹੋਰ ਸੰਸਥਾ ਅਨੁਸਾਰ ਉਹ ਆਪਣੀ 15 ਮਿਲੀਅਨ ਡਾਲਰ ਗ੍ਰਾਂਟ ਦੀ ਵਰਤੋਂ ਯੂ ਐਸ ਏ ਦੇ ਬਿਜਲੀ ਗਰਿੱਡ ਨੂੰ ਅਪਡੇਟ ਕਰਨ ਲਈ ਵਰਤੋਂ ਵਿੱਚ ਲੈ ਕੇ ਆਉਣਗੇ। ਦੁਨੀਆ ਦੇ ਸਭ ਤੋਂ ਅਮੀਰ ਆਦਮੀ ਬੇਜੋਸ ਅਤੇ ਇਸਦੀ ਕੰਪਨੀ ਦੀ ਵਾਤਾਵਰਣ ਪ੍ਰੇਮੀਆਂ ਦੁਆਰਾ ਕਾਫ਼ੀ ਆਲੋਚਨਾ ਕੀਤੀ ਸੀ ਕਿਉਂਕਿ ਐਮਾਜ਼ਾਨ ਦੇ ਆਪਣੇ ਕਾਰਬਨ ਨਿਕਾਸ ਵਿੱਚ ਵਾਧਾ ਹੋਇਆ ਹੈ ਇਸ ਲਈ ਕੰਪਨੀ ਨੇ ਅਲੋਚਨਾ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇੱਥੋਂ ਤਕ ਕਿ ਇਸ ਮੁੱਦੇ ਬਾਰੇ ਬੋਲਣ ਵਾਲੇ ਕਰਮਚਾਰੀਆਂ ਨੂੰ ਬਰਖਾਸਤ ਵੀ ਕੀਤਾ ਹੈ। ਇਸ ਤੋਂ ਇਲਾਵਾ ਐਮਾਜ਼ਾਨ ਨੇ ਵੱਖਰੇ ਤੌਰ 'ਤੇ ਜਲਵਾਯੂ ਦੇ ਕਾਰਨਾਂ ਲਈ 2 ਬਿਲੀਅਨ ਡਾਲਰ ਦਾਨ ਕਰਨ ਦਾ ਵਾਅਦਾ ਕੀਤਾ ਹੈ। ਇਸ ਕੰਪਨੀ ਦੀਆਂ ਗਰਾਂਟਾਂ ਦੇ ਇਸ ਪਹਿਲੇ ਗੇੜ ਨੇ ਆਰਥਿਕਤਾ ਨੂੰ ਤੇਜ਼ ਕਰਨ ਲਈ ਮੱਦਦ ਕੀਤੀ ਹੈ।

# ਫਰਿਜ਼ਨੋ ਸਖਤ ਪਾਬੰਦੀਆਂ ਵਾਲੇ ਜਾਮਨੀ ਰੰਗ ਦੇ ਟੀਅਰ 1 ਪੱਧਰ "ਚ ਹੋਇਆ ਮੁੜ ਦਾਖਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ/ ਫਰਿਜ਼ਨੋ (ਕੈਲੀਫੋਰਨੀਆਂ)-** ਅਮਰੀਕਾ ਦੇ ਕਈ ਸੂਬਿਆਂ ਵਿੱਚ ਵਾਇਰਸ ਦਾ ਪਸਾਰ ਲਗਾਤਾਰ ਜਾਰੀ ਹੈ,ਜਿਸ ਕਰਕੇ ਵਾਇਰਸ ਦੀ ਲਾਗ ਦੇ ਮਾਮਲੇ ਵੀ ਵਧ ਰਹੇ ਹਨ। ਬਾਕੀ ਰਾਜਾਂ ਦੇ ਨਾਲ ਕੈਲੀਫੋਰਨੀਆਂ ਵਿੱਚ ਵੀ ਇਹ ਵਾਧਾ ਹੋ ਰਿਹਾ ਹੈ। ਸੂਬੇ ਦੇ ਕਈ ਖੇਤਰਾਂ ਨੂੰ ਕੋਰੋਨਾਂ ਵਾਇਰਸ ਦੇ ਪ੍ਰਸਾਰ ਨੂੰ ਹੌਲੀ ਕਰਨ ਲਈ ਵਧੇਰੇ ਪਾਬੰਦੀਆਂ ਵਾਲੇ ਪੱਧਰ ਵਿਚ ਤਬਦੀਲ ਕੀਤਾ ਗਿਆ ਹੈ, ਜਿਹਨਾਂ ਵਿੱਚ ਮਰਸੇਡ ਅਤੇ ਕਿੰਗਜ਼ ਕਾਉਂਟੀਆਂ ਦੇ ਨਾਲ ਫਰਿਜ਼ਨੋ ਵੀ ਸ਼ਾਮਿਲ ਹੈ। ਇਹ ਤਿੰਨੇ ਕਾਉਂਟੀਆਂ ਹੁਣ ਰਾਜ ਦੇ ਰੰਗ-ਕੋਡ ਵਾਲੇ ਇੱਕ ਬਲਿਊਪ੍ਰਿੰਟ ਵਿੱਚ ਜਾਮਨੀ ਰੰਗ ਦੇ ਟੀਅਰ 1 ਦਾ ਹਿੱਸਾ ਹਨ।ਜਾਮਨੀ ਰੰਗ ਕਮਿਊਨਿਟੀ ਵਿਚ -19 ਫੈਲਣ ਦੇ&; ਜ਼ਿਆਦਾ ਖਤਰੇ ਨੂੰ ਦਰਸਾਉਂਦਾ ਹੈ।ਫਰਿਜ਼ਨੋ ਸਮੇਤ ਬਾਕੀ ਦੋਨੋਂ ਕਾਉਂਟੀਆਂ ਪਹਿਲਾਂ ਰੈਡ ਟੀਅਰ 2 ਵਿੱਚ ਸਨ। ਟੀਅਰ 1 ਲੈਵਲ ਵਿੱਚ ਪਾਬੰਦੀਆਂ ਤਹਿਤ ਰੈਸਟੋਰੈਂਟਾ, ਚਰਚ, ਜਿੰਮ ਅਤੇ ਹੋਰ ਕਾਰੋਬਾਰੀ ਸੈਕਟਰ ਜਿਨ੍ਹਾਂ ਨੂੰ ਸੀਮਤ ਇਨਡੋਰ ਸਮਰੱਥਾ ਦੇ ਨਾਲ ਦੁਬਾਰਾ ਖੋਲ੍ਹਣ ਦੀ ਆਗਿਆ ਦਿੱਤੀ ਗਈ ਸੀ, ਨੂੰ ਹੁਣ ਸਿਰਫ ਮੰਗਲਵਾਰ ਤੋਂ ਆਊਟਡੋਰ ਗਤੀਵਿਧੀਆਂ ਦੀ ਆਗਿਆ ਹੋਵੇਗੀ। 10 ਨਵੰਬਰ ਨੂੰ ਖ਼ਤਮ ਹੋਣ ਵਾਲੇ ਹਫ਼ਤੇ ਵਿੱਚ ਫਰਿਜ਼ਨੋ ਕਾਉਂਟੀ ਦੀ ਨਵੇਂ ਕੇਸਾਂ ਦੀ ਪ੍ਰਤੀ ਦਿਨ ਦੀ ਦਰ ਸੂਬੇ ਦੁਆਰਾ ਪ੍ਰਤੀ 100,000 ਨਿਵਾਸੀਆਂ ਪਿੱਛੇ 13.9 ਸੀ ਜੋ ਕਿ ਰੈਡ ਟੀਅਰ 2 ਵਿੱਚ ਰਹਿਣ ਲਈ 7.0 ਦੀ ਥ੍ਰੈਸ਼ਹੋਲਡ ਤੋਂ ਕਾਫੀ ਉੱਪਰ ਹੈ।

# ਫਗਵਾੜਾ ਸ਼ੂਗਰ ਮਿੱਲ ਅੱਗੇ ਕਿਸਾਨਾਂ ਨੇ ਲਾਇਆ ਧਰਨਾ

**ਫਗਵਾੜਾ (ਬੀ ਕੇ ਰੱਤੂ)–** ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਸਾਨ ਸੰਘਰਸ਼ ਕਮੇਟੀ ਦੋਆਬਾ ਦੇ ਬੈਨਰ ਹੇਠਾਂ ਸ਼ੂਗਰ ਮਿੱਲ ਫਗਵਾੜਾ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਲਗਾ ਦਿੱਤਾ ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਦਾ ਹਾਲੇ ਤਕ ਤਹੇਤਰ ਕਰੋੜ ਰੁਪਿਆ ਗੰਨਾ ਮਿੱਲ ਵੱਲ ਬਕਾਇਆ ਹੈ ਜੋ ਕਿ ਕਿਸਾਨਾਂ ਨੂੰ ਨਹੀਂ ਦਿੱਤਾ ਗਿਆ ਜਿਸ ਸਬੰਧੀ ਕਈ ਵਾਰ ਉੱਚ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਗਈ ਕਈ ਵਾਰ ਮੰਗ ਪੱਤਰ ਵੀ ਦਿੱਤੇ ਗਏ ਪਰ ਹਾਲੇ ਤਕ ਕਿਸਾਨਾਂ ਨੂੰ ਉਨ੍ਹਾਂ ਦਾ ਬਕਾਇਆ ਰਾਸ਼ੀ ਨਹੀਂ ਮਿਲਿਆ ਜਿਸ ਦੇ ਰੋਸ ਵਜੋਂ ਅੱਜ ਸ਼ੂਗਰ ਮਿੱਲ ਫਗਵਾੜਾ ਅੱਗੇ ਅਣ-ਮਿੱਥੇ ਸਮੇਂ ਲਈ ਧਰਨਾ ਲਗਾ ਦਿੱਤਾ ਗਿਆ ਹੈ ਇਹ ਧਰਨਾ ਉਦੋਂ ਹੀ ਚੁੱਕਿਆ ਜਾਵੇਗਾ ਜਦੋਂ ਕਿਸਾਨਾਂ ਦੀ ਬਕਾਇਆ ਰਾਸ਼ੀ ਮਿੱਲ ਮਾਲਕ ਦੇਣਗੇ ਇਸ ਮੌਕੇ ਸਤਨਾਮ ਸਿੰਘ ਸਾਹਨੀ ਮਨਜੀਤ ਰਾਏ ਕੁਲਵੰਤ ਸਿੰਘ ਸੰਧੂ ਅਤੇ ਹੋਰ ਕਿਸਾਨ ਆਗੂ ਹਾਜ਼ਰ ਸਨ।



# ਟੈਕਸਾਸ ਵਿੱਚ ਭੋਜਨ ਪ੍ਰਾਪਤ ਕਰਨ ਲਈ ਆਇਆ ਲੋਕਾਂ ਦਾ ਹੜ੍ਹ, ਸੜਕਾਂ 'ਤੇ ਲੱਗੀਆਂ ਲੰਮੀਆਂ ਲਾਈਨਾਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾਂ ਮਹਾਂਮਾਰੀ ਨੇ ਬਹੁਤੇ ਲੋਕਾਂ ਨੂੰ ਆਪਣੇ ਲਈ ਰੋਜੀ ਰੋਟੀ ਕਮਾਉਣ ਤੋਂ ਵੀ ਮੁਹਤਾਜ ਕਰ ਦਿੱਤਾ ਹੈ, ਪਰ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ ਜੋ ਸੰਕਟ ਦੇ ਸਮੇਂ ਲੋਕਾਂ ਦੀ ਮੱਦਦ ਕਰਨ ਦਾ ਯਤਨ ਕਰਦੀਆਂ ਹਨ। ਅਜਿਹੀ ਇੱਕ ਸਹਾਇਤਾ ਟੈਕਸਾਸ ਵਿੱਚ ਵੇਖਣ ਨੂੰ ਮਿਲੀ ਜਿੱਥੇ ਅਗਲੇ ਹਫਤੇ ਥੈਂਕਸ-ਗਵਿੰਗ ਛੁੱਟੀ ਤੋਂ ਪਹਿਲਾਂ ਹਜ਼ਾਰਾਂ ਲੋਕਾਂ ਨੇ ਸ਼ਨੀਵਾਰ ਨੂੰ ਡੱਲਾਸ ਵਿੱਚ ਉੱਤਰੀ ਟੈਕਸਾਸ ਫੂਡ ਬੈਂਕ (ਐਨ ਟੀ ਐਫ ਬੀ) ਤੋਂ ਭੋਜਨ ਪ੍ਰਾਪਤ ਕਰਨ ਲਈ ਕਾਰਾਂ ਸਮੇਤ ਲੰਮੀਆਂ ਲਾਈਨਾਂ ਲਗਾਈਆਂ। ਐਨ ਟੀ ਐਫ ਬੀ ਦੇ ਸੀਨੀਅਰ ਮਾਰਕੀਟਿੰਗ ਅਤੇ ਸੰਚਾਰ ਵਿਭਾਗ ਦੀ ਸੀਨੀਅਰ ਡਾਇਰੈਕਟਰ, ਐਨਾ ਕੁਰੀਅਨ ਅਨੁਸਾਰ ਪੰਜ ਘੰਟੇ ਦੇ ਇਸ ਪ੍ਰੋਗਰਾਮ ਦੌਰਾਨ 6,000 ਤੋਂ ਵੱਧ ਕਾਰਾਂ ਅਤੇ ਲਗਭਗ 25,000 ਲੋਕਾਂ ਦੀ ਸੇਵਾ ਫੂਡ ਬੈਂਕ ਦੇ ਸਟਾਫ ਦੁਆਰਾ ਕੀਤੀ ਗਈ। ਇਸ ਫੂਡ ਬੈਂਕ ਨੇ "ਡ੍ਰਾਇਵ-ਥਰੂ ਮੋਬਾਈਲ ਪੈਂਟਰੀ" ਅਧੀਨ ਪਰਿਵਾਰਾਂ ਨੂੰ 7,280 ਟਰਕੀ ਸਮੇਤ 600,000 ਪੌਂਡ ਭੋਜਨ ਵੰਡਿਆ ਜਿਹਨਾਂ ਵਿੱਚ ਸੁੱਕੇ ਉਤਪਾਦ, ਰੋਟੀ ਅਤੇ ਤਾਜ਼ੇ ਫਲ ਆਦਿ ਸ਼ਾਮਿਲ ਸਨ। ਇਸ ਸੰਸਥਾ ਦੀ ਵੈੱਬਸਾਈਟ ਅਨੁਸਾਰ ਇਸਨੇ ਮਾਰਚ ਤੋਂ ਸਤੰਬਰ ਤੱਕ 63 ਮਿਲੀਅਨ ਤੋਂ ਵੱਧ ਭੋਜਨ ਵੰਡਿਆ ਹੈ ਜੋ ਕਿ 2019 ਦੇ ਮੁਕਾਬਲੇ 45% ਵੱਧ ਹੈ। ਸੰਸਥਾ ਦੀ ਡਾਇਰੈਕਟਰ ਕੁਰੀਅਨ ਅਨੁਸਾਰ ਮਹਾਂਮਾਰੀ ਦੇ ਦੌਰਾਨ ਭੋਜਨ ਦੀ ਅਸੁਰੱਖਿਆ ਦਾ ਅਨੁਭਵ ਕਰਨ ਵਾਲੇ ਲੋਕਾਂ ਵਿੱਚ ਵਾਧਾ ਇਕੱਲੇ ਟੈਕਸਾਸ ਤੱਕ ਹੀ ਸੀਮਿਤ ਨਹੀਂ ਬਲਕਿ ਇਹ ਦੇਸ਼ ਭਰ ਵਿੱਚ ਹੈ।



# ਦਿੱਲੀ 'ਚ ਬਹੁਜਨ ਦ੍ਰਾਵਿੜ ਪਾਰਟੀ ਅਤੇ ਡੈਮੋਕ੍ਰੇਟਿਕ ਬਹੁਜਨ ਅਲਾਇੰਸ ਦੀ ਬੈਠਕ






ਬੀਤੀ 8 ਨਵੰਬਰ ਨੂੰ ਨਿਜਾਮੁਦੀਨ, ਨਵੀਂ ਦਿੱਲੀ ਵਿਖੇ ਡੈਮੋਕ੍ਰੇਟਿਕ ਬਹੁਜਨ ਅਲਾਇੰਸ ਦੇ ਬੈਨਰ ਹੇਠ ਅਨੁਸੂਚਿਤ ਜਾਤੀ ਅਤੇ ਪੱਛੜੇ ਵਰਗ ਦੇ ਕਈ ਰਾਜਨੀਤਿਕ, ਸਮਾਜਿਕ ਨੇਤਾਵਾਂ ਦੀ ਮਹੱਤਵਪੂਰਨ ਬੈਠਕ ਹੋਈ। ਬੈਠਕ ਵਿਚ ਬਹੁਜਨ ਸਮਾਜ ਦੀ ਤਤਕਾਲੀਨ ਸਮਾਜਿਕ, ਰਾਜਨੀਤਿਕ ਹਾਲਾਤ ਤੇ ਮਹੱਤਵਪੂਰਨ ਵਿਚਾਰ ਕੀਤਾ ਗਿਆ। ਬਹੁਜਨ ਦ੍ਰਾਵਿੜ ਪਾਰਟੀ ਦੇ ਸੰਸਥਾਪਕ ਪ੍ਰਧਾਨ ਮਾ. ਜੀਵਨ ਕੁਮਾਰ ਮੱਲ੍ਹਾ ਨੇ ਇਸ ਬੈਠਕ ਨੂੰ ਸੰਬੋਧਿਤ ਕਰਦੇ ਹੋਏ ਬਹੁਜਨ ਅੰਦੋਲਨ ਨੂੰ ਉਸਦੇ ਮੂਲ ਰੂਪ ਵਿਚ ਨਵੀਂ ਊਰਜਾ ਅਤੇ ਉਤਸ਼ਾਹ ਨਾਲ ਕੌਮੀ ਪੱਧਰ ਤੇ ਅੱਗੇ ਵਧਾਉਣ ਦੀ ਅਪੀਲ ਕੀਤੀ ਅਤੇ ਨਾਲ ਹੀ ਪਾਰਟੀ ਦਾ ਅੰਗਰੇਜੀ ਮੈਗਜੀਨ 'ਕਾਂਸ਼ੀਰਾਮ ਟਾਈਮਜ਼' ਦੀਆਂ ਕਾਪੀਆਂ ਵੀ ਵੰਡੀਆਂ।

# ਨਵੇਂ ਖੇਤੀ ਕਾਨੂੰਨ ਹਰੇ ਇਨਕਲਾਬ ਦੀ ਹੀ ਤੀਸਰੀ ਲਹਿਰ ਹੈ, ਜਿਹੜੀ ਸ਼ੁੱਧ ਵਪਾਰੀਕਰਨ ਨਾਲ ਜੁੜੀ ਹੋਈ ਹੈ- ਲਖਵਿੰਦਰ ਸਿੰਘ ਜੌਹਲ

**ਕਾਰਪੋਰੇਟ ਖੇਤੀ ਦਾ ਸਰਕਾਰ ਵਲੋਂ ਲਿਆਂਦਾ ਜਾ ਰਿਹਾ ਮਾਡਲ ਵਿਕਾਸਸ਼ੀਲ ਦੇਸ਼ਾਂ ਵਿੱਚ ਵੀ ਫੇਲ੍ਹ ਹੋ ਚੁੱਕਾ ਹੈ- ਮੰਚ**

**ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਨੇ "ਹਰੀ ਕ੍ਰਾਂਤੀ ਤੋਂ ਕਿਸਾਨ ਸੰਘਰਸ਼ ਤੱਕ "ਵਿਸ਼ੇ 'ਤੇ ਕਰਵਾਈ ਵਿਚਾਰ-ਚਰਚਾ**

**ਫਗਵਾੜਾ (ਬੀ. ਕੇ. ਰੱਤੂ)-** ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਨੇ ਵੈਬੀਨਾਰਾਂ ਦੀ ਲੜੀ ਵਿੱਚ ਅਗਲੀ ਵਿਚਾਰ ਚਰਚਾ "ਹਰੀ ਕ੍ਰਾਂਤੀ ਤੋਂ ਕਿਸਾਨ ਸੰਘਰਸ਼ ਤੱਕ"ਵਿਸ਼ੇ 'ਤੇ ਕਰਵਾਈ, ਜਿਸ ਵਿੱਚ ਮੁੱਖ ਬੁਲਾਰੇ ਦੇ ਤੌਰ ਤੇ ਪ੍ਰਸਿੱਧ ਪੱਤਰਕਾਰ, ਲੇਖਕ ਅਤੇ ਚਿੰਤਕ ਅਤੇ ਪ੍ਰਧਾਨ ਪ੍ਰੈਸ ਕਲੱਬ ਜਲੰਧਰ ਡਾ: ਲਖਵਿੰਦਰ ਸਿੰਘ ਜੌਹਲ ਨੇ ਆਪਣੇ ਵਿਚਾਰ ਰੱਖੇ। ਉਹਨਾ ਨੇ ਇਸ ਵਿਸ਼ੇ ਤੇ ਬੋਲਦਿਆਂ ਕਿਹਾ ਕਿ ਹਰਾ ਇਨਕਲਾਬ ਭਾਰਤੀ ਖੇਤੀ ਪ੍ਰਬੰਧ ਨੂੰ ਰਵਾਇਤੀ ਖੇਤੀ ਤੋਂ ਬਦਲਕੇ ਸਨੱਅਤੀ ਖੇਤੀ ਵਜੋਂ ਸਥਾਪਤ ਕਰਨ ਦਾ ਯਤਨ ਸੀ ਅਤੇ ਇਸਦਾ ਮਕਸਦ ਭਾਰਤ ਵਿੱਚ ਖਾਦ ਪਦਾਰਥਾਂ ਦੀ ਥੁੜ੍ਹ ਦੂਰ ਕਰਨਾ ਸੀ। ਉਹਨਾ ਨੇ ਕਿਹਾ ਕਿ ਹਰਾ-ਇਨਕਲਾਬ ਜਿਸ ਤਿੰਨ ਕਿਸਮੀ ਢੰਗ ਨਾਲ ਆਇਆ ਸੀ ਇਹ ਉਸ ਤੋਂ ਵੀ ਵੱਧ ਬੁਰੇ ਪ੍ਰਭਾਵ ਛੱਡ ਗਿਆ। ਇਹ ਸਭ ਦੇਸ਼ ਦੀ ਭੁੱਖ ਨੂੰ ਦੂਰ ਕਰਨ ਲਈ ਖੇਤੀ ਦੇ ਰਿਵਾਇਤੀ ਢੰਗ ਛੱਡ ਕੇ ਤਕਨੀਕੀ ਖੇਤੀ ਅਪਣਾਉਣ ਦਾ ਉਪਰਾਲਾ ਸੀ। ਕਣਕ , ਚਾਵਲ ਵੱਧ ਮਾਤਰਾ ਵਿੱਚ ਪ੍ਰਾਪਤ ਕਰਨ ਲਈ ਜ਼ਮੀਨ 'ਤੇ ਵੱਧ ਤੋਂ ਵੱਧ ਕੈਮੀਕਲਜ਼ ਦੀ ਵਰਤੋਂ ਕੀਤੀ ਗਈ, ਨਵੀਂ ਮਸ਼ਨੀਰੀ ਲਿਆਂਦੀ ਗਈ ਅਤੇ ਨਵੇਂ ਅਮਰੀਕਨ ਬੀਜ ਵੀ ਵਰਤੇ ਗਏ। ਜਿਸ ਨਾਲ ਇਹਨਾ ਫ਼ਸਲਾਂ ਦੇ ਝਾੜ ਕਈ ਗੁਣਾ ਵੱਧ ਗਏ ਪਰ ਇਹ ਝਾੜ ਦੱਸ ਕੁ ਸਾਲਾਂ ਬਾਅਦ ਫਿਰ ਘੱਟ ਗਏ । ਇਥੋਂ ਹੀ ਕਿਸਾਨ ਦੀ ਬੁਰੀ ਹਾਲਤ ਦੀ ਬੁਨਿਆਦ ਰੱਖੀ ਗਈ। ਜਦੋਂ ਝਾੜ ਵਧੇ ਤੇ ਵੱਧ ਪੈਸੇ ਆਏ ਤਾਂ ਕਿਸਾਨਾਂ ਨੇ ਆਪਣੀਆਂ ਆਦਤਾਂ ਵੀ ਵਿਗਾੜ ਲਈਆਂ। ਕਿਸਾਨ ਕਿਰਤ ਨਾਲੋਂ ਟੁੱਟ ਗਏ। ਉਹ ਕੰਮ ਲਈ ਦੂਸਰਿਆਂ ਤੇ ਨਿਰਭਰ ਹੋ ਗਏ। ਖੇਤੀ ਵੀ ਇੱਕ ਵਾਈਟ ਕਾਲਰ ਜੋਬ ਬਣ ਗਈ, ਜਿਸ ਨੇ ਕਿਸਾਨਾਂ ਦਾ ਮਿਹਨਤੀ ਸੁਭਾਅ ਖ਼ਤਮ ਕਰ ਦਿੱਤਾ। ਮਸ਼ੀਨਰੀ ਨੇ ਰੁਜ਼ਗਾਰ ਘੱਟ ਕਰ ਦਿੱਤੇ। ਮਾਨਸਿਕਤਾ ਪੈਸੇ ਨਾਲ ਜੁੜ ਗਈ । ਭਾਈਚਾਰਕ ਏਕਤਾ ਪੇਤਲੀ ਪੈ ਗਈ। ਹੌਲੀ-ਹੌਲੀ ਬੱਚੇ ਵਿਦੇਸ਼ ਜਾਣ ਦਾ ਰੁਖ ਕਰਨ ਲੱਗੇ। ਮਸ਼ੀਨਰੀ ਕਾਰਨ ਲੇਬਰ ਸਰਪਲੱਸ ਹੋ ਗਈ। ਪੰਜਾਬ ਵਿਚੋਂ ਸਨੱਅਤਾਂ ਬਾਹਰ ਚਲੇ ਗਈਆਂ। ਇਸੇ ਸਮੇਂ ਵਿੱਚ ਖੇਤੀ ਤੋਂ ਪਲਾਇਨ ਸ਼ੁਰੂ ਹੋ ਗਿਆ। ਇਸ ਸਾਰੇ ਵਰਤਾਰੇ ਨੇ ਪੰਜਾਬ ਦਾ ਸਮਾਜਿਕ, ਆਰਥਿਕ, ਰਾਜਨੀਤਿਕ ਜੀਵਨ ਪ੍ਰਭਾਵਿਤ ਕੀਤਾ। ਵੱਧ ਰਹੀ ਆਬਾਦੀ ਕਾਰਨ ਜੋਤਾਂ ਦਾ ਅਕਾਰ ਬਹੁਤ ਛੋਟਾ ਹੁੰਦਾ ਗਿਆ। ਪੈਦਾਵਾਰ ਇੱਕ ਵਾਰ ਵਧੀ ਤੇ ਫਿਰ ਘੱਟ ਗਈ ਤੇ ਕਿਸਾਨ ਦੀ ਆਮਦਨੀ ਵੀ ਘੱਟ ਗਈ। ਇਸ ਨਾਲ ਖ਼ਰਚੇ ਵੱਧ ਹੋਣ ਕਾਰਨ ਮੁਸ਼ਕਲ ਖੜੀ ਹੋ ਗਈ। ਜ਼ਮੀਨ ਦੀ ਉਪਜਾਊ ਸ਼ਕਤੀ ਖ਼ਤਮ ਹੋ ਗਈ। ਜ਼ਮੀਨ ਵੀ ਨਸ਼ਿਆਂ ਤੇ ਲੱਗ ਗਈ। ਕੀਟਨਾਸ਼ਕ ਦਵਾਈਆਂ ਕਾਰਨ ਕੀੜੇ ਵੀ ਇਹਨਾ ਦੇ ਆਦੀ ਹੋ ਗਏ। ਦਵਾਈਆਂ ਦੀ ਵਧਾਈ ਮਿਕਦਾਰ ਵੀ ਉਹਨਾ ਨੂੰ ਖ਼ਤਮ ਨਾ ਕਰ ਸਕੀ। ਇਸ ਤਰ੍ਹਾਂ ਪੰਜਾਬ ਦੀ ਹਵਾ, ਪਾਣੀ ਤੇ ਜ਼ਮੀਨ ਜ਼ਹਿਰੀਲੇ ਮਾਦੇ ਨਾਲ ਭਰ ਗਏ ਜਿਸ ਕਾਰਨ ਮਾਲਵੇ ਵਿੱਚ ਕੈਂਸਰ ਰੋਗ ਬਹੁਤ ਵੱਧ ਗਿਆ। ਇਹਨਾ ਕਾਰਨਾਂ ਕਰਕੇ 1995 ਤੋਂ ਖੁਦਕੁਸ਼ੀਆਂ ਦਾ ਦੌਰ ਸ਼ੁਰੂ ਹੋ ਗਿਆ। ਜੌਹਲ ਸਾਹਿਬ ਨੇ ਇਹ ਵੀ ਦੱਸਿਆ ਕਿ ਹੁਣ ਸਰਕਾਰ ਵਲੋਂ ਲਿਆਂਦੇ ਗਏ ਕਿਸਾਨ ਵਿਰੋਧੀ ਕਾਨੂੰਨ ਵੀ ਹਰੀ ਕ੍ਰਾਂਤੀ ਦਾ ਹੀ ਤੀਸਰਾ ਦੌਰ ਹੈ। ਇਹ ਕਾਨੂੰਨ ਕਿਸਾਨ ਨੂੰ ਮਾਲਕ ਤੋਂ ਮਜ਼ਦੂਰ ਬਣਾਉਣ ਵੱਲ ਲੈ ਜਾਣਗੇ। ਕਾਰਪੋਰੇਟ ਖੇਤੀ ਦਾ ਸਰਕਾਰ ਵਲੋਂ ਲਿਆਂਦਾ ਜਾ ਰਿਹਾ ਮਾਡਲ ਰੂਸ ਵਰਗੇ ਦੇਸ਼ਾਂ ਵਿੱਚ ਵੀ ਫੇਲ੍ਹ ਹੋ ਚੁੱਕਾ ਹੈ। ਨਵੇਂ ਕਾਨੂੰਨ ਕਿਸਾਨੀ ਦੀ ਮਾਲਕੀ ਦੀ ਸਾਇਕੀ ਦੇ ਬਿਲਕੁਲ ਵਿਰੋਧੀ ਹਨ। ਨਵੇਂ ਖੇਤੀ ਕਾਨੂੰਨ ਇਕ ਤਰ੍ਹਾਂ ਨਾਲ ਹਰੇ ਇਨਕਲਾਬ ਦੀ ਹੀ ਤੀਸਰੀ ਲਹਿਰ ਹੈ, ਜਿਹੜੀ ਸ਼ੁੱਧ ਵਪਾਰੀਕਰਨ ਨਾਲ ਜੁੜੀ ਹੋਈ ਹੈ। ਜਦੋਂ 2017 ਵਿੱਚ ਇਹਨਾ ਕਾਨੂੰਨਾਂ ਨੂੰ ਘੜਿਆ ਜਾ ਰਿਹਾ ਸੀ ਤਾਂ ਕਿਸਾਨਾਂ ਦੇ ਨੁਮਾਇੰਦੇ ਵੀ ਮੀਟਿੰਗਾਂ ਵਿੱਚ ਜਾਂਦੇ ਸਨ। ਉਸ ਸਮੇਂ ਕਿਸਾਨਾਂ ਵਿੱਚ ਉਹਨਾ ਵਲੋਂ ਜਾਗਰਤੀ ਪੈਦਾ ਕਰਨੀ ਚਾਹੀਦੀ ਸੀ। ਇਸੇ ਕਾਰਨ ਇਹ ਸੰਘਰਸ਼ ਬਹੁਤ ਲੇਟ ਸ਼ੁਰੂ ਕੀਤੇ ਗਏ ਹਨ। ਪੰਜਾਬ ਦੀ ਕਿਸਾਨੀ ਬਚਾਉਣ ਲਈ ਐਗਰੋ-ਇੰਡਸਟਰੀ ਲਗਾਉਣ ਦੀ ਸਖ਼ਤ ਜ਼ਰੂਰਤ ਹੈ। ਪ੍ਰਧਾਨ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ ਵਿੱਚ ਇਸੇ ਵਿਚਾਰ ਚਰਚਾ ਨੂੰ ਅੱਗੇ ਤੋਰਦਿਆਂ ਵਰਿੰਦਰ ਸ਼ਰਮਾ (ਯੂ.ਕੇ.), ਕੇਹਰ ਸ਼ਰੀਫ਼ (ਜਰਮਨੀ) ਤੇ ਡਾ: ਸੁਖਪਾਲ ਸਿੰਘ ਨੇ ਆਖਿਆ ਕਿ ਹਰੇ-ਇਨਕਲਾਬ ਨੇ ਪੰਜਾਬ ਦੀ ਕਿਸਾਨੀ ਨੂੰ ਆਪਣੀ ਰਵਾਇਤਾਂ ਨਾਲੋਂ ਤੋੜ ਦਿੱਤਾ ਹੈ। ਪਾਣੀ ਬਹੁਤ ਹੇਠਾ ਚਲਾ ਗਿਆ ਹੈ। ਧਰਤੀ ਤੇ ਨੌਜਵਾਨ ਨਸ਼ਿਆਂ ਤੇ ਲੱਗ ਗਏ ਹਨ। ਉਹਨਾ ਇਹ ਵੀ ਦੱਸਿਆ ਕਿ ਪੂੰਜੀਵਾਦ ਕਦੇ ਵੀ ਲੋਕਾਂ ਦਾ ਫ਼ਾਇਦਾ ਨਹੀਂ ਵੇਖਦਾ, ਸਗੋਂ ਉਹ ਆਪਣੇ ਮੁਨਾਫ਼ੇ ਦੀ ਗੱਲ ਅੱਗੇ ਰੱਖਦਾ ਹੈ। ਇਸ ਇਨਕਲਾਬ ਦੇ ਰਿਜ਼ਲਟ ਵੀ ਪਹਿਲਾ ਹੀ ਪਤਾ ਸਨ ਪਰ ਇਹ ਮਾਡਲ ਫਿਰ ਵੀ ਲਾਗੂ ਕੀਤਾ ਗਿਆ। ਦਰਸ਼ਨ ਸਿੰਘ ਰਿਆੜ ਅਤੇ ਡਾ: ਰਾਜਵਿੰਦਰ ਸਿੰਘ ਨੇ ਕਿਹਾ ਕਿ ਇਹ ਸਾਰੀਆਂ ਨੀਤੀਆਂ ਪੰਜਾਬ ਦੇ ਖ਼ਿਲਾਫ ਸਨ ਪਰ ਫਿਰ ਵੀ ਪੰਜਾਬ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਗੁਰਚਰਨ ਸਿੰਘ ਨੂਰਪੁਰ ਨੇ ਕਿਹਾ ਕਿ ਕਿਸਾਨ ਦਾ ਜ਼ਮੀਨ ਨਾਲੋਂ ਰਿਸ਼ਤਾ ਟੁੱਟ ਰਿਹਾ ਹੈ। ਜ਼ਮੀਨ ਕਿਸਾਨ ਦੀ ਮਾਂ ਸੀ ਤੇ ਮਾਂ ਨਾਲੋਂ ਰਿਸ਼ਤਾ ਟੁੱਟਣਾ ਦੁੱਖਦਾਈ ਹੀ ਹੋਵੇਗਾ। ਪਾਣੀ ਖ਼ਤਮ ਹੋ ਰਿਹਾ ਹੈ। ਪ੍ਰਦੂਸ਼ਣ ਵੱਧ ਰਿਹਾ ਹੈ। ਕਿਰਤੀ ਕਿਰਤ ਨਾਲੋਂ ਟੁੱਟ ਰਹੇ ਹਨ। ਖੇਤੀ ਮੁਨਾਫ਼ੇ ਦਾ ਸਾਧਨ ਨਹੀਂ ਬਣ ਸਕੀ। ਰਵਿੰਦਰ ਸਹਿਰਾਅ, ਰਵਿੰਦਰ ਚੋਟ ਅਤੇ ਡਾ: ਹਰਜਿੰਦਰ ਵਾਲੀਆ ਨੇ ਕਿਹਾ ਕਿ ਪੰਜਾਬ ਦੀ ਧਰਤੀ, ਪਾਣੀ ਅਤੇ ਲੋਕ ਕੈਂਸਰ ਦਾ ਸ਼ਿਕਾਰ ਹੋ ਗਏ ਹਨ। ਲਾਲ ਬਹਾਦਰ ਸ਼ਾਸਤਰੀ ਵੇਲੇ ਦੇਸ਼ ਭੁੱਖਾ ਮਰ ਰਿਹਾ ਸੀ। ਹਰੀ ਕ੍ਰਾਂਤੀ ਦੌਰਾਨ ਪੰਜਾਬ ਨੇ ਦੇਸ਼ ਦੀ ਭੁੱਖ ਤਾਂ ਦੂਰ ਕਰ ਦਿੱਤੀ ਪਰ ਆਪ ਕੈਂਸਰ ਦਾ ਮਰੀਜ਼ ਹੋ ਗਿਆ। ਹੁਣ ਦੇ ਕਿਰਸਾਨੀ ਸੰਘਰਸ਼ ਨੇ ਸਾਰੀਆਂ ਰਾਜਸੀ ਪਾਰਟੀਆਂ ਦੀ ਸਾਰਥਿਕਤਾ ਖ਼ਤਮ ਕਰ ਦਿੱਤੀ ਹੈ। ਜਗਦੀਪ ਸਿੰਘ ਕਾਹਲੋਂ ਨੇ ਖ਼ਦਸਾ ਜ਼ਾਹਿਰ ਕੀਤਾ ਕਿ ਜੇਕਰ ਹੁਣ ਇਹ ਸੰਘਰਸ਼ ਫੇਲ੍ਹ ਹੋ ਗਿਆ ਤਾਂ ਪੰਜਾਬ ਕਦੇ ਵੀ ਉਠ ਨਹੀਂ ਸਕੇਗਾ। ਹੋਰ ਬੁਲਾਰਿਆਂ ਵਲੋਂ ਉਠਾਏ ਗਏ ਸਵਾਲਾਂ ਦੀ ਜੁਵਾਬ ਦਿੰਦਿਆਂ ਡਾ: ਲਖਵਿੰਦਰ ਸਿੰਘ ਜੌਹਲ ਨੇ ਕਿਰਸਾਨਾਂ ਨੂੰ ਸੁਝਾਅ ਦਿੱਤਾ ਕਿ ਉਹ ਰਾਜਸੀ ਪਾਰਟੀਆਂ ਨੂੰ ਨਾਲ ਲੈ ਕੇ ਤੁਰਨ। ਜਦੋਂ ਤੱਕ ਰਾਜ ਕਰਦੀ ਪਾਰਟੀ ਨੂੰ ਰਾਜਸੀ ਨੁਕਸਾਨ ਨਹੀਂ ਹੋਵੇਗਾ। ਉਨੀ ਦੇਰ ਉਹ ਮੰਗਾਂ ਨਹੀਂ ਮੰਨੇਗੀ। ਉਹਨਾ ਨੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਰਾਜਸੀ ਅੰਦੋਲਨ ਵਾਂਗਰ ਵੇਖਣ ਦੀ ਲੋੜ ਹੈ। ਉਹਨਾ ਨੇ ਪੰਜਾਬ ਦੀ ਹਾਕਮ ਧਿਰ ਕਾਂਗਰਸ ਅਤੇ ਵਿਰੋਧੀ ਧਿਰ ਆਮ ਆਦਮੀ ਪਾਰਟੀ ਨੂੰ ਕਿਹਾ ਕਿ ਉਹਨਾ ਨੂੰ ਆਪਣੀ ਇਤਿਹਾਸਕ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਸ ਅੰਦੋਲਨ ਨੂੰ ਸਮੁੱਚੇ ਪੰਜਾਬੀਆਂ ਦਾ ਅੰਦੋਲਨ ਬਨ-ਾਉਣਾ ਚਾਹੀਦਾ ਹੈ। ਅੰਤ ਵਿੱਚ ਡਾ: ਗੁਰਚਰਨ ਨੂਰਪੁਰ ਨੇ ਸਾਰੇ ਬੁਲਾਰਿਆਂ ਦਾ ਧੰਨਵਾਦ ਕੀਤਾ।



ਵੈਬੀਨਾਰ 'ਚ ਡਾ: ਲਖਵਿੰਦਰ ਸਿੰਘ ਜੌਹਲ, ਡਾ: ਸੁਖਪਾਲ ਸਿੰਘ, ਡਾ: ਹਰਜਿੰਦਰ ਵਾਲੀਆ, ਰਵਿੰਦਰ ਸਹਿਰਾਅ, ਵਰਿੰਦਰ ਸ਼ਰਮਾ, ਡਾ: ਗੁਰਚਰਨ ਨੂਰਪੁਰ, ਕੇਹਰ ਸ਼ਰੀਫ ਜਰਮਨੀ, ਗੁਰਮੀਤ ਸਿੰਘ ਪਲਾਹੀ ਪ੍ਰਧਾਨ ਮੰਚ, ਰਵਿੰਦਰ ਚੋਟ ਅਤੇ ਡਾ: ਰਾਜਵਿੰਦਰ ਸਿੰਘ।

ਹੋਰਾਂ ਤੋਂ ਇਲਾਵਾਂ ਵੈਬੀਨਾਰ ਵਿੱਚ ਗੁਰਦੀਪ ਬੰਗੜ ਯੂ.ਕੇ., ਮਹਿੰਦਰ ਸਿੰਘ ਦਿਲਬਰ ਯੂ.ਕੇ., ਸੁਰਿੰਦਰ ਮਚਾਕੀ, ਪ੍ਰੋ: ਰਣਜੀਤ ਧੀਰ, ਰਵਿੰਦਰ ਚੋਟ, ਬੰਸੋ ਦੇਵੀ, ਸੰਤੋਖ ਲਾਲ ਵਿਰਦੀ, ਐਡਵੋਕੇਟ ਦਰਸ਼ਨ ਸਿੰਘ ਰਿਆੜ, ਡਾ: ਹਰਜਿੰਦਰ ਵਾਲੀਆ, ਡਾ: ਸੁਖਪਾਲ ਸਿੰਘ, ਮਲਕੀਤ ਸਿੰਘ ਅੱਪਰਾ, ਜਗਦੀਪ ਸਿੰਘ ਕਾਹਲੋਂ, ਡਾ: ਨਿਰਮਲ ਸਿੰਘ ਖੁਬੈਰ, ਰਵਿੰਦਰ ਸਹਿਰਾਅ, ਵਰਿੰਦਰ ਸ਼ਰਮਾ ਐਮ.ਪੀ. ਯੂਕੇ., ਡਾ: ਰਾਜਵਿੰਦਰ ਸਿੰਘ, ਬਿੰਦਰ ਕੋਲੀਆਂਵਾਲ ਇਟਲੀ, ਗੁਰਚਰਨ ਨੂਰਪੁਰ, ਗੁਰਦੀਪ ਬੰਗੜ, ਗਿਆਨ ਸਿੰਘ ਡੀਪੀਆਰਓ, ਕੇਹਰ ਸ਼ਰੀਫ਼ ਜਰਮਨੀ, ਬੇਅੰਤ ਕੌਰ ਗਿੱਲ, ਸੀਤਲ ਰਾਮ ਬੰਗਾ, ਸੁਖਦੇਵ ਸਿੰਘ ਗੰਡਵਾਂ, ਡਾ: ਕੋਮਲ ਸਿੰਘ, ਜੀ.ਐਸ. ਗੁਰਦਿੱਤ ਆਦਿ ਨੇ ਭਾਗ ਲਿਆ।

# ਅੰਮ੍ਰਿਤਸਰ ਵਿਕਾਸ ਮੰਚ ਨੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਦਿਹਾੜਾ ਰਾਮ ਬਾਗ (ਕੰਪਨੀ ਬਾਗ) ਵਿਚ ਮਨਾਇਆ

**ਅੰਮ੍ਰਿਤਸਰ-** ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਦਿਹਾੜਾ ਬੀਤੇ ਦਿਨ ਸਥਾਨਕ ਰਾਮ ਬਾਗ ( ਕੰਪਨੀ ਬਾਗ) ਵਿਚ ਬੜੇ ਸਤਿਕਾਰ ਸਹਿਤ ਮਨਾਇਆ ਗਿਆ ਅਤੇ ਪੰਜਾਬ ਸਰਕਾਰ, ਜਿਲਾ ਪ੍ਰਸ਼ਾਸਨ ਅਤੇ ਨਗਰ ਨਿਗਮ ਪਾਸੋਂ ਮੰਗ ਕੀਤੀ ਗਈ ਹੈ ਕਿ ਬਾਗ਼ ਦੀ ਸਾਂਭ-ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਇਸ ਨੂੰ ਇੱਕ ਦਿਲਕਸ਼ ਬਾਗ਼ ਵਜੋਂ ਵਿਕਸਤ ਕੀਤਾ ਜਾਵੇ ਤਾਂ ਕਿ ਯਾਤਰੂਆਂ ਲਈ ਵੀ ਇਹ ਖਿੱਚ ਦਾ ਕੇਂਦਰ ਹੋਵੇ। ਬਾਗ਼ ਦਾ ਆਧੁਨਿਕ ਤਰੀਕੇ ਨਾਲ ਕੀਤਾ ਅੰਤਰਰਾਸ਼ਟਰੀ ਪੱਧਰ ਦਾ ਵਿਕਾਸ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਅਸਲੀ ਅਤੇ ਢੁੱਕਵੀਂ ਸ਼ਰਧਾਂਜਲੀ ਹੋਵੇਗੀ।

ਸੰਨ 1990 ਤੱਕ ਤਾਂ ਰਾਮ ਬਾਗ ਦੀ ਸ਼ਾਨ ਅਤੇ ਸੰਭਾਲ ਤਸੱਲੀ ਬਖਸ਼ ਸੀ ਪ੍ਰੰਤੂ ਉਸ ਉਪਰੰਤ ਨਗਰ ਨਿਗਮ ਅਤੇ ਜਿਲਾ ਪ੍ਰਸ਼ਾਸਨ ਨੇ ਬਾਗ਼ ਦੀ ਸਾਂਭ-ਸੰਭਾਲ ਨੂੰ ਤਕਰੀਬਨ ਵਿਸਾਰ ਹੀ ਦਿੱਤਾ। ਅੱਜ ਬਾਗ਼ ਦੀ ਸਾਂਭ-ਸੰਭਾਲ ਪੱਖੋਂ ਹਾਲਤ ਬੇਹੱਦ ਤਰਸਯੋਗ ਹੈ। ਡਿਓੜੀ ਤੋਂ ਸਰਵਿਸ ਕਲੱਬ ਡਿਓੜੀ ਤੱਕ ਦਾ ਸਾਰਾ ਖੇਤਰ ਬੜੀ ਬੁਰੀ ਹਾਲਤ ਵਿੱਚ ਹੈ। ਸਾਫ਼ ਸਫ਼ਾਈ ਪੱਖੋਂ ਬਹੁਤ ਮੰਦੀ ਹਾਲਤ ਹੈ। ਬਾਗ਼ ਦੇ ਇਕ ਹਿੱਸੇ ਵਿੱਚੋਂ ਦੋ-ਤਿੰਨ ਫੁੱਟ ਮਿੱਟੀ ਪੁੱਟ ਲਈ ਗਈ ਸੀ, ਜਿਸ ਕਾਰਨ ਦਰੱਖਤਾਂ ਦੀਆਂ ਜੜ੍ਹਾਂ ਕਮਜ਼ੋਰ ਪੈ ਗਈਆਂ ਹਨ।ਕਈ ਦਰੱਖਤ ਜੜੋਂ ਡਿੱਗ ਪਏ ਹਨ।ਇਹ ਮਿੱਟੀ ਸਾਡਾ ਪਿੰਡ ਦੀ ਭਰਤੀ ਲਈ ਭੇਜੀ ਗਈ। ਜਿਥੋਂ ਵੰਨ-ਸੁਵੰਨੇ ਫੁੱਲਾਂ ਦੀ ਖੁਸ਼ਬੂ ਆਉਣੀ ਚਾਹੀਦੀ ਹੈ, ਉਥੇ ਥਾਂ ਥਾਂ ਜੰਗਲੀ ਝਾੜੀਆਂ ਅਤੇ ਨਦੀਨ ਉੱਗੇ ਹੋਏ ਹਨ। ਸਥਾਨਿਕ ਰਾਜਨੀਤਕ ਨੇਤਾਵਾਂ ਦੀ ਸ਼ਹਿ ਤੇ ਬਾਗ਼ ਦਾ ਵੱਡਾ ਹਿੱਸਾ ਗੈਰ ਕਾਨੂੰਨੀ ਅਤੇ ਗੈਰ ਸਿਧਾਂਤਕ ਤਰੀਕਿਆਂ ਤਹਿਤ ਵੱਖ-ਵੱਖ ਅਦਾਰਿਆਂ ਦੇ ਹਵਾਲੇ ਕੀਤਾ ਹੋਇਆ ਹੈ। ਸਵੱਛ ਪਾਰਕ ਸਕੀਮ ਅਧੀਨ ਇਕ ਏਕੜ ਵਿਚ ਦੋ ਮਾਲੀ ਚਾਹੀਦੇ ਹਨ। ਇਸ ਹਿਸਾਬ ਨਾਲ 88 ਏਕੜ ਬਾਗ਼ ਵਿਚ 176 ਮਾਲੀ ਚਾਹੀਦੇ ਹਨ ਪਰ ਇਸ ਸਮੇਂ ਕੇਵਲ ਪੰਜ ਛੇ ਮਾਲੀਆਂ ਨਾਲ ਕੰਮ ਸਾਰਿਆ ਜਾ ਰਿਹਾ ਹੈ ।ਸਮਰ ਪੈਲਸ, ਜਿਸ ਦੀ ਉਸਾਰੀ ਲਗਭਗ ਦੋ ਸਾਲ ਦੇ ਸਮੇਂ ਵਿਚ ਮੁਕੰਮਲ ਹੋ ਗਈ ਸੀ, ਦੇ ਨਵੀਨੀਕਰਨ ਤੇ ਪੰਦਰਾਂ ਸਾਲ ਲਗ ਗਏ ਪਰ ਕੰਮ ਅਜੇ ਵੀ ਨਹੀਂ ਮੁੱਕਾ।ਬਾਗ਼ ਵਿਚ ਕਾਰਾਂ, ਥਰੀ ਵੀਲਰ, ਦੋਪਹੀਆ ਵਾਹਨ ਖੁੱਲੇਆਮ ਫਿਰਦੇ ਹਨ , ਜੋ ਦੁਨੀਆ ਦੇ ਕਿਸੇ ਬਾਗ਼ ਵਿਚ ਨਹੀਂ, ਇੱਥੇ ਵੀ ਇਨ੍ਹਾਂ 'ਤੇ ਪਾਬੰਦੀ ਲਾਈ ਜਾਵੇ।ਇਨ੍ਹਾਂ ਦੀ ਪਾਰਕਿੰਗ ਬਾਹਰ ਹੋਵੇ ਜਿਵੇਂ ਕਿ ਪੰਜਾਬ ਸਰਕਾਰ ਅਤੇ ਏ ਐਸ ਆਈ ਸਮਝੌਤੇ ਵਿਚ ਦਰਜ ਹੈ।ਇਸ ਸਮਝੌਤੇ ਵਿਚ ਬਾਗ਼ ਦੀ ਸਾਂਭ ਸੰਭਾਲ ਨਗਰ ਨਿਗਮ ਨੇ ਕਰਨੀ , ਜੋ ਕਿ ਨਹੀਂ ਕੀਤੀ ਜਾ ਰਹੀ।



ਵਰਨਣਯੋਗ ਹੈ ਕਿ ਗੁਰੂ ਦੀ ਨਗਰੀ ਅੰਮ੍ਰਿਤਸਰ ਦੇ ਇਸ ਇਤਿਹਾਸਿਕ ਬਾਗ਼ ਨੂੰ ਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1819 ਵਿਚ ਆਪਣੇ ਨਿਪੁੰਨ ਅਤੇ ਇਤਬਾਰੀ ਅਫਸਰਾਂ ਦੀਆਂ ਸੇਵਾਵਾਂ ਲਈਆਂ ਸਨ।ਉਨ੍ਹਾਂ ਅਧਿਕਾਰੀਆਂ ਨੇ ਬੜੀ ਮਿਹਨਤ ਅਤੇ ਰੀਝ ਨਾਲ ਬਹੁਤ ਦੁਰਲੱਭ ਅਤੇ ਆਕਰਸ਼ਕ ਫੁੱਲਦਾਰ ਅਤੇ ਛਾਂਦਾਰ ਬੂਟੇ ਅਤੇ ਰੁੱਖ ਦੂਰ ਦੁਰਾਡੇ ਹਿਮਾਲਿਆ ਪਰਬਤ ਅਤੇ ਨੀਲਗਿਰੀ ਪਹਾੜੀ ਇਲਾਕਿਆਂ ਵਿੱਚੋਂ ਲਿਆ ਕੇ ਬਾਗ਼ ਨੂੰ ਲਾਹੌਰ ਦੇ ਸ਼ਾਲੀਮਾਰ ਬਾਗ ਦੀ ਤਰਜ਼ ਤੇ ਦਿਲਕਸ਼ ਬਣਾਇਆ ਤੇ ਇਸ ਨੂੰ ਗਰਮੀਆਂ ਦੀ ਰਾਜਧਾਨੀ ਬਣਾਇਆ ।

ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਹਰਿਮੰਦਰ ਸਾਹਿਬ ਪ੍ਰਤੀ ਅਥਾਹ ਸ਼ਰਧਾ ਸੀ।ਹਰ ਕੀਮਤੀ ਤੋਹਫ਼ੇ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਂਟ ਕਰਕੇ ਮਹਾਰਾਜਾ ਆਪਣੇ ਆਪ ਨੂੰ ਵਡਭਾਗੀ ਸਮਝਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਤੇ ਹੀ ਮਹਾਰਾਜਾ ਨੇ ਰਾਮ ਬਾਗ ਬਣਾਇਆ, ਜਿਸ ਦਾ ਨਾਮ ਅੰਗਰੇਜ਼ਾਂ ਨੇ ਈਸਟ ਇੰਡੀਆ ਦੇ ਨਾਂ 'ਤੇ ਕੰਪਨੀ ਬਾਗ ਵਿਚ ਤਬਦੀਲ ਕਰ ਦਿੱਤਾ। ਬਾਗ਼ ਦੇ ਵਿਚਕਾਰ ਸ਼ੇਰ-ਏ-ਪੰਜਾਬ ਨੇ ਸਮਰ ਪੈਲਸ ਤਾਮੀਰ ਕਰਵਾਇਆ। ਇਸ ਦੇ ਨਾਲ ਹੀ ਸ਼ਾਨਦਾਰ ਤਿੰਨ ਡਿਓੜੀਆਂ, ਚਾਰ ਨਿਗਰਾਨ ਟਾਵਰ, ਬਾਰਾਂਦਰੀਆਂ ਅਤੇ ਹਮਾਮ ਘਰ ਦੀ ਉਸਾਰੀ ਕਰਵਾਈ। ਦੀਵਾਲੀ, ਵਿਸਾਖੀ ਅਤੇ ਹੋਰ ਦਿਨ ਦਿ-ਹਾੜਿਆਂ ਮੌਕੇ ਮਹਾਰਾਜਾ ਰਣਜੀਤ ਸਿੰਘ ਸਮਰ ਪੈਲਸ ਵਿਚ ਠਹਿਰਦੇ ਸਨ ਅਤੇ ਇਥੋਂ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਜਾਂਦੇ ਸਨ। ਇਸ ਸਮਾਗਮ ਵਿਚ ਮੰਚ ਦੇ ਪ੍ਰਧਾਨ ਮਨਮੋਹਣ ਸਿੰਘ ਬਰਾੜ ਸਰਪ੍ਰਸਤ ਡਾ.ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਇੰਜ.ਦਲਜੀਤ ਸਿੰਘ ਕੋਹਲੀ,ਸਕੱਤਰ ਯੋਗੇਸ਼ ਕਾਮਰਾ,ਕਾਰਜਕਾਰੀ ਮੈਂਬਰ ਕਾਮਰੇਡ ਯਸ਼ਪਾਲ ਝਬਾਲ, ,ਸਾਬਕਾ ਜਿਲਾ ਸਿੱਖਿਆ ਅਫ਼ਸਰ ਸ .ਗੁਰਪ੍ਰਤਾਪ ਸਿੰਘ ਗੁਰੀ, ਇੰਜ. ਮਨਜੀਤ ਸਿੰਘ ਸੈਣੀ, ਕਾਮਰੇਡ ਸੁੱਚਾ ਸਿੰਘ ਅਜਨਾਲਾ,ਸ. ਬਲਬੀਰ ਸਿੰਘ ਮੂਧਲ ਪ੍ਰਧਾਨ ਇਪਟਾ ਅੰਮ੍ਰਿਤਸਰ ਬ੍ਰਾਂਚ, ਕਾਮਰੇਡ ਜੋਗਿੰਦਰ ਲਾਲ ਅਤੇ ਹੋਰ ਮੈਂਬਰਾਂ ਨੇ ਭਾਗ ਲਿਆ ।

# ਭਾਰਤ 'ਚ ਹਿੰਸਾ ਅਤੇ ਜਾਤ ਆਧਾਰਿਤ ਸਿਆਸਤ ਦਾ ਬੋਲਬਾਲਾ- ਓਬਾਮਾ

**ਵਾਸ਼ਿੰਗਟਨ–** ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਯਾਦ ਦੀ ਅੱਜਕੱਲ੍ਹ ਭਾਰਤ 'ਚ ਕਾਫੀ ਜੋਰ-ਸ਼ੋਰ ਨਾਲ ਚਰਚਾ ਹੋ ਰਹੀ ਹੈ। ਇਹ ਚਰਚਾ ਉਸ ਸਮੇਂ ਸ਼ੁਰੂ ਹੋਈ ਜਦੋਂ ਪਿਛਲੇ ਹਫਤੇ ਉਨ੍ਹਾਂ ਦੀ ਕਿਤਾਬ 'ਚ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ 'ਤੇ ਕੀਤੀ ਗਈ ਟਿੱਪਣੀ ਸਾਹਮਣੇ ਆਈ। ਹੁਣ ਰਾਜਨੀਤੀ ਅਤੇ ਵਿਦੇਸ਼ ਨੀਤੀ ਦੇ ਜਾਣਕਾਰ ਉਸ ਦੀ ਵਿਆਖਿਆ ਅਤੇ ਸਮੀਖਿਆ ਕਰ ਰਹੇ ਹਨ।

ਓਬਾਮਾ ਮੁਤਾਬਕ ਭਾਰਤ ਵਿਚ ਹਿੰਸਾ ਅਤੇ ਸਿਆਸਤ, ਧਰਮ, ਜਾਤ-ਪਾਤ ਤੇ ਪਰਿਵਾਰਵਾਦ ਦੁਆਲੇ ਘੁੰਮਦੀ ਹੈ। ਉਹਨਾਂ ਲਿਖਿਆ ਕਿ ਲੱਖਾਂ ਲੋਕ ਗੰਦਗੀ ਅਤੇ ਝੁੱਗੀ ਝੌਂਪੜੀਆਂ 'ਚ ਰਹਿੰਦੀ ਹੈ ਜਦਕਿ ਵੱਡੇ ਕਾਰੋਬਾਰੀ ਰਾਜਿਆਂ ਤੇ ਮੁਗਲਾਂ ਵਰਗਾ ਆਲੀਸ਼ਾਨ ਜੀਵਨ ਬਤੀਤ ਕਰ ਰਹੇ ਹਨ।

ਨਿਊਯਾਰਕ ਟਾਈਮਜ਼ ਨੇ ਓਬਾਮਾ ਦੀ ਯਾਦ 'ਏ ਪ੍ਰਾਮਿਸਡ ਲੈਂਡ' ਦੀ ਸਮੀਖਿਆ ਕੀਤੀ ਹੈ। ਇਸ 'ਚ ਸਾਬਕਾ ਰਾਸ਼ਟਰਪਤੀ ਨੇ ਦੁਨਿਆਭਰ ਦੇ ਰਾਜਨੀਤਕ ਨੇਤਾਵਾਂ ਤੋਂ ਇਲਾਵਾ ਹੋਰ ਮਜ਼ਮੂਨਾਂ 'ਤੇ ਆਪਣੇ ਅਨੁਭਵ ਸਾਂਝੇ ਕੀਤੇ ਹਨ।

ਯਾਦ 'ਚ ਓਬਾਮਾ ਨੇ ਰਾਹੁਲ ਦੀ ਮਾਂ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਵੀ ਜਿਕਰ ਕੀਤਾ ਹੈ। ਕਿਤਾਬ ਦੇ ਇੱਕ ਪੰਨੇ 'ਚ ਓਬਾਮਾ ਲਿਖਦੇ ਹਨ ਕਿ ਇੱਕ ਤੋਂ ਜਿਆਦਾ ਰਾਜਨੀਤਕ ਨਿਰੀਖਕ ਦਾ ਮੰਨਣਾ ਸੀ ਕਿ ਸੋਨੀਆ ਗਾਂਧੀ ਨੇ ਮਨਮੋਹਨ ਸਿੰਘ ਦੀ ਚੋਣ ਕਾਫ਼ੀ ਸੋਚ ਸੱਮਝ ਕੇ ਕੀਤੀ ਸੀ। ਕਿਉਂਕਿ ਮਨਮੋਹਨ ਸਿੰਘ ਇੱਕ ਅਜਿਹੇ ਬਜੁਰਗ ਸਿੱਖ ਨੇਤਾ ਸਨ ਜਿਨ੍ਹਾਂ ਦਾ ਕੋਈ ਰਾਸ਼ਟਰੀ ਰਾਜਨੀਤਕ ਆਧਾਰ ਨਹੀਂ ਸੀ। ਅਜਿਹੇ ਨੇਤਾ ਤੋਂ ਉਨ੍ਹਾਂ ਨੂੰ ਆਪਣੇ 40 ਸਾਲਾ ਬੇਟੇ ਰਾਹੁਲ ਲਈ ਕੋਈ ਸਿਆਸੀ ਖ਼ਤਰਾ ਨਹੀਂ ਦਿਖਿਆ, ਕਿਉਂਕਿ ਉਦੋਂ ਉਹ ਉਨ੍ਹਾਂ ਨੂੰ ਵੱਡੀ ਭੂਮਿਕਾ ਲਈ ਤਿਆਰ ਕਰ ਰਹੇ ਸਨ।



ਇਸੇ ਤਰ੍ਹਾਂ ਰਾਹੁਲ ਗਾਂਧੀ ਬਾਰੇ ਓਬਾਮਾ ਦਾ ਕਹਿਣਾ ਹੈ ਕਿ 'ਉਨ੍ਹਾਂ 'ਚ ਇੱਕ ਅਜਿਹੇ 'ਘਬਰਾਏ ਹੋਏ ਅਤੇ ਅਨਗੜ੍ਹ' ਵਿਦਿਆਰਥੀ ਦੇ ਗੁਣ ਹਨ ਜਿਸ ਨੇ ਆਪਣਾ ਪੂਰਾ ਕੋਰਸ ਪੂਰਾ ਕਰ ਲਿਆ ਹੈ ਅਤੇ ਉਹ ਆਪਣੇ ਅਧਿਆਪਕ ਨੂੰ ਪ੍ਰਭਾਵਿਤ ਕਰਨ ਦੀ ਚਾਹਤ ਰੱਖਦਾ ਹੈ ਪਰ ਉਨ੍ਹਾਂ 'ਚ ਵਿਸ਼ੇ 'ਚ ਮੁਹਾਰਤ ਹਾਸਲ ਕਰਨ ਦੀ ਯੋਗਤਾ ਜਾਂ ਫਿਰ ਜ ਨੂੰ ਨ ਦੀ ਕਮੀ ਹੈ।

ਓਬਾਮਾ ਦੀ ਇਸ ਕਿਤਾਬ 'ਚ ਪਾਕਿਸਤਾਨੀ ਸੈਨਾ ਦੇ ਭਾਰਤ ਖ਼ਿਲਾਫ਼ ਅੱਤਵਾਦੀ ਗਤੀਵਿਧੀਆਂ 'ਚ ਸ਼ਾਮਿਲ ਹੋਣ ਦਾ ਦਾਅਵਾ ਵੀ ਕੀਤਾ ਗਿਆ ਹੈ। ਓਬਾਮਾ ਨੇ ਕਿਤਾਬ 'ਚ ਆਪਣੀ ਸਿਆਸੀ ਯਾਤਰਾ ਬਾਰੇ ਵੀ ਲਿਖਿਆ ਹੈ, ਜਿਸ 'ਚ ਉਨ੍ਹਾਂ ਨੇ ਕਾਰਜਕਾਲ ਦੌਰਾਨ ਅੱਤਵਾਦੀ ਸੰਗਠਨ ਅਲ-ਕਾਇਦਾ ਦੇ ਸਰਗਨਾ ਓਸਾਮਾ ਬਿਨ ਲਾਦੇਨ ਦੇ ਖ਼ਾਤਮੇ ਦਾ ਜ਼ਿਕਰ ਕੀਤਾ ਹੈ।

ਉਨ੍ਹਾਂ ਨੇ ਆਪਣੀ ਕਿਤਾਬ 'ਚ ਇਸ ਗੱਲ ਦਾ ਵੀ ਜ਼ਿਕਰ ਕੀਤਾ ਹੈ ਕਿ ਓਸਾਮਾ ਬਿਨ ਲਾਦੇਨ ਦੇ ਟਿਕਾਣੇ 'ਤੇ ਛਾਪੇ 'ਚ ਪਾਕਿਸਤਾਨ ਨੂੰ ਕਿਉਂ ਸ਼ਾਮਿਲ ਨਹੀਂ ਕੀਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਪਾਕਿ ਸੈਨਾ ਨੇ ਖ਼ਾਸ ਤੌਰ 'ਤੇ ਇਸਦੀ ਖ਼ੁਫੀਆ ਏਜੰਸੀ ਆਈਐੱਸਆਈ ਤਾਲਿਬਾਨ ਤੇ ਸ਼ਾਇਦ ਅਲ-ਕਾਇਦਾ ਦੇ ਨਾਲ ਸੰਪਰਕ ਬਣਾਏ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਪਾਕਿ ਸੈਨਾ ਕਦੇ-ਕਦੇ ਇਨ੍ਹਾਂ ਅੱਤਵਾਦੀ ਸੰਗਠਨਾਂ ਨੂੰ ਅਫ਼ਗਾਨਿਸਤਾਨ ਅਤੇ ਭਾਰਤ ਖ਼ਿਲਾਫ਼ ਇਸਤੇਮਾਲ ਵੀ ਕਰਦੀ ਹੈ। ਉਨ੍ਹਾਂ ਨੇ ਦੱਸਿਆ ਕਿ 2 ਮਈ 2011 ਨੂੰ ਕੀਤੇ ਗਏ ਇਸ ਸੀਕ੍ਰੇਟ ਆਪਰੇਸ਼ਨ ਦਾ ਤਤਕਾਲੀਨ ਰੱਖਿਆ ਸਕੱਤਰ ਰਾਬਰਟ ਗੇਟਸ ਤੇ ਉਨ੍ਹਾਂ ਦੇ ਸਾਬਕਾ ਉਪ ਰਾਸ਼ਟਰ-ਪਤੀ ਜੋ ਬਾਇਡਨ ਦੁਆਰਾ ਵਿਰੋਧ ਕੀਤਾ ਗਿਆ ਸੀ।

ਓਬਾਮਾ ਨੇ ਅੱਗੇ ਲਿਖਿਆ, 'ਜਦੋਂ ਸਾਨੂੰ ਇਸ ਗੱਲ ਦੀ ਜਾਣਕਾਰੀ ਮਿਲੀ ਓਸਾਮਾ ਪਾਕਿਸਤਾਨ ਦੇ ਬਾਹਰੀ ਇਲਾਕੇ ਐਬਟਾਬਾਦ 'ਚ ਸੁਰੱਖਿਅਤ ਟਿਕਾਣੇ 'ਤੇ ਰਹਿ ਰਿਹਾ ਸੀ ਤਾਂ ਅਸੀਂ ਉਥੇ ਛਾਪਾ ਮਾਰਨ ਦੀ ਯੋਜਨਾ ਬਣਾਈ। ਇਸਦੇ ਲਈ ਜ਼ਰੂਰੀ ਸੀ ਕਿ ਇਹ ਯੋਜਨਾ ਟਾਪ ਸੀਕਰੇਟ ਰਹੇ ਕਿਉਂਕਿ ਜੇਕਰ ਇਸਦੀ ਥੋੜ੍ਹੀ ਜਿਹੀ ਜਾਣਕਾਰੀ ਵੀ ਲੀਕ ਹੋ ਜਾਂਦੀ ਤਾਂ ਅਸੀਂ ਕਦੇ ਕਾਮਯਾਬੀ ਹਾਸਿਲ ਨਹੀਂ ਕਰ ਪਾਉਂਦੇ। ਇਸਤੋਂ ਇਲਾਵਾ ਅਸੀਂ ਪਾਕਿਸਤਾਨ ਨੂੰ ਇਸ ਯੋਜਨਾ 'ਚ ਸ਼ਾਮਿਲ ਨਾ ਕਰਨ ਦਾ ਫ਼ੈਸਲਾ ਲਿਆ।'

# ਕੈਲੀਫੋਰਨੀਆਂ ਯੂਨੀਵਰਸਿਟੀ ਨੂੰ ਮਹਿੰਗਾ ਪਿਆ ਸਾਬਕਾ ਗਾਇਨੀਕੋਲੋਜਿਸਟ, ਮੁਕੱਦਮੇ ਦੇ ਨਿਪਟਾਰੇ ਲਈ ਦਿੱਤੀ 73 ਮਿਲੀਅਨ ਡਾਲਰ ਦੀ ਸਹਿਮਤੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ),** ਕੈਲੀਫੋਰਨੀਆ ਯੂਨੀਵਰਸਿਟੀ ਦੇ ਸਿਸਟਮ ਨੇ ਸੱਤ ਔਰਤਾਂ ਨਾਲ 73 ਮਿਲੀਅਨ ਡਾਲਰ ਦਾ ਸਮਝੌਤਾ ਕੀਤਾ ਹੈ ਜਿਨ੍ਹਾਂ ਨੇ ਸਾਬਕਾ ਗਾਇਨੀਕੋਲੋਜਿਸਟ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਸਨ। ਇਸ ਮੁਕੱਦਮੇ ਦੇ ਹਿੱਸੇ ਵਜੋਂ, ਕੈਲੀਫੋਰਨੀਆਂ ਯੂਨੀਵਰਸਿਟੀ ਲਾਸ ਏਂਜਲਸ ਦੇ ਸਾਬਕਾ ਗਾਇਨੀ ਕੋਲੋਜਿਸਟ ਡਾ. ਜੇਮਜ਼ ਹੀਪਜ਼ ਦੇ 6,600 ਤੋਂ ਵੱਧ ਮਰੀਜ਼ ਇਸ ਸੈਟਲਮੈਂਟ ਦਾ ਹਿੱਸਾ ਪ੍ਰਾਪਤ ਕਰ ਸਕਦੇ ਹਨ। ਇਹਨਾਂ ਔਰਤ ਮਰੀਜ਼ਾਂ ਨੇ 1983 ਤੋਂ 2018 ਦੇ ਵਿਚਕਾਰ ਹੀਪਜ਼ ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਹਨ, ਜਦੋਂ ਉਸਨੇ ਯੂ ਸੀ ਐਲ ਏ ਵਿਦਿਆਰਥੀ ਸਿਹਤ ਕੇਂਦਰ ਅਤੇ ਮੈਡੀਕਲ ਸੈਂਟਰ ਵਿੱਚ ਕੰਮ ਕੀਤਾ ਸੀ। ਇਲਜ਼ਾਮਾਂ ਵਿੱਚ ਮਰੀਜ਼ਾਂ ਨੂੰ ਜਿਨਸੀ ਟਿੱਪਣੀਆਂ ਕਰਨਾ ਅਤੇ ਬਿਨਾਂ ਦਸਤਾਨੇ ਪਹਿਨੇ ਜਾਂਚ ਦੌਰਾਨ ਔਰਤਾਂ ਨੂੰ ਛੋਹਣਾ ਸ਼ਾਮਲ ਹੈ। ਇਹ ਸਮਝੌਤਾ ਹੀਪਜ਼ (63) ਦੇ ਖਿਲਾਫ ਅਪਰਾਧਿਕ ਦੋਸ਼ਾਂ ਤੋਂ ਵੱਖਰਾ ਹੈ, ਜਿਸਦਾ ਮੈਡੀਕਲ ਲਾਇਸੈਂਸ ਅਦਾਲਤ ਦੇ ਆਦੇਸ਼ ਦੁਆਰਾ ਮੁਅੱਤਲ ਕਰ ਦਿੱਤਾ ਗਿਆ ਹੈ। ਜਦਕਿ ਡਾਕਟਰ ਨੇ ਸੱਤ ਔਰਤਾਂ ਦੁਆਰਾ ਲਗਾਏ ਦੋਸ਼ਾਂ ਨੂੰ ਨਹੀਂ ਮੰਨਿਆ ਹੈ ਅਤੇ ਗਲਤ ਕੰਮਾਂ ਤੋਂ ਇਨਕਾਰ ਕੀਤਾ ਹੈ ਅਤੇ ਉਸ ਦੇ ਕੁਝ ਸਾਬਕਾ ਮਰੀਜ਼ ਵੀ ਉਸ ਦੇ ਬਚਾਅ ਲਈ ਆਏ ਹਨ।



ਇਸ ਮਾਮਲੇ ਵਿੱਚ 7 ਦਸੰਬਰ ਨੂੰ ਸੂਬਾ ਅਦਾਲਤ ਵਿੱਚ ਉਸਦੀ ਦੁਬਾਰਾ ਪੇਸ਼ੀ ਹੈ। ਯੂਨੀਵਰਸਿਟੀ ਅਨੁਸਾਰ ਇਸ ਗਾਇਨੀ ਕੋਲੋਜਿਸਟ ਬਾਰੇ ਜਾਂਚ ਦਸੰਬਰ 2017 ਵਿੱਚ ਸ਼ੁਰੂ ਹੋਈ ਸੀ ਅਤੇ 2018 ਵਿੱਚ ਰਿਟਾਇਰ ਹੋਣ ਤੇ&; ਯੂ ਸੀ ਐਲ ਏ ਨੇ ਉਸਦੇ ਇਕਰਾਰਨਾਮੇ ਨੂੰ ਰੀਨਿਊ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਸਹਿਮਤੀ ਵਾਲੇ 73 ਮਿਲੀਅਨ ਡਾਲਰ ਵਿੱਚ ਵਿਚ ਅਟਾਰਨੀ ਦੀਆਂ ਫੀਸਾਂ ਜਾਂ ਮੁਕੱਦਮੇ ਦੇ ਖਰਚੇ ਸ਼ਾਮਲ ਨਹੀਂ ਹਨ, ਇਹਨਾਂ ਨੂੰ ਵੱਖਰੇ ਤੌਰ 'ਤੇ ਅਦਾ ਕਰੇਗੀ।

# ਕੈਲੀਫੋਰਨੀਆਂ ਵਿੱਚ ਭੁਲੱਥ ਹਲਕੇ ਦੇ ਕਸਬਾ ਨਡਾਲਾ ਦੇ ਇਕ ਨੌਜਵਾਨ ਦੀ ਮੌਤ

**ਨਿਊਯਾਰਕ,( ਰਾਜ ਗੋਗਨਾ)**–ਆਪਣੇ ਚੰਗੇ ਭਵਿੱਖ ਲਈ ਕਰੀਬ 8 ਕੁ ਸਾਲ ਪਹਿਲਾਂ ਨਡਾਲਾ ਦਾ ਜੰਮਪਲ ਤਅਮਰੀਕਾ ਆਇਆ ਸੀ 28 ਸਾਲਾ ਨਡਾਲਾ ਨਿਵਾਸੀ ਗੁਰਪ੍ਰੀਤ ਵਾਲ਼ੀਆਂ ਸਿਰਫ ਗੋਪੀ ਸਪੁੱਤਰ ਨੰਬਰਦਾਰ ਬਲਵਿੰਦਰਜੀਤ ਸਿੰਘ ਦੀ ਬੀਤੀ ਰਾਤ ਦਿਲ ਦਾ ਦੌਰਾ ਪੈਣ ਕਾਰਨ ਫਰਿਜਨੋਂ (ਕੈਲੀਫੋਰਨੀਆਂ) ਵਿੱਚ ਮੌਤ ਹੋ ਗਈ। ਗੋਪੀ ਦੀ ਮੌਤ ਮਨਹੂਸ ਖਬਰ ਨਾਲ ਨਡਾਲਾ ਵਿੱਚ ਸੋਗ ਦੀ ਲਹਿਰ ਦੌੜ ਗਈ ਅਤੇ ਦੀਵਾਲੀ ਦੀਆ ਖੁਸ਼ੀਆਂ ਮਾਤਮ ਚ' ਬਦਲ ਗਈਆਂ ।ਜਾਣਕਾਰੀ ਅਨੁਸਾਰ ਸਾਲ 1991 ਵਿੱਚ ਜਨਮੇ ਗੁਰਪ੍ਰੀਤ ਸਿੰਘ ਉਰਫ ਗੋਪੀ ਆਪਣੇ ਤੇ ਆਪਣੇ ਪਰਿਵਾਰ ਦੇ ਚੰਗੇ ਭਵਿੱਖ ਲਈ ਕਰੀਬ 8 ਸਾਲ ਪਹਿਲਾਂ ਅਮਰੀਕਾ ਗਿਆ ਸੀ ਅਤੇ ਉਥੇ ਉਸਨੇ ਚੰਗੀ ਮਿਹਨਤ ਕਰਕੇ ਪੱਕੇ ਹੋਣ ਲਈ ਕੇਸ ਵੀ ਫਾਇਲ ਕੀਤਾ ਅਤੇ ਉਸ ਦਾ ਕੇਸ ਵੀ ਪਾਸ ਵੀ ਹੋ ਗਿਆ ਸੀ ਪਰ ਅਜੇਤੱਕ ਪੱਕੇ ਕਾਗਜ ਨਹੀ ਮਿਲੇ ਸਨ।ਇਸੇ ਦੌਰਾਨ ਕਰੀਬ ਬੀਤੇ ਤਿੰਨ ਦਿਨ ਪਹਿਲਾ ਗੁਰਪ੍ਰੀਤ ਨੂੰ ਹਾਰਟ ਅਟੈਕ ਹੋ ਗਿਆ। ਹਾਰਟ ਅਟੈਕ ਹੋਣ ਉਪਰੰਤ ਉਸਨੂੰ ਇਲਾਜ਼ ਲਈ ਕੰਮਿਊਨਿਟੀ ਰਿਜਨਲ ਮੈਡੀਕਲ ਸੈਂਟਰ ਫਰਿਜਨੋਂ (ਕੈਲੀਫੋਰਨੀਆਂ) ਵਿੱਚ ਭਰਤੀ ਕਰਾਇਆ ਗਿਆ। ਪਰ ਬਦਕਿਸਮਤੀ ਨਾਲ ਭਾਰਤੀ ਸਮੇ ਅਨੁਸਾਰ ਸਵੇਰੇ 4 ਵਜੇ ਉਸਦੀ ਮੌਤ ਹੋ ਗਈ।ਗੁਰਪ੍ਰੀਤ ਉਰਫ ਗੋਪੀ ਦਾ ਅੰਤਿਮ ਸੰਸਕਾਰ ਅਮਰੀਕਾ ਵਿੱਚ ਕੀਤਾ ਜਾਵੇਗਾ ਜਾ ਫਿਰ ਭਾਰਤ ਵਿੱਚ ਇਸ ਬਾਰੇ ਅਜੇ ਤੱਕ ਕੋਈ ਸ਼ਪਸ਼ਟ ਨਹੀ ਹੋਇਆ।



# ਮਨਦੀਪ ਖੁਰਮੀ ਆਪਣੇ ਨਵੇਂ ਗੀਤ "ਸਾਡੀ ਹਿੱਕ 'ਤੇ, ਤੂੰ ਖੁਦਕੁਸ਼ੀਆਂ ਨਾ ਬੀਜ ਹਾਕਮਾਂ ਓਏ" ਜ਼ਰੀਏ ਇੱਕ ਵਾਰ ਫਿਰ ਚਰਚਾ 'ਚ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਮਨਦੀਪ ਖੁਰਮੀ ਹਿੰਮਤਪੁਰਾ ਬੇਸ਼ੱਕ ਇੰਗਲੈਂਡ ਦੀ ਧਰਤੀ 'ਤੇ ਵਸਦਾ ਹੈ, ਪਰ ਉਸਦੇ ਕਣ ਕਣ ਵਿੱਚ ਪੰਜਾਬ ਪੰਜਾਬੀਅਤ ਕੁੱਟ ਕੁੱਟਕੇ ਭਰੀ ਹੋਈ ਹੈ। ਮਨਦੀਪ ਖੁਰਮੀ ਜਿੱਥੇ ਇੱਕ ਚੰਗਾ ਕਾਲਮਨਵੀਸ ਹੈ, ਓਥੇ ਉਸਨੇ ਬਹੁਤ ਸਾਰੇ ਮਿਆਰੀ ਗੀਤ ਵੀ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਾਏ ਹਨ। ਮਨਦੀਪ ਖੁਰਮੀ ਨੇ ਭਾਰਤ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ 'ਤੇ ਥੋਪੇ ਕਾਲੇ ਕਨੂੰਨਾਂ ਖ਼ਿਲਾਫ਼ ਪੰਜਾਬ ਦੀਆਂ ਸੜਕਾਂ 'ਤੇ ਸੰਘਰਸ਼ ਕਰਦੇ ਕਿਸਾਨ – ਮਜ਼ਦੂਰ ਭਰਾਵਾਂ ਦੇ ਹੱਕ ਵਿੱਚ ਭਾਰਤ ਸਰਕਾਰ ਨੂੰ ਲਾਹਣਤਾਂ ਪਾਉਂਦਾ ਗੀਤ "ਸਾਡੀ ਹਿੱਕ 'ਤੇ, ਖੁਦਕੁਸ਼ੀਆਂ ਨਾ ਬੀਜ ਹਾਕਮਾਂ ਓਏ" ਲਿਖਿਆ ਹੈ ਅਤੇ ਬਹੁਤ ਜਲਦ ਵਿਸ਼ਵ ਪ੍ਰਸਿੱਧ ਸੁਰੀਲੇ ਗਾਇਕ ਨਿਰਮਲ ਸਿੱਧੂ ਦੀ ਆਵਾਜ਼ ਵਿੱਚ ਤੁਹਾਡੀ ਕਚਿਹਰੀ ਵਿੱਚ ਆ ਰਿਹਾ ਹੈ। ਇਸ ਗੀਤ ਨੂੰ ਸੰਗੀਤਕ ਧੁਨਾਂ ਵਿੱਚ ਵੀ ਨਿਰਮਲ ਸਿੱਧੂ ਜੀ ਨੇ ਹੀ ਪ੍ਰੋਇਆ ਹੈ। ਆਸ ਕਰਦੇ ਹਾਂ ਕਿ ਇਸ ਤਰਾਂ ਦੇ ਗੀਤ ਲਿਖਕੇ ਮਨਦੀਪ ਖੁਰਮੀ ਫੱਟੀ ਵਿੱਚ ਟੋਪੀ ਵਾਲੇ ਕਿੱਲ ਠੋਕਦਾ ਰਹੇਗਾ।



# ਕੈਲੀਫੋਰਨੀਆਂ ਨੇ 1 ਮਿਲੀਅਨ ਕੋਰੋਨਾਂ ਕੇਸ ਹੋਣ ਤੇ ਦਿੱਤੀ ਸਖਤ ਪਾਬੰਦੀਆਂ ਦੀ ਚੇਤਾਵਨੀ

**ਨਿਊਯਾਰਕ,( ਰਾਜ ਗੋਗਨਾ)**–ਕੈਲੀਫੋਰਨੀਆਂ ਵਿਚ ਕੋਰੋਨਾਂ ਵਾਇਰਸ ਦੇ ਸੰਕਰਮਣ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਰਾਜ ਦੇ ਜਨਤਕ ਸਿਹਤ ਅਧਿਕਾਰੀਆਂ ਨੇ ਵਧ ਰਹੇ ਕੇਸਾਂ ਕਰਕੇ ਛੁੱਟੀਆਂ ਦੌਰਾਨ ਯਾਤਰਾ ਕਰਨ ਵਾਲਿਆਂ ਨੂੰ 14 ਦਿਨਾਂ ਲਈ ਵੱਖ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਜੇ ਕੇਸਾਂ ਦੀਆਂ ਦਰਾਂ ਵਿਚ ਵਾਧਾ ਜਾਰੀ ਰਿਹਾ ਤਾਂ ਹੋਰ ਸਖਤ ਪਾਬੰਦੀਆਂ ਲਾਜ਼ਮੀ ਹੋ ਸਕਦੀਆਂ ਹਨ। ਰਾਜ ਦੇ ਕੁਝ ਹਿੱਸਿਆਂ ਵਿੱਚ ਜਿੱਥੇ ਵਾਇਰਸ ਦਾ ਪ੍ਰਭਾਵ ਜ਼ਿਆਦਾ ਹੈ ਉੱਥੇ ਵੀ ਸਖਤ ਨਿਯਮ ਜ਼ਾਰੀ ਹੋ ਸਕਦੇ ਹਨ। ਕੋਰੋਨਾਂ ਦੀ ਲਾਗ ਤੋਂ ਜਿਆਦਾ ਪ੍ਰਭਾਵਿਤ ਖੇਤਰਾਂ ਵਿੱਚ ਲਾਸ ਏਂਜਲਸ ਵੀ ਮੋਹਰੀ ਹੈ ਜਿਸ ਕਰਕੇ ਇਸ ਕਾਉਂਟੀ ਵਿੱਚ ਛੌੜੀਧ-19 ਮਹਾਂਮਾਰੀ ਦੀਆਂ ਪਾਬੰਦੀਆਂ ਵੱਧ ਹੋ ਸਕਦੀਆਂ ਹਨ। ਪਿਛਲੇ ਮਹੀਨੇ ਵਿੱਚ ਕੈਲੀਫੋਰਨੀਆਂ ਦੇ ਹਫਤਾਵਾਰੀ ਕੇਸਾਂ ਵਿੱਚ ਦੁੱਗਣਾ ਵਾਧਾ ਹੋਇਆ ਹੈ। ਇਸ ਸਟੇਟ ਵਿਚ ਪਿਛਲੇ ਹਫਤੇ ਦੌਰਾਨ ਔਸਤਨ 6,300 ਨਵੇਂ ਕੇਸ ਸਾਹਮਣੇ ਆਏ ਹਨ, ਜੋ ਇੱਕ ਮਹੀਨੇ ਪਹਿਲਾਂ ਤਕਰੀਬਨ 3,200 ਸੀ। ਕੋਵਿਡ -19 ਕਰਕੇ ਹਸਪਤਾਲਾਂ ਵਿੱਚ ਪਿਛਲੇ ਮਹੀਨੇ 50% ਦਾ ਵਾਧਾ ਹੋਇਆ ਹੈ ਅਤੇ ਕੋਰਨਾਂ ਵਾਇਰਸ ਸਕਾਰਾਤਮਕ ਟੈਸਟਾਂ ਦੀ ਦਰ ਵੀ 4.4% ਵਧੀ ਹੈ। ਕੈਲੀਫੋਰਨੀਆਂ ਨੇ ਵੀਰਵਾਰ ਨੂੰ ਇਕ ਮਿਲੀਅਨ ਕੇਸਾਂ ਦੀ ਪੁਸ਼ਟੀ ਕੀਤੀ, ਜੋ ਕਿ ਚਿੰਤਾਜਨਕ ਹੈ। ਇਸੇ ਦੌਰਾਨ ਰਾਜ ਦੀ ਐਲ.ਏ. ਕਾਉਂਟੀ ਦੇ ਪਬਲਿਕ ਹੈਲਥ ਡਾਇਰੈਕਟਰ ਬਾਰਬਰਾ ਫੇਰਰ ਨੇ ਵੀਰਵਾਰ ਨੂੰ ਕਿਹਾ ਕਿ ਜੇ ਲਾਗ ਦਾ ਇਹ ਵਾਧਾ ਜਾਰੀ ਰਿਹਾ, ਤਾਂ ਵਾਇਰਸ ਨੂੰ ਵਾਪਸ ਕੰਟਰੋਲ ਵਿਚ ਲਿਆਉਣ ਲਈ "ਵਾਧੂ ਕਾਰਵਾਈਆਂ" ਜ਼ਰੂਰੀ ਹੋ ਸਕਦੀਆਂ ਹਨ।ਇਸ ਮਾਮਲੇ ਵਿੱਚ ਐਲ.ਏ. ਕਾਉਂਟੀ ਅਪੀਲ ਕਰ ਰਿਹਾ ਹੈ ਕਿ ਵਸਨੀਕ ਛੁੱਟੀਆਂ ਲਈ ਰਾਜ ਤੋਂ ਬਾਹਰ ਯਾਤਰਾ ਨਾ ਕਰਨ ਅਤੇ ਜੇ ਉਹ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਦੀ ਵਾਪਸੀ ਤੋਂ ਬਾਅਦ ਉਹ 14 ਦਿਨਾਂ ਲਈ ਇਕਾਂਤਵਾਸ ਹੋ ਸਕਦੇ ਹਨ। ਇਹ ਕਾਉਂਟੀ, ਸਮੁੱਚੇ ਤੌਰ 'ਤੇ ਕੈਲੀਫੋਰਨੀਆਂ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਵਿਚ ਇਕ ਨਵਾਂ ਵਾਧਾ ਵੇਖ ਰਿਹਾ ਹੈ ਜੋ ਕਿ ਘੱਟ ਹੋਣ ਦੇ ਕੋਈ ਸੰਕੇਤ ਨਹੀਂ ਦਿਖਾਉਂਦਾ। 3 ਨਵੰਬਰ ਤੱਕ, ਕਾਉਂਟੀ ਵਿੱਚ ਰੋਜ਼ਾਨਾ ਔਸਤਨ ਮਾਮਲਿਆਂ ਦੀ ਗਿਣਤੀ 1,464 ਸੀ ਜੋ ਕਿ ਇੱਕ ਮਹੀਨੇ ਪਹਿਲਾਂ 988 ਸੀ ਜਦਕਿ ਵੀਰਵਾਰ ਨੂੰ ਵੀ 2,533 ਨਵੇਂ ਕੇਸ ਦਰਜ ਕੀਤੇ ਗਏ ਹਨ।



# ਨੌਰਥ ਕੈਰੋਲੀਨਾ ਨਾਈਟ ਕਲੱਬ ਵਿਚ ਗੋਲੀਬਾਰੀ ਵਿੱਚ 2 ਪੁਲਿਸ ਅਧਿਕਾਰੀਆਂ ਸਮੇਤ ਹੋਏ 6 ਜ਼ਖਮੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਉੱਤਰੀ ਕੈਰੋਲਿਨਾ ਦੇ ਗੈਸਟੋਨੀਆ ਵਿਚ ਵੀਰਵਾਰ ਦੇਰ ਰਾਤ ਹੋਈ ਗੋਲੀਬਾਰੀ ਵਿੱਚ ਦੋ ਪੁਲਿਸ ਅਧਿਕਾਰੀਆਂ ਸਣੇ ਛੇ ਲੋਕਾਂ ਦੇ ਜ਼ਖਮੀ ਹੋਣ ਦੀ ਘਟਨਾ ਵਾਪਰੀ ਹੈ। ਪੁਲਿਸ ਅਨੁਸਾਰ ਸ਼ੁੱਕਰਵਾਰ ਨੂੰ ਦੋ ਅਧਿਕਾਰੀ ਚਾਰਲੋਟ ਤੋਂ ਲਗਭੱਗ 30 ਮਿੰਟ ਪੱਛਮ ਵੱਲ ਰੈਮੇਡੀਜ਼ ਨਾਈਟ ਕਲੱਬ ਵਿੱਚ ਡਿਊਟੀ 'ਤੇ ਸਨ ਅਤੇ 11 ਵਜੇ ਦੇ ਕਰੀਬ ਉੱਥੇ ਗੋਲੀਬਾਰੀ ਸ਼ੁਰੂ ਹੋ ਗਈ।ਇਸ ਦੌਰਾਨ ਦੋਹਾਂ ਅਧਿਕਾਰੀਆਂ ਨੂੰ ਝਗੜੇ ਦੇ ਕਾਰਨਾਂ ਦਾ ਪਤਾ ਨਹੀਂ ਲੱਗਿਆ ਪਰ ਦੋਵਾਂ ਨੇ ਦਖਲ ਦੇ ਕੇ ਇਸ ਨੂੰ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਗੋਲੀਬਾਰੀ ਹੋ ਗਈ ਅਤੇ ਉਨ੍ਹਾਂ ਨੂੰ ਸੱਟਾਂ ਲੱਗੀਆਂ, ਇਸਦੇ ਨਾਲ ਹੀ ਚਾਰ ਹੋਰ ਜ਼ਖ਼ਮੀ ਵਿਅਕਤੀਆਂ ਦਾ ਨੇੜਲੇ ਹਸਪਤਾਲ ਵਿੱਚ ਇਲਾਜ ਕੀਤਾ ਗਿਆ। ਇਸ ਗੋਲੀਬਾਰੀ ਤੋਂ ਬਾਅਦ ਦੋ ਸ਼ੱਕੀ ਵਿਅਕਤੀਆਂ, ਜਿਨ੍ਹਾਂ ਦੀ ਪਛਾਣ ਅਲੋਨਜ਼ੋ ਲੇਵਿਸ ਹੈਮਿਲਟਨ ਅਤੇ ਐਲਨ ਸਲੈਟਰ ਵਜੋਂ ਹੋਈ ਹੈ, ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਇਹਨਾਂ ਦੋਵਾਂ ਉੱਤੇ ਜਾਨੋਂ ਮਾਰਨ ਦੇ ਇਰਾਦੇ ਨਾਲ ਜਾਨਲੇਵਾ ਹਥਿਆਰ ਨਾਲ ਹਮਲਾ ਕਰਨ ਦਾ ਦੋਸ਼ ਲਾਇਆ ਗਿਆ ਹੈ।

# ਕਿਸਾਨ ਸੰਘਰਸ਼- ਕਿਰਤੀਆਂ ਦੇ ਜਾਗਣ ਦਾ ਵੇਲ਼ਾ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
+1-(424)-422-7025

ਪੰਜਾਬ ਤੋਂ ਸ਼ੁਰੂ ਹੋਏ ਮਲਕ ਦੇ 18 ਸੂਬਿਆਂ ਵਿਚ ਚੱਲ ਰਹੇ ਕਿਸਾਨ ਸੰਘਰਸ਼ ਨੇ ਕੁਝ ਬਹੁਤ ਹੀ ਅਿਮਹ ਮੁੱਦੇ ਸਮਾਜ ਅਤੇ ਸਰਕਾਰ ਦੇ ਸਾਹਮਣੇ ਲਿਆਂਦੇ ਹਨ। ਓਪਰੀ ਨਜ਼ਰ ਨਾਲ ਦੇਖਣ ਤੋਂ ਸੰਘਰਸ਼ ਸਿਰਫ਼ ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਨਾਲ਼ ਸੰਬੰਧਿਤ ਨਵੇਂ ਬਣਾਏ ਗਏ ਤਿੰਨ ਕਾਨੂੰਨਾਂ ਨੂੰ ਵਾਪਿਸ ਕਰਾਉਣ ਤੱਕ ਹੀ ਸੀਮਤ ਦਿਖਾਈ ਦਿੰਦਾ ਹੈ, ਪਰ ਅਸਲੀਅਤ ਵਿਚ ਇਹ ਸੰਘਰਸ਼ ਮੁਲਕ ਦੇ ਸੰਘੀ ਢਾਂਚੇ ਨੂੰ ਬਚਾਉਣ, ਮੁਲਕ ਵਿਚ 1991 ਤੋਂ ਅਪਣਾਏ ਗਏ ਕਾਰਪੋਰੇਟ ਆਰਥਿਕ ਮਾਡਲ ਦੀ ਜਗ੍ਹਾ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣ, ਸਮੱਸਿਆਵਾਂ ਨੂੰ ਹੱਲ ਕਰਨ ਲਈ ਬਚਾਉ ਦੀ ਜਗ੍ਹਾ ਸੰਘਰਸ਼ ਦਾ ਰਾਹ ਅਪਣਾਉਣ ਅਤੇ ਸਮਾਜਿਕ ਸੰਬੰਧਾਂ ਨੂੰ ਨਿੱਘੇ ਬਣਾਉਣ ਸੰਬੰਧੀ ਬਹੁਤ ਹੀ ਨਿੱਗਰ ਮੁੱਦੇ ਸਮਾਜ ਅਤੇ ਸਰਕਾਰ ਦੇ ਸਾਹਮਣੇ ਲਿਆਇਆ ਹੈ।

ਭਾਵੇਂ ਵਰਤਮਾਨ ਸਮੇਂ ਦੌਰਾਨ ਮੁਲਕ ਦੀਆਂ 500 ਦੇ ਕਰੀਬ ਕਿਸਾਨ ਜੱਥੇਬੰਦੀਆਂ ਇਸ ਸੰਘਰਸ਼ ਦੀ ਹਮਾਇਤ ਕਰਦੀਆਂ ਹੋਈਆਂ ਇਸ ਵਿਚ ਆਪਣਾ ਯੋਗਦਾਨ ਪਾ ਰਹੀਆਂ ਹਨ, ਪਰ ਸ਼ੁਰੂ ਵਿਚ ਇਸ ਸੰਘਰਸ਼ ਸੰਬੰਧੀ ਪੰਜਾਬ ਦੀਆਂ 31 ਕਿਸਾਨ ਜੱਥੇਬੰਦੀਆਂ ਵਿਚ ਕਿਸਾਨਾਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਆਪਸੀ ਸਹਿਮਤੀ ਬਣਨੀ ਬਹੁਤ ਹੀ ਮਹੱਤਤਾ ਰੱਖਦੀ ਹੈ ਕਿਉਂਕਿ ਇਸ ਸੂਬੇ ਵਿਚ ਖੱਬੇ ਅਤੇ ਸੱਜੇ-ਪੱਖੀ ਕਿਸਾਨ ਜੱਥੇਬੰਦੀਆਂ ਇਸ ਤੋਂ ਪਹਿਲਾਂ ਸਿਰਫ਼ ਇਕ-ਦੂਜੇ ਵੱਲ ਨੂੰ ਪਿੱਠ ਕਰਕੇ ਖੜ੍ਹਦੀਆਂ ਹੀ ਨਹੀਂ, ਸਗੋਂ ਭੱਜਦੀਆਂ ਹੋਈਆਂ ਵਿਰੋਧੀ ਸੋਚ ਵਾਲ਼ੀਆਂ ਜੱਥੇਬੰਦੀਆਂ ਬਾਰੇ ਮਾੜਾ ਵੀ ਬੋਲਦੀਆਂ ਸਨ। ਇਨ੍ਹਾਂ ਜੱਥੇਬੰਦੀਆਂ ਦਾ ਸੰਘਰਸ਼ ਲੋਕਤੰਤਰਿਕ ਅਤੇ ਸਾਂਤਮਈ ਢੰਗ ਨਾਲ਼ ਚੱਲ ਰਿਹਾ ਹੈ ਅਤੇ ਇਹ ਜੱਥੇਬੰਦੀਆਂ ਸਮੂਹਿਕ ਫ਼ੈਸਲਿਆਂ ਦੁਆਰਾ ਆਪਣੇ ਸੰਘਰਸ਼ਾਂ ਨੂੰ ਮੁਲਕ ਦੇ 18 ਸੂਬਿਆਂ ਤੱਕ ਲਿਜਾਣ, ਮੁਲਕ ਦੀਆਂ ਰਾਜਸੀ ਪਾਰਟੀਆਂ ਨੂੰ ਜਗਾਉਣ ਅਤੇ ਆਪਣੇ ਸੰਘਰਸ਼ ਨੂੰ ਲੋਕ ਸੰਘਰਸ਼ ਬਣਾਉਣ ਦਾ ਹਰ ਉਪਰਾਲਾ ਕਰ ਰਹੀਆਂ ਹਨ। ਇਨ੍ਹਾਂ 31 ਕਿਸਾਨ ਜੱਥੇਬੰਦੀਆਂ ਵਿਚੋਂ ਸਿਰਫ਼ ਇਕ ਜੱਥੇਬੰਦੀ ਦੀ ਲੀਡਰਸ਼ਿਪ ਆਪਣੇ ਨਿੱਜੀ ਹਿੱਤਾਂ ਕਾਰਨ ਕਿਸਾਨਾਂ ਦੇ ਹਿੱਤਾਂ ਦੀ ਬਲੀ ਦੇਣ ਵੱਲ ਨੂੰ ਤੁਰੀ ਸੀ, ਪਰ ਉਸ ਨੂੰ ਮੂੰਹ ਦੀ ਖਾਣੀ ਪਈ ਹੈ ਕਿਉਂਕਿ ਉਸ ਜੱਥੇਬੰਦੀ ਦੇ ਮੈਂਬਰਾਂ ਨੇ ਵੱਡੇ ਪੱਧਰ ਉੱਪਰ ਆਪਣੀ ਲੀਡਰਸ਼ਿਪ ਦੀ ਇਸ ਕਿਸਾਨ ਸੰਘਰਸ਼-ਵਿਰੋਧੀ ਚਾਲ ਦਾ ਸ਼ਰੇਆਮ ਵਿਰੋਧ ਕੀਤਾ।

ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਨਸਾਂ ਦੇ ਮੰਡੀਕਰਨ ਲਈ ਨਿੱਜੀ ਮੰਡੀਆਂ ਨੂੰ ਹੋਂਦ ਵਿਚ ਲਿਆਉਣ ਅਤੇ ਏ.ਪੀ.ਐੱਮ.ਸੀ. ਮੰਡੀਆਂ ਦਾ ਭੋਗ ਪਾਉਣ ਅਤੇ ਇਕਰਾਰਨਾਮਿਆਂ ਦੀ ਖੇਤੀਬਾੜੀ ਦੁਆਰਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਐਲਾਨਣ ਅਤੇ ਉਨ੍ਹਾਂ ਉੱਪਰ ਖ਼ਰੀਦਦਾਰੀ ਕਰਨ ਤੋਂ ਭੱਜਣ ਦੇ ਸਾਫ਼ ਸੁਨੇਹੇ ਸਨ ਜਿਨ੍ਹਾਂ ਨੂੰ ਕਿਸਾਨਾਂ ਨੇ ਬਹੁਤ ਹੀ ਜਲਦ ਸਮਝ ਲਿਆ ਭਾਵੇਂ ਸਰਕਾਰ ਦੁਆਰਾ ਇਨ੍ਹਾਂ ਕਾਨੂੰਨਾਂ ਦੁਆਰਾ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਸੰਬੰਧੀ ਪਰਚਾਰ ਅਤੇ ਇਨ੍ਹਾਂ ਕਾਨੂੰਨਾਂ ਦੀ ਭਾਸ਼ਾ ਵਿਚ ਵਰਤੇ ਗਏ ਸ਼ਬਦ ਵਾਰ ਵਾਰ ਭੁਲੇਖਾ ਪਾਉਣ ਵਾਲ਼ੇ ਹਨ। ਖੇਤੀਬਾੜੀ ਨਾਲ਼ ਸੰਬੰਧਿਤ ਤੀਜੇ ਕਾਨੂੰਨ ਦੁਆਰਾ ਕਿਸਾਨਾਂ ਅਤੇ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਗੱਲ ਕੀਤੀ ਗਈ ਸੀ। ਇਸ ਕਾਨੂੰਨ ਦੁਆਰਾ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਿਵੇਂ ਹੋਵੇਗੀ ਇਸ ਦਾ ਕੋਈ ਵੀ ਜ਼ਿਕਰ ਨਹੀਂ ਹੈ, ਪਰ ਜਿੱਥੋਂ ਤੱਕ 'ਜ਼ਰੂਰੀ ਵਸਤਾਂ ਕਾਨੂੰਨ 1955' ਵਿੱਚ ਸੋਧ ਕਰਕੇ ਕੰਪਨੀਆਂ/ਵਪਾਰੀਆਂ ਲਈ ਨਿੱਜੀ ਵਸਤਾਂ ਦੇ ਭੰਡਾਰ ਕਰਨ ਦੀ ਸੀਮਾ ਖ਼ਤਮ ਕੀਤੀ ਗਈ ਹੈ ਉਸ ਦੁਆਰਾ ਹੁਣ ਤੋਂ ਹੀ ਪਿਆਜ਼ਾਂ ਅਤੇ ਆਲੂਆਂ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਨੇ ਆਮ ਖ਼ਪਤਕਾਰਾਂ ਲਈ ਦੋ-ਡੰਗਾਂ ਦੀ ਰੁੱਖੀ-ਸੁੱਕੀ ਰੋਟੀ ਨੂੰ ਵੀ ਢਾਹ ਲਾਉਣੀ ਸ਼ੁਰੂ ਕਰ ਦਿੱਤੀ ਹੈ।

ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਐਲਾਨਣ ਅਤੇ ਉਨ੍ਹਾਂ ਉੱਤੇ ਕੁਝ ਜਿਨਸਾਂ ਨੂੰ ਕੇਂਦਰ ਸਰਕਾਰ ਵੱਲੋਂ ਖ਼ਰੀਦਣਾ 1964-65 ਤੋਂ ਸ਼ੁਰੂ ਕਰ ਦਿੱਤਾ ਗਿਆ ਸੀ। 1965 ਵਿਚ ਕੇਂਦਰ ਸਰਕਾਰ ਵੱਲੋਂ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਤੀ ਕਰ ਦਿੱਤੀ ਗਈ ਸੀ। ਇਹ ਕਮਿਸ਼ਨ ਆਪਣੀ ਸਥਾਪਤੀ ਤੋਂ ਲੈਕੇ ਹੁਣ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ ਅਤੇ ਕੇਂਦਰ ਸਰਕਾਰ ਆਮ ਕਰਕੇ ਉਨ੍ਹਾਂ ਸਿਫ਼ਾਰਸ਼ਾਂ ਨੂੰ ਮੰਨਦੀ ਆ ਰਹੀ ਹੈ। ਸ਼ੁਰੂ ਦੇ 5 ਸਾਲਾਂ ਦੌਰਾਨ, ਜਦੋਂ ਮੁਲਕ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ, 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀਆਂ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀਆਂ ਸਿਫ਼ਾਰਸ਼ਾਂ ਕਿਸਾਨਾਂ ਦੇ ਹੱਕ ਵਿਚ ਸਨ।

1970 ਤੋਂ ਇਹ ਸਿਫ਼ਾਰਸ਼ਾਂ ਕਿਸਾਨਾਂ ਦੇ ਵਿਰੁੱਧ ਕੀਤੀਆਂ ਜਾਣ ਲੱਗੀਆਂ ਜਿਸ ਦਾ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਵੱਲੋਂ ਵਿਰੋਧ ਅਤੇ ਨੁਕਤਾਚੀਨੀ ਕੀਤੀ ਜਾਣ ਲੱਗੀ। ਕੇਂਦਰ ਸਰਕਾਰ ਨੇ ਇਸ ਵਿਰੋਧ ਅਤੇ ਨੁਕਤਾਚੀਨੀ ਤੋਂ ਬਚਣ ਲਈ 23 ਫਰਵਰੀ, 1987 ਨੂੰ ਇਸ ਕਮਿਸ਼ਨ ਦਾ ਨਾਮ ਬਦਲਕੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਅਧਾਰ ਬਣਾਉਂਦਾ ਹੋਵੇ ਜਿਹੜਾ ਪੂਰੀ ਤਰ੍ਹਾਂ ਭੁਲੇਖਾ-ਪਾਊ ਵਰਤਾਰਾ ਸੀ। ਕੇਂਦਰ ਸਰਕਾਰ ਵਰਤਮਾਨ ਸਮੇਂ ਦੌਰਾਨ 23 ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਹੈ, ਪਰ ਆਮ ਕਰਕੇ ਸਿਰਫ਼ ਕਣਕ ਅਤੇ ਝੋਨੇ ਦੀ ਖ਼ਰੀਦ ਉਨ੍ਹਾਂ ਕੀਮਤਾਂ ਉੱਪਰ ਕੁਝ ਕੁ ਸੂਬਿਆਂ ਵਿਚੋਂ ਕਰ ਰਹੀ ਹੈ। ਇਸ ਵਾਰ ਮੱਕੀ ਅਤੇ ਕਪਾਹ-ਨਰਮੇ ਦੀਆਂ ਮੰਡੀ ਦੀਆਂ ਕੀਮਤਾਂ ਉਨ੍ਹਾਂ ਦੀਆਂ ਕੇਂਦਰ ਸਰਕਾਰ ਦੁਆਰਾ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਅਸਲੀਅਤ ਸਭ ਦੇ ਸਾਹਮਣੇ ਲਿਆ ਰਹੀਆਂ ਹਨ।

ਕਿਸਾਨ ਸੰਘਰਸ਼ ਵਿਚ ਇਕ ਮੁੱਖ ਮੁੱਦਾ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਤੈਅ ਕਰਨ ਅਤੇ ਉਨ੍ਹਾਂ ਉੱਪਰ ਕੇਂਦਰ ਸਰਕਾਰ ਵੱਲੋਂ ਖ਼ਰੀਦ ਕਰਨ ਦਾ ਰਿਹਾ ਹੈ। ਕੇਂਦਰ ਸਰਕਾਰ ਯੂ.ਪੀ.ਏ. ਦੀ ਹਕੂਮਤ ਤੋਂ ਲੈ ਕੇ ਹੁਣ ਤੱਕ ਦੀ ਐੱਨ.ਡੀ.ਏ. ਦੀ ਹਕੂਮਤ ਤੱਕ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਤੋਂ ਭੱਜਦੀ ਆਈ ਹੈ। ਜੇਕਰ ਕੇਂਦਰ ਸਰਕਾਰ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਨੂੰ ਮੰਨ ਵੀ ਲਵੇ, ਜਿਹੜਾ ਕਿ ਦਿਖਾਈ ਨਹੀਂ ਦਿੰਦਾ, ਕੀ ਤਾਂ ਕਿਸਾਨਾਂ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ? ਇਸ ਸਵਾਲ ਦਾ ਜਵਾਬ ਨਾਂਹ ਵਿਚ ਹੀ ਹੈ ਕਿਉਂਕਿ ਮੁਲਕ ਦੇ ਕੁੱਲ ਕਿਸਾਨਾਂ ਵਿਚੋਂ 68 ਫ਼ੀਸਦ ਤੋਂ ਵੱਧ 2.5 ਏਕੜ ਤੋਂ ਘੱਟ ਅਤੇ 86 ਫ਼ੀਸਦ 5 ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਹਨ। ਉਦਾਹਰਣ ਦੇ ਤੌਰ ਉੱਤੇ ਜੇਕਰ ਸਾਰੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਨਸਾਂ ਦੀ ਉਤਪਾਦਨ ਲਾਗਤ ਉੱਪਰ 50 ਫ਼ੀਸਦ ਨਫ਼ਾ ਦਿੱਤਾ ਜਾਵੇ ਅਤੇ ਇਨ੍ਹਾਂ ਕਿਸਾਨਾਂ ਦੀ ਸਲਾਨਾ ਔਸਤਨ ਲਾਗਤ 100000 ਲੱਖ ਰੁਪਏ ਹੋਵੇ ਤਾਂ ਪੂਰੇ ਇਕ ਸਾਲ ਵਿਚ ਇਕ 5 ਜੀਆਂ ਦੇ ਕਿਸਾਨ ਪਰਿਵਾਰ ਨੂੰ 50000 ਰੁਪਏ ਦੀ ਆਮਦਨ ਹੋਵੇਗੀ ਜਿਹੜੀ ਪ੍ਰਤਿ ਜੀਅ ਪ੍ਰਤਿ ਦਿਨ 28 ਰੁਪਏ ਤੋਂ ਵੀ ਘੱਟ ਬਣੇਗੀ। ਕੀ ਇਸ ਆਮਦਨ ਵਿਚ ਗੁਜ਼ਾਰਾ ਹੋ ਸਕੇਗਾ? ਇਸ ਲਈ ਕਿਸਾਨ ਜੱਥੇਬੰਦੀਆਂ ਵਿਚ ਵੀ ਇਹ ਮੁੱਦਾ ਵਿਚਾਰਿਆ ਜਾਣ ਲੱਗਿਆ ਹੈ ਕਿ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ (ਐੱਮ.ਐੱਸ.ਪੀ.) ਦੀ ਜਗ੍ਹਾ ਲਾਹੇਵੰਦ ਘੱਟੋ-ਘੱਟ ਸਮਰਥਨ ਕੀਮਤਾਂ (ਆਰ.ਐੱਸ.ਪੀ.) ਤਾਂ ਹੋਣ, ਪਰ ਉਸ ਦੇ ਨਾਲ਼ ਨਾਲ਼ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਦੁਆਰਾ ਕਿਸਾਨਾਂ ਦੀ ਆਮਦਨ ਦਾ ਇਕ ਘੱਟੋ-ਘੱਟ ਪੱਧਰ ਬਣਾਇਆ ਰੱਖਿਆ ਜਾਵੇ ਜਿਸ ਨਾਲ਼ ਉਹ ਆਪਣੀਆਂ ਰੋਟੀ, ਕੱਪੜੇ, ਮਕਾਨ, ਸਿੱਖਿਆ, ਸਿਹਤ-ਸਹੂਲਤਾਂ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਦੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ਼ ਪੂਰੀਆਂ ਕਰ ਸਕਣ। ਮੁਲਕ ਵਿਚ ਭੂਮੀ ਦੀ ਸਿਹਤ ਅਤੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਵੱਖ-ਵੱਖ ਖੇਤੀਬਾੜੀ-ਜਲਵਾਯੂ ਖੇਤਰਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਕੇਂਦਰ ਸਰਕਾਰ ਦਾ ਇਨ੍ਹਾਂ ਖੇਤਰਾਂ ਅਨੁਸਾਰ ਢੁਕਵੀਆਂ ਫ਼ਸਲਾਂ ਉਗਵਾਉਣੀਆਂ ਅਤੇ ਉਨ੍ਹਾਂ ਦੀਆਂ ਜਿਨਸਾਂ ਦੀਆਂ ਲਾਹੇਵੰਦ ਕੀਮਤਾਂ ਉੱਪਰ ਖ਼ਰੀਦ ਨੂੰ ਯਕੀਨੀ ਬਣਾਉਣਾ ਬਣਦਾ ਹੈ। ਇਸ ਸੰਬੰਧ ਵਿਚ ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲ਼ੇ ਦੋ ਡੰਡਿਆਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ, ਦਾ ਖ਼ਾਸ ਖਿਆਲ ਰੱਖਣ ਦੀ ਲੋੜ ਹੈ ਕਿਉਂਕਿ ਖੇਤੀਬਾੜੀ ਉਤਪਾਦਨ ਦੀ ਪ੍ਰਕ੍ਰਿਆ ਵਿਚ ਉਹ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ, ਅਤੇ ਉਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਇਨ੍ਹਾਂ ਦੋਹਾਂ ਵਰਗਾਂ ਕੋਲ਼ ਤਾਂ ਆਪਣੀ ਕਿਰਤ ਨੂੰ ਵੇਚਣ ਤੋਂ ਇਲਾਵਾ ਉਤਪਾਦਨ ਦਾ ਕੋਈ ਵੀ ਹੋਰ ਸਾਧਨ ਨਹੀਂ ਹੁੰਦਾ ਅਤੇ 'ਹਰੇ ਇਨਕਲਾਬ' ਕਾਰਨ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਧਦੀ ਵਰਤੋਂ ਨੇ ਇਨ੍ਹਾਂ ਦੇ ਰੁਜ਼ਗਾਰ ਦੇ ਮੌਕੇ ਵੀ ਬਹੁਤ ਹੀ ਘਟਾ ਦਿੱਤੇ ਹਨ।

ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਨਾਲ਼ ਸੰਬੰਧਿਤ ਤਿੰਨ ਕਾਨੂੰਨ ਬਣਾਉਣ ਮੌਕੇ ਮੁਲਕ ਦੇ ਪਹਿਲਾਂ ਤੋਂ ਲਗਾਤਾਰ ਕੰਮਜ਼ੋਰ ਕੀਤੇ ਗਏ ਸੰਘੀ ਢਾਂਚੇ ਦੀ ਸੰਘੀ ਘੁੱਟੀ ਗਈ ਹੈ। ਭਾਰਤੀ ਸੰਵਿਧਾਨ ਅਨੁਸਾਰ ਖੇਤੀਬਾੜੀ ਅਤੇ ਖੇਤੀਬਾੜੀ ਜਿਨਸਾਂ ਦਾ ਮੰਡੀਕਰਨ ਸੂਬਿਆਂ ਦੇ ਅਧਿਕਾਰ ਵਿਚ ਆਉਂਦਾ ਹੈ। ਇਹ ਨਵੇਂ ਕਾਨੂੰਨ ਬਣਾਉਣ ਸਮੇਂ ਸੂਬਾ ਸਰਕਾਰਾਂ, ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੋਰ ਕਿਰਤੀਆਂ ਦੀਆਂ ਜੱਥੇਬੰਦੀਆਂ ਦੀ ਪੂਰੀ ਤਰ੍ਹਾਂ ਅਣਦੇਖੀ ਕੀਤੀ ਗਈ ਹੈ। ਮੁਲਕ ਦੇ ਆਰਥਿਕ, ਭੂਗੋਲਿਕ, ਸਮਾਜਿਕ-ਸਭਿਆਚਾਰਕ, ਰਾਜਸੀ ਆਦਿ ਵਖਰੇਵਿਆਂ ਨੂੰ ਦੇਖਦੇ ਹੋਏ ਸੰਘੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਸਖ਼ਤ ਲੋੜ ਹੈ ਤਾਂ ਕਿ ਸੂਬੇ ਤੇਜ਼ੀ ਨਾਲ਼ ਵਿਕਾਸ ਕਰਦੇ ਹੋਏ ਮੁਲਕ ਦੇ ਵਿਕਾਸ ਨੂੰ ਅੱਗੇ ਲਿਜਾਣ ਵਿਚ ਸਹਾਈ ਹੋਣ। ਮੁਲਕ ਦੀਆਂ ਕਿਸਾਨ ਜੱਥੇਬੰਦੀਆਂ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਵੀ ਆਪਣੀ ਅਵਾਜ਼ ਉਠਾ ਰਹੀਆਂ ਹਨ।

ਮੁਲਕ ਦੇ ਕਿਸਾਨ ਸੰਘਰਸ਼ ਵਿਚੋਂ ਉੱਠਿਆ ਇਕ ਅਹਿਮ ਮੁੱਦਾ ਮੁਲਕ ਦੇ ਆਰਥਿਕ ਵਿਕਾਸ ਮਾਡਲ ਦਾ ਹੈ। ਅਜ਼ਾਦੀ ਤੋਂ ਬਾਅਦ ਮੁਲਕ ਵਿਚ ਯੋਜਨਾਬੰਦੀ ਅਪਣਾਉਣ ਲਈ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਅਤੇ ਮਿਸ਼ਰਤ ਅਰਥਵਿਵਸਥਾ ਵਾਲ਼ਾ ਆਰਥਿਕ ਵਿਕਾਸ ਮਾਡਲ ਹੋਂਦ ਵਿਚ ਆਇਆ ਜਿਸ ਅਧੀਨ ਜਨਤਕ ਖੇਤਰ ਦਾ ਵਿਸਥਾਰ ਅਤੇ ਵਿਕਾਸ ਅਤੇ ਨਿੱਜੀ ਖੇਤਰ ਉੱਪਰ ਨਿਯੰਤਰਣ ਕੀਤਾ ਗਿਆ। 1951-80 ਨੂੰ ਯੋਜਨਾਬੰਦੀ ਦਾ ਸਮਾਂ ਮੰਨਿਆ ਜਾਂਦਾ ਹੈ। ਇਸ ਸਮੇਂ ਦੌਰਾਨ ਮੁਲਕ ਦੇ ਲੋਕਾਂ ਦੇ ਵੱਖ ਵੱਖ ਵਰਗਾਂ ਦਰਮਿਆਨ ਆਰਥਿਕ ਅਸਮਾਨਤਾਵਾਂ ਘਟੀਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ ਅਤੇ ਹੁਣ ਤਾਂ 'ਯੋਜਨਾ ਕਮਿਸ਼ਨ' ਦਾ ਭੋਗ ਪਾ ਕੇ ਉਸ ਦੀ ਜਗ੍ਹਾ 'ਨੀਤੀ ਅਯੋਗ' ਬਦਾ ਦਿੱਤਾ ਗਿਆ ਹੈ ਜਿਸ ਵਿਚ ਕਾਰਪੋਰੇਟ ਜਗਤ ਦੀ ਤੂਤੀ ਬੋਲਦੀ ਹੈ। 1991 ਤੋਂ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਕਾਰਨ ਹੋਂਦ ਵਿਚ ਆਇਆ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਕਿਰਤੀ ਵਰਗਾਂ ਲਈ ਅਨੇਕਾਂ ਅਕਿਹ ਅਤੇ ਅਸਿਹ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਮੁਲਕ ਦੇ ਅਤਿ ਦੇ 1 ਫ਼ੀਸਦ ਅਮੀਰ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਵਧ ਰਹੀਆਂ ਹਨ ਅਤੇ ਮੁਲਕ ਵਿਚ ਪੈਦਾ ਕੀਤੇ ਜਾਂਦੇ ਧਨ ਅਤੇ ਪੂੰਜੀ ਦੇ ਬਹੁਤੇ ਵੱਡੇ ਹਿੱਸੇ ਉੱਤੇ 1 ਫ਼ੀਸਦ ਅਤਿ ਅਮੀਰ ਲੋਕਾਂ ਦਾ ਕਬਜ਼ਾ ਹੋ ਰਿਹਾ ਹੈ ਜਿਹੜਾ ਨਾ ਤਾਂ ਕਿਰਤੀ ਵਰਗਾਂ ਅਤੇ ਨਾ ਹੀ ਮੁਲਕ ਦੇ ਹਿੱਤ ਵਿਚ ਹੈ।

ਮੁਲਕ ਵਿਚ ਰੁਜ਼ਗਾਰ ਦੇ ਮੌਕੇ ਘਟਣ ਕਾਰਨ ਨੌਜਵਾਨ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ ਜਿਸ ਨਾਲ ਬੌਧਿਕ ਅਤੇ ਪੂੰਜੀ ਦੇ ਖੱਪੇ ਸਾਹਮਣੇ ਆਉਣ ਦੇ ਨਾਲ਼ ਨਾਲ਼ ਮੁਲਕ ਨੌਜਵਾਨ ਪੀੜ੍ਹੀ ਦੀ ਕਾਰਜਕੁਸ਼ਲਤਾ ਦੇ ਪੱਖ ਤੋਂ ਵੀ ਹੀਣਾ ਹੋ ਰਿਹਾ ਹੈ। ਕਿਸਾਨ ਸੰਘਰਸ਼ ਇਸ ਤੱਥ ਨੂੰ ਸਾਹਮਣੇ ਲਿਆਉਣ ਵਿਚ ਕਾਮਯਾਬ ਰਿਹਾ ਹੈ ਕਿ ਕਾਰਪੋਰੇਟ ਜਗਤ ਨੂੰ ਦਿੱਤੇ ਜਾਂਦੇ ਫ਼ਜ਼ੂਲ ਗੱਫ਼ਿਆਂ ਦੀ ਜਗ੍ਹਾ ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਲਈ ਨਿਰਭਰ 50 ਫ਼ੀਸਦ ਆਬਾਦੀ ਦਾ ਰਾਸ਼ਟਰੀ ਆਮਦਨ ਵਿਚੋਂ ਹਿੱਸਾ 16 ਫ਼ੀਸਦ ਤੋਂ ਵਧਾਕੇ ਘੱਟੋ-ਘੱਟ ਇੰਨਾਂ ਜ਼ਰੂਰ ਕਰ ਦਿੱਤਾ ਜਾਵੇ ਜਿਸ ਨਾਲ ਖੇਤੀਬਾੜੀ ਉੱਪਰ ਨਿਰਭਰ ਕਿਸਾਨ, ਖੇਤ-ਮਜ਼ਦੂਰ, ਪੇਂਡੂ ਛੋਟੇ ਕਾਰੀਗਰ ਅਤੇ ਹੋਰ ਕਿਰਤੀ ਆਪਣੀਆਂ ਬੁਨਿਆਦੀ ਲੋੜਾਂ ਸਹਿਜੇ ਹੀ ਪੂਰੀਆਂ ਕਰ ਸਕਣ।

ਕਿਸਾਨ ਸੰਘਰਸ਼ ਲੋਕ ਸੰਘਰਸ਼ ਬਣਨ ਵੱਲ ਵਧ ਰਿਹਾ ਹੈ, ਪਰ ਇਸ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਕਿਸਾਨ ਜੱਥੇਬੰਦੀਆਂ ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਹੋਰ ਕਿਰਦੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਲਈ ਹਾਂ ਦਾਂ ਨਾਅਰਾ ਲਾਉਣ ਤੋਂ ਬਿਨਾਂ ਆਪਣਾ ਯੋਗਦਾਨ ਵੀ ਪਾਉਣ। ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਹੋਰ ਕਿਰਤੀਆਂ ਦੀਆਂ ਮਜ਼ਦੂਰੀ ਦੀਆਂ ਦਰਾਂ ਵਿਚ ਬਣਦੇ ਵਾਧੇ ਨੂੰ ਪ੍ਰਵਾਨ ਕਰਨ ਦੇ ਨਾਲ਼ ਨਾਲ਼ ਜਾਤ-ਪਾਤ ਦੇ ਭੱਦੇ ਵਿਤਕਰੇ ਤੋਂ ਸਖ਼ਤ ਗੁਰੇਜ਼ ਕਰਨ। ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਵਿਚ ਦਲਿਤਾਂ ਦੇ ਕਾਨੂੰਨੀ ਹੱਕ ਨੂੰ ਮਾਰਨ ਦੇ ਬਜਾਏ ਖਿੜੇ ਮੱਥੇ ਦਿਵਾਉਣ ਵਿਚ ਅੱਗੇ ਆਉਣ। ਸਰਕਾਰਾਂ ਦੁਆਰਾ ਖੇਤੀਬਾੜੀ ਨਾਲ਼ ਸਬੰਧਿਤ ਵਰਗਾਂ ਦੇ ਗ਼ਰੀਬ ਅਤੇ ਸਾਧਨ-ਵਿਹੂਣੇ ਕਿਰਤੀਆਂ ਦੇ ਹੱਕ ਵਿਚ ਜ਼ਮੀਨੀ ਸੁਧਾਰ ਇਮਾਨਦਾਰੀ ਨਾਲ਼ ਕੀਤੇ ਜਾਣ ਜਿਸ ਨਾਲ਼ ਉਤਪਾਦਕਤਾ, ਉਤਪਾਦਨ ਅਤੇ ਕਿਰਤੀਆਂ ਦੀ ਆਮਦਨ ਵਿਚ ਵਾਧਾ ਹੋਵੇਗਾ। ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਅਤੇ ਉਸ ਦੀ ਕਾਮਯਾਬੀ ਵਜੋਂ 'ਹਰੇ ਇਨਕਲਾਬ' ਦੇ ਆਉਣ ਅਤੇ ਮੁਲਕ ਵਿਚ 1991 ਤੋਂ ਅਪਣਾਏ ਗਏ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਆਰਥਿਕ ਵਿਕਾਸ ਮਾਡਲ ਦੇ ਨਤੀਜਿਆਂ ਵਜੋਂ ਖੇਤੀਬਾੜੀ ਨਾਲ਼ ਸੰਬੰਧਿਤ ਵਰਗਾਂ ਦੇ ਲੋਕਾਂ ਵਿਚ ਪੈਦਾ ਹੋਈਆਂ ਨਿੱਜਵਾਦ ਅਤੇ ਖ਼ਪਤਵਾਦ ਦੀਆਂ ਰੁਚੀਆਂ ਕਾਰਨ ਸਮਾਜਿਕ ਰਿਸ਼ਤਿਆਂ ਵਿਚ ਆਏ ਵਿਗਾੜਾਂ ਨੂੰ ਦਰੁਸਤ ਕਰਨ ਅਤੇ ਇਨ੍ਹਾਂ ਵਰਗਾਂ ਦੀ ਆਮਦਨ ਵਧਾਉਣ ਲਈ ਸਹਿਕਾਰੀ ਲਹਿਰ ਤੇਜ਼ੀ ਨਾਲ਼ ਅੱਗੇ ਲਿਜਾਣ ਦੀ ਲੋੜ ਹੈ।

ਪੰਜਾਬ ਦੇ ਦਲਿਤ ਮਜ਼ਦੂਰ ਪਰਿਵਾਰਾਂ ਨੇ ਆਪਣੇ ਸੰਘਰਸ਼ਾਂ ਦੁਆਰਾ ਕਾਨੂੰਨੀ ਤੌਰ ਉੱਤੇ ਉਨ੍ਹਾਂ ਨੂੰ ਮਿਲਣ ਵਾਲੀ ਪੰਚਾਇਤੀ ਜ਼ਮੀਨ ਠੇਕੇ ਉੱਪਰ ਲੈ ਕੇ ਉਸ ਉੱਪਰ ਸਹਿਕਾਰੀ ਖੇਤੀਬਾੜੀ ਕਰਕੇ ਸਾਰੇ ਖੇਤੀਬਾੜੀ ਕਰਨ ਵਾਲ਼ੇ ਕਿਰਤੀਆਂ ਨੂੰ ਇਕ ਚੰਗਾ ਰਾਹ ਦਿਖਾਇਆ ਹੈ ਜਿਸ ਨਾਲ਼ ਉਹ ਆਪਣੀਆਂ ਅਨਾਜ, ਸਾਗ-ਸਬਜ਼ੀਆਂ, ਹਰੇ ਅਤੇ ਸੁੱਕੇ ਚਾਰੇ ਦੀਆਂ ਲੋੜਾਂ ਸਤਿਕਾਰਯੋਗ ਢੰਗ ਨਾਲ਼ ਪੂਰੀਆਂ ਕਰਦੇ ਹੋਏ ਆਪਣੀ ਆਮਦਨ ਵਿਚ ਵੀ ਵਾਧਾ ਕਰ ਸਕਦੇ ਹਨ। ਛੋਟੀਆਂ ਜੋਤਾਂ ਵਾਲ਼ੇ ਕਿਸਾਨ, ਜਮੀਨ-ਵਿਹੂਣੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਆਪਣੇ ਸਾਰੇ ਸਾਧਨ ਇੱਕਠੇ ਕਰਕੇ ਸਹਿਕਾਰੀ ਖੇਤੀਬਾੜੀ ਵੱਲ ਵਧਣ ਲਈ ਇਜ਼ਰਾਇਲ ਦੇ ਯਹੂਦੀਆਂ ਤੋਂ ਇਕ-ਦੂਜੇ ਦੀ ਮਦਦ ਕਰਨ ਦਾ ਸਬਕ ਸਿੱਖਦੇ ਹੋਏ ਆਪਣੀ ਜ਼ਿੰਦਗੀ ਨੂੰ ਸੁਖ਼ਾਲਾ ਅਤੇ ਅਰਥ-ਭਰਪੂਰ ਬਣਾ ਸਕਦੇ ਹਨ। ਮਸ਼ੀਨਰੀ ਅਤੇ ਵਿੱਤੀ ਲੋੜਾਂ ਨੂੰ ਪੂਰਾ ਕਰਨ ਵਿਚ ਸਹਿਕਾਰਤਾ ਕਮਾਲ ਦੇ ਨਤੀਜੇ ਸਾਹਮਣੇ ਲਿਆ ਸਕਦੀ ਹੈ। ਖੇਤੀਬਾੜੀ ਉੱਪਰ ਨਿਰਭਰ ਉਦਯੋਗਿਕ ਇਕਾਈਆਂ ਨੂੰ ਸਹਿਕਾਰੀ ਖੇਤਰ ਦੀ ਮਾਲਕੀ ਵਾਲੇ ਢਾਚੇ ਵਿਚ ਅਪਣਾਉਂਦੇ ਹੋਏ ਰੁਜ਼ਗਾਰ ਦੇ ਮੌਕੇ ਵਧਾਉਣ ਦੇ ਨਾਲ਼ ਨਾਲ਼ ਮੁੱਲ-ਵਾਧੇ ਦਾ ਫ਼ਾਇਦਾ ਲਿਆ ਜਾ ਸਕਦਾ ਹੈ। ਸਾਗ-ਸਬਜ਼ੀਆਂ, ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਅਤੇ ਹੋਰ ਖੇਤੀਬਾੜੀ ਜਿਨਸਾਂ ਨੂੰ ਸਹਿਕਾਰੀ ਅਦਾਰੇ ਬਣਾਕੇ ਸ਼ਹਿਰਾਂ ਦੀਆਂ ਖ਼ਾਸ ਥਾਵਾ ਉੱਪਰ ਵੇਚਕੇ ਆਪਣੀ ਆਮਦਨ ਵਿਚ ਵਾਧਾ ਕਰਨ ਦੇ ਨਾਲ-ਨਾਲ ਖਪਤਕਾਰਾਂ ਦੇ ਹੱਕਾਂ ਦੀ ਰਾਖੀ ਵੀ ਕੀਤੀ ਜਾ ਸਕਦੀ ਹੈ। ਅਜਿਹਾ ਕਰਕੇ ਖੇਤੀਬਾੜੀ ਉੱਪਰ ਨਿਰਭਰ ਕਿਰਤੀਆਂ ਬਾਰੇ ਪੈਦਾ ਕੀਤੇ ਭਰਮਾਂ-ਭੁਲੇਖਿਆਂ ਨੂੰ ਸਹਿਜੇ ਹੀ ਦੂਰ ਕੀਤਾ ਜਾ ਸਕੇਗਾ।

ਕਿਸਾਨ ਸੰਘਰਸ਼ ਨੂੰ ਲੰਮੇ ਸਮੇਂ ਲਈ ਕਾਮਯਾਬ ਕਰਨ ਲਈ ਕਿਸਾਨ ਜੱਥੇਬੰਦੀਆਂ ਨੂੰ ਰਾਜਸੀ ਅਤੇ ਬੌਧਿਕ ਪ੍ਰਦੂਸ਼ਣ ਉੱਪਰ ਵੀ ਕਾਬੂ ਪਾਉਣਾ ਪਵੇਗਾ। 1947 ਤੋਂ ਵੱਖ ਵੱਖ ਰਾਜਸੀ ਪਾਰਟੀਆਂ ਚੋਣਾਂ ਜਿੱਤ ਕੇ ਆਪਣੀ ਹਕੂਮਤ ਕਾਇਮ ਕਰਨ ਲਈ ਵਾਅਦੇ-ਦਾਅਵੇ-ਨਵੇਂ ਵਾਅਦੇ ਕਰਦੀਆਂ ਆਈਆਂ ਹਨ। ਰਾਜਸੀ ਪਾਰਟੀਆਂ ਤੋਂ ਬਿਨਾਂ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਜੱਥੇਬੰਦੀਆਂ ਕੁਝ ਇਕ ਬੰਦੇ ਦੀ ਚੌਧਰ ਅਧੀਨ ਮਾਰ ਖਾਂਦੀਆਂ ਆ ਰਹੀਆਂ ਹਨ। ਇਸ ਤਰ੍ਹਾਂ ਦੇ ਰਾਜਸੀ ਪ੍ਰਦੂਸ਼ਣਾਂ ਤੋਂ ਬਚਣ ਲਈ ਪੜ੍ਹਨਾ-ਲਿਖਣਾ, ਰਲ-ਮਿਲ ਬੈਠ ਕੇ ਵਿਚਾਰਨਾ, ਮੀਡੀਆਂ ਰਾਹੀਂ ਆਪਣੀਆਂ ਸਮੱਸਿਆਵਾਂ ਨੂੰ ਸਮਾਜ ਅਤੇ ਸਰਕਾਰ ਤੱਕ ਲਿਜਾਣਾ ਬਹੁਤ ਜ਼ਰੂਰੀ ਹੈ। ਰਾਜਸੀ ਪ੍ਰਦੂਸ਼ਣ ਤੋਂ ਇਲਾਵਾ ਬੌਧਿਕ ਪ੍ਰਦੂਸ਼ਣ ਜੋ ਅਮਰਬੇਲ ਵੇਲ ਵਾਂਗ ਆਪਣੇ ਸੰਪਰਕ ਵਿਚ ਆਉਣ ਵਾਲ਼ਿਆਂ ਨੂੰ ਖਾ ਜਾਂਦਾ ਹੈ ਤੋਂ ਬਚਣ ਦੀ ਸਖ਼ਤ ਲੋੜ ਹੈ।

ਇਹ ਆਠਾ-ਪੱਟੀ ਅਖੌਤੀ ਬੁੱਧੀਜੀਵੀ ਸੰਘਰਸ਼ ਕਰਨ ਵਾਲ਼ਿਆਂ ਵਿਚ ਆ ਕੇ ਉਨ੍ਹਾਂ ਤੋਂ ਉਨ੍ਹਾਂ ਦੇ ਸੰਘਰਸ਼ ਸੰਬੰਧੀ ਜਾਣਕਾਰੀ ਲੈਂਦੇ ਹੋਏ ਸੰਘਰਸ਼ ਨੂੰ ਪੁੱਠਾ ਗੇੜਾ ਦੇਣ ਦੀਆਂ ਸਲਾਹਾਂ ਦੇ ਕੇ ਅਤੇ ਹੁਕਮਰਾਨਾਂ ਨੂੰ ਸੰਘਰਸ਼ਾਂ ਨੂੰ ਕੁਚਲਣ ਦੀਆਂ ਵਿਧੀਆਂ ਸੁਝਾਉਣ ਵਿਚ ਆਪਣਾ ਪੂਰਾ ਜ਼ੋਰ ਲਗਾ ਦਿੰਦੇ ਹਨ। ਇਸ ਲਈ ਸੰਘਰਸ਼ ਨੂੰ ਲੋਕਤੰਤਰਿਕ ਅਤੇ ਸ਼ਾਂਤਮਈ ਢੰਗਾਂ ਨਾਲ਼ ਚਲਾਉਣ ਲਈ ਰਾਜਸੀ ਅਤੇ ਬੌਧਿਕ ਪ੍ਰਦੂਸ਼ਣ ਦੀ ਅਮਰਬੇਲ ਵੇਲ ਤੋਂ ਸਾਵਧਾਨ ਰਹਿਣ ਦੀ ਸਖ਼ਤ ਜ਼ਰੂਰਤ ਹੈ। ਇਸ ਸੰਬੰਧ ਵਿਚ ਖੇਤੀਬਾੜੀ ਅਤੇ ਹੋਰ ਖੇਤਰਾਂ ਨਾ ਸੰਬੰਧਿਤ ਕਿਰਤੀਆਂ ਨੂੰ ਧਰਮਾਂ, ਜਾਤਾਂ, ਗੋਤਾਂ, ਪਰਿਵਾਰਾਂ, ਇਲਾਕਿਆਂ ਆਦਿ ਦੀ ਸਿਆਸਤ ਤੋਂ ਦੂਰ ਹੁੰਦੇ ਹੋਏ ਸਮੂਹਿਕ ਲੀਡਰਸ਼ਿਪ ਵਾਲ਼ੀ ਰਾਜਸੀ ਪਹਿਲਕਦਮੀ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਕਿਸਾਨ ਸੰਘਰਸ਼ ਸੱਚੇ ਮਾਹਨਿਆਂ ਵਿਚ ਲੋਕ ਸੰਘਰਸ਼ ਤਾਂ ਹੀ ਬਣੇਗਾ ਜੇਕਰ ਸਾਰੇ ਕਿਰਤੀ ਵਰਗ ਇਕੱਠੇ ਹੋਕੇ ਲੰਮੇ ਸਮੇਂ ਲਈ ਹੰਭਲਾ ਮਾਰਨਗੇ। ਇਸ ਸੰਬੰਧ ਗਰਾਮ ਸਭਾਵਾਂ, ਸ਼ਹਿਰਾਂ ਵਿਚ ਮੁਹੱਲਾ ਸਭਾਵਾਂ ਅਤੇ ਲੋਕ-ਪੱਖੀ ਕਾਫ਼ਲੇ ਕਾਬਲ-ਏ-ਤਰੀਫ਼ ਯੋਗਦਾਨ ਪਾ ਸਕਦੇ ਹਨ।



# ਆਰਥਿਕ ਵਿਕਾਸ ਦੇ ਨਾਮ ਉੱਤੇ ਗੋਆ ਦੇ ਕੁਦਰਤੀ ਸਾਧਨਾਂ ਨੂੰ ਨਾ ਉਜਾੜਿਆ ਜਾਵੇ



ਡਾ. ਗੁਰਿੰਦਰ ਕੌਰ
+1-(424)-422-7025

1 ਨਵੰਬਰ, 2020 ਦੀ ਰਾਤ ਨੂੰ 5000 ਦੇ ਕਰੀਬ ਗੋਆ ਵਾਸੀਆਂ ਨੇ, ਗੋਆ ਦੇ ਇਤਿਹਾਸਕ ਪਿੰਡ ਚੰਦੋਰ (ਜੋ ਮੱਧਕਾਲ ਵਿਚ ਗੋਆ ਦੀ ਰਾਜਧਾਨੀ ਸੀ) ਦੇ ਰੇਲਵੇ ਕਰੌਸਿੰਗ ਦੇ ਨੇੜੇ ਇੱਕਠੇ ਹੋ ਕੇ, ਮੌਲਮ ਨੈਸ਼ਨਲ ਪਾਰਕ ਅਤੇ ਭਗਵਾਨ ਮਹਾਂਵੀਰ ਸੈਂਚੂਰੀ ਦੇ ਵਾਤਾਵਰਨ ਸੰਵੇਦਨਸ਼ੀਲ ਦੇ ਇਕ ਕਿਲੋਮੀਟਰ ਖੇਤਰ ਵਿਚ ਤਿੰਨ ਵਿਕਾਸ ਪ੍ਰੋਜੈਕਟ- ਰੇਲਵੇ ਲਾਈਨ ਦੀ ਡਬਲ ਟਰੈਕਿੰਗ, 4-ਏ ਨੈਸ਼ਨਲ ਹਾਈਵੇ ਨੂੰ ਚਾਰ-ਮਾਰਗੀ ਕਰਨ ਅਤੇ 400 ਕਿਲੋਵਾਟ ਟਰਾਂਸਮਿਸ਼ਨ ਲਾਈਨ ਸ਼ੁਰੂ ਕਰਨ ਦੀ ਮਨਜ਼ੂਰੀ ਦੇਣ ਲਈ ਗੋਆ ਸਰਕਾਰ ਵਿਰੁੱਧ ਰਾਤ ਦੇ 10.30 ਵਜੇ ਤੋਂ ਸਵੇਰੇ 4 ਵਜੇ ਤੱਕ ਵਾਤਾਵਰਨ ਨਾਲ ਸੰਬੰਧਿਤ ਗਾਣੇ ਗਾ ਅਤੇ ਢੋਲ ਵਜਾ ਕੇ 'ਮੌਲਮ ਬਚਾਓ' ਅਤੇ 'ਗੋਆ ਕੋਲਾ ਨਹੀਂ ਚਾਹੁੰਦਾ' ਵਰਗੇ ਨਾਅਰੇ ਲਗਾਕੇ ਰੋਸ ਪ੍ਰਦਰਸ਼ਨ ਕੀਤਾ। ਗੋਆ ਵਾਸੀਆਂ ਦੇ ਇਸ ਰੋਸ ਪ੍ਰਦਰਸ਼ਨ ਦਾ ਸਮਰਥਨ ਗੋਆ ਦੇ ਕਾਂਗਰਸੀ ਨੇਤਾਵਾਂ ਅਤੇ ਕੁਝ ਵਿਦੇਸ਼ੀ ਵਾਤਾਵਰਨ ਕਾਰਕੁਨਾਂ ਨੇ ਵੀ ਕੀਤਾ।

ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਲੌਕਡਾਊਨ ਸਮੇਂ ਦੌਰਾਨ 30 ਉਨ੍ਹਾਂ ਵਿਕਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ ਜੋ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿਚ ਪੈਂਦੇ ਹਨ। ਇਨ੍ਹਾਂ ਵਿਕਾਸ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਨਿਯਮਾਂ ਮੁਤਾਬਕ ਉਸ ਖੇਤਰ ਦੀ ਵਾਤਾਵਰਨ ਕਮੇਟੀ ਨਾਲ ਪ੍ਰੋਜੈਕਟ ਬਾਰੇ ਵਿਚਾਰ-ਵਟਾਂਦਰਾ ਕਰਨਾ ਹੁੰਦਾ ਹੈ, ਉਸ ਤੋਂ ਬਾਅਦ ਉਸ ਖੇਤਰ ਦਾ ਵਾਤਾਵਰਨ ਪ੍ਰਭਾਵ ਮੁਲਾਂਕਣ ਕਰਵਾਇਆ ਜਾਂਦਾ ਹੈ, ਜੇਕਰ ਖੇਤਰ ਪ੍ਰੋਜੈਕਟ ਲਗਾਉਣ ਦੇ ਯੋਗ ਤਾਂ ਹੀ ਹੋਵੇ ਫਿਰ ਉਸਨੂੰ ਖੇਤਰ ਵਿਚ ਰਹਿੰਦੇ ਲੋਕਾਂ ਦੀ ਪ੍ਰੋਜੈਕਟ ਬਾਰੇ ਰਾਇ ਜਾਣਨ ਲਈ, ਪ੍ਰਿੰਟ ਅਤੇ ਇੰਲੈਕਟਰੋਨਿਕ ਮੀਡੀਆ ਰਾਹੀਂ ਪ੍ਰੋਜੈਕਟ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ। ਜੇਕਰ ਲੋਕ ਉਸ ਪ੍ਰੋਜੈਕਟ ਦੇ ਫ਼ਾਇਦੇ ਅਤੇ ਨੁਕਸਾਨ ਜਾਣਨ ਤੋਂ ਬਾਅਦ ਉਸ ਨੂੰ ਸ਼ੁਰੂ ਕਰਨ ਦੀ ਹਾਮੀ ਭਰਦੇ ਹਨ ਤਾਂ ਹੀ ਪ੍ਰੋਜੈਕਟ ਸ਼ੁਰੂ ਕੀਤਾ ਜਾ ਸਕਦਾ ਹੈ ਨਹੀਂ ਤਾ ਲੋਕਾਂ ਦੇ ਸੁਝਾਅਵਾਂ ਨੂੰ ਮੰਨ ਕੇ ਫਿਰ ਤੋਂ ਪ੍ਰੋਜੈਕਟ ਦੀ ਰੂਪ-ਰੇਖਾ ਵਿਚ ਤਬਦੀਲੀ ਕੀਤੀ ਜਾਂਦੀ ਹੈ, ਪਰ ਕੇਂਦਰੀ ਵਾਤਾਵਰਨ ਮੰਤਰੀ ਨੇ ਵਾਤਾਵਰਨ ਨਿਯਮਾਂ ਨੂੰ ਛਿੱਕੇ ਟੰਗਦੇ ਹੋਏ, ਨਾ ਤਾਂ ਖੇਤਰੀ ਵਾਤਾਵਰਨ ਕਮੇਟੀ ਨਾਲ ਵਿਚਾਰ-ਵਟਾਂਦਰਾ ਕੀਤਾ, ਨਾ ਹੀ ਸੰਬੰਧਿਤ ਖੇਤਰ ਦਾ ਵਾਤਾਵਰਨ ਪ੍ਰਭਾਵ ਮੁਲਾਂਕਣ ਕਰਵਾਇਆ ਅਤੇ ਨਾ ਹੀ ਪ੍ਰੋਜੈਕਟਾਂ ਨੂੰ ਜਨਤਕ ਕਰਕੇ ਲੋਕ ਰਾਇ ਜਾਣਨ ਦੀ ਕੋਸ਼ਿਸ਼ ਕੀਤੀ। ਬਸ ਲੌਕਡਾਊਨ ਦਾ ਫ਼ਾਇਦਾ ਉਠਾਉਂਦੇ ਹੋਏ ਸਾਰੇ ਦੇ ਸਾਰੇ ਪ੍ਰੋਜੈਕਟ ਪਾਸ ਕਰ ਦਿੱਤੇ। ਇਨ੍ਹਾਂ ਪਾਸ ਕੀਤੇ ਪ੍ਰੋਜੈਕਟਾਂ ਵਿਚ ਗੋਆ ਦੇ ਉਹ ਪ੍ਰੋਜੈਕਟ ਵੀ ਸ਼ਾਮਲ ਹਨ ਜਿਨ੍ਹਾਂ ਦਾ ਗੋਆ ਦੇ ਲੋਕ ਜ਼ੋਰ-ਸ਼ੋਰ ਨਾਲ ਵਿਰੋਧ ਕਰ ਰਹੇ ਹਨ।

ਕੇਂਦਰ ਅਤੇ ਰਾਜ ਸਰਕਾਰ ਦੋਵੇਂ ਹੀ ਗੋਆ ਦੇ ਲੋਕਾਂ ਨੂੰ ਇਹ ਜਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਇਹ ਪ੍ਰੋਜੈਕਟ ਗੋਆ ਵਿਕਾਸ ਅਤੇ ਲੋਕਾਂ ਦੀ ਬੇਹਤਰੀ ਲਈ ਹਨ, ਪਰ ਜੇਕਰ ਇਹ ਲੋਕਾਂ ਅਤੇ ਰਾਜ ਦੇ ਵਿਕਾਸ ਲਈ ਹਨ ਤਾਂ ਗੋਆ ਵਾਸੀ ਇਨ੍ਹਾਂ ਦਾ ਵਿਰੋਧ ਕਿਉਂ ਕਰ ਰਹੇ ਹਨ। ਗੋਆ ਵਾ-ਸੀਆਂ ਦਾ ਕਹਿਣਾ ਹੈ ਕਿ ਤਿੰਨੇ ਪ੍ਰੋਜੈਕਟ ਉਸ ਖੇਤਰ ਨਾਲ ਸੰਬੰਧਿਤ ਹਨ ਜੋ ਵਾਤਾਵਰਨ ਸੰਵੇਦਨਸ਼ੀਲ ਹੈ। ਅਸਲ ਵਿਚ ਇਹ ਤਿੰਨੇ ਪ੍ਰੋਜੈਕਟ ਨੈਸ਼ਨਲ ਮੌਲਮ ਪਾਰਕ ਅਤੇ ਭਗਵਾਨ ਮਹਾਂਵੀਰ ਸੈਂਚੂਰੀ ਵਿਚੋਂ ਲੰਘਦੇ ਹਨ ਜੋ ਆਪਣੀ ਜੈਵਿਕ ਵਿਭਿੰਨਤਾ ਲਈ ਇਕ ਵਿਸ਼ੇਸ਼ ਸਥਾਨ ਰੱਖਦੇ ਹਨ ਕਿਉਂਕਿ ਇੱਥੇ ਬਨਸਪਤੀ ਅਤੇ ਜੀਵ-ਜੰਤੂਆਂ ਦੀਆਂ ਵੰਨਗੀਆਂ ਦੀ ਭਰਮਾਰ ਹੈ। ਉਸ ਦੇ ਨਾਲ ਇਹ ਖੇਤਰ ਪੱਛਮੀ ਘਾਟਾਂ ਵਿਚ ਸਥਿਤ ਹੈ ਜਿਸ ਕਾਰਨ ਇੱਥੋਂ ਦੇ ਕੁਦਰਤੀ ਨਜ਼ਾਰੇ ਬੜੇ ਮਨਮੋਹਕ ਹਨ। ਗੋਆ ਦੇ ਪ੍ਰਸਿੱਧ ਦੁੱਧਸਾਗਰ ਅਤੇ ਤਾਮਡੀ ਝਰਨੇ, ਤਾਮਡੀ ਮੰਦਰ ਅਤੇ ਡੈਵਿਲ ਕੈਨਨ ਵੀ ਇਸੇ ਖੇਤਰ ਵਿਚ ਹਨ ਜੋ ਸੈਲਾਨੀਆਂ ਲਈ ਇਕ ਚੰਗੀ ਸੈਰਗਾਹ ਹਨ। ਇਸ ਖੇਤਰ ਵਿਚ ਸੰਘਣੇ ਘਣੇ ਜੰਗਲ ਹਨ ਜੋ ਗੋਆ ਦੇ ਵਾਤਾਵਰਨ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਸੰਤੁਲਨ ਵਿਚ ਰੱਖਣ ਲਈ ਭਰਪੂਰ ਯੋਗਦਾਨ ਪਾਉਂਦੇ ਹਨ।

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨੇ ਪ੍ਰੋਜੈਕਟ ਇਸ ਖੇਤਰ ਦੇ ਵਾਤਾਵਰਨ ਦੇ ਪ੍ਰਬੰਧਕੀ ਸੰਤੁਲਨ ਨੂੰ ਗੜਬੜਾ ਦੇਣਗੇ। ਇਨ੍ਹਾਂ ਪ੍ਰੋਜੈਕਟਾਂ ਨੂੰ ਬਣਾਉਣ ਲਈ ਇੱਥੋਂ ਦੇ ਘਣੇ ਜੰਗਲਾਂ ਵਿਚੋਂ ਘੱਟੋ-ਘੱਟ 50000 ਦਰੱਖਤ ਕਟੇ ਜਾਣਗੇ ਜਿਸ ਨਾਲ ਵਾਤਾਵਰਨ ਵਿੱਚ ਕਾਰਬਨ ਡਾਇਆਕਸਾਈਡ ਦੀ ਮਾਤਰਾ ਇਕਦਮ ਵਧ ਜਾਵੇਗੀ ਅਤੇ ਇੱਥੋਂ ਦੇ ਸਥਾਨਿਕ ਤਾਪਮਾਨ ਵਿਚ ਵਾਧਾ ਕਰਨ ਦੇ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਉੱਤੇ ਵੀ ਨਕਾਰਤਮਕ ਪ੍ਰਭਾਵ ਪਵੇਗਾ। ਇਸ ਖੇਤਰ ਦੇ ਲੋਕ ਵੀ ਕੋਟੀਗੋਆ ਦੇ ਵਾ-ਸੀਆਂ ਵਾਂਗ ਪਾਣੀ ਦੀ ਕਿੱਲਤ ਝੱਲਣ ਲਈ ਮਜ਼ਬੂਰ ਹੋ ਜਾਣਗੇ। ਕੋਟੀਗੋਆ ਦੇ ਪੰਜ ਪਿੰਡਾਂ ਦੇ ਲੋਕ ਗਰਮੀਆਂ ਦੇ ਮਹੀਨਿਆਂ ਵਿਚ ਪੀਣ ਵਾਲਾ ਪਾਣੀ ਲੈਣ ਲਈ ਹਰ ਸਾਲ ਲਾਈਨਾਂ ਵਿਚ ਖੜ੍ਹੇ ਆਮ ਦਿਖਾਈ ਦਿੰਦੇ ਹਨ। ਉਹ ਵਿਕਾਸ ਕਿਸ ਕੰਮ ਦਾ ਜਿੱਥੇ ਲੋਕ ਪਾਣੀ ਵਰਗੀ ਮੁੱਢਲੀ ਲੋੜ ਲਈ ਵੀ ਤਰਸ ਜਾਣ।



ਗੋਆ ਵਾਸੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਤਿੰਨਾਂ ਪ੍ਰੋਜੈਕਟਾਂ ਵਿਚੋਂ ਕੋਈ ਇਕ ਵੀ ਗੋਆ ਦੇ ਵਿਕਾਸ ਲਈ ਨਹੀਂ ਹੈ। ਇਹ ਤਿੰਨੇ ਪ੍ਰੋਜੈਕਟ ਕਾਰਪੋਰੇਟ ਜਗਤ ਅਤੇ ਉਦਯੋਗਪਤੀਆਂ ਲਈ ਉਲੀਕੇ ਗਏ ਹਨ। ਰੇਲਵੇ ਲਾਈਨ ਦਾ ਡਬਲ ਟਰੈਕ ਕਰਨਾ ਅਤੇ ਨੈਸ਼ਨਲ ਹਾਈਵੇ 4-ਏ ਨੂੰ ਚਹੁੰ-ਮਾਰਗੀ ਬਣਾਉਣ ਦਾ ਮੁੱਖ ਕਾਰਨ ਗੋਆ ਦੀ ਮਾਰਮਾਗੋਆ ਬੰਦਰਗਾਹ ਤੋਂ ਕਰਨਾਟਕ ਵਿਚ ਉਦਯੋਗਾਂ ਲਈ ਵੱਧ ਕੋਲਾ ਅਤੇ ਲੋਹਾ ਪਹੁੰਚਾਉਣਾ ਹੈ। ਹੁਣ ਤੱਕ ਇਸ ਰੇਲਵੇ ਲਾਈਨ ਅਤੇ 4-ਏ ਨੈਸ਼ਨਲ ਹਾਈਵੇ ਨਾਲ ਹਰ ਸਾਲ ਸਿਰਫ਼ 12 ਮਿਲੀਅਨ ਟਨ ਕੋਲਾ ਹੀ ਢੋਇਆ ਜਾਂਦਾ ਹੈ, ਪਰ 2035 ਤੱਕ ਕੋਲੇ ਦੀ ਮਾਤਰਾ 51 ਮਿਲੀਅਨ ਟਨ ਪ੍ਰਤਿ ਸਾਲ ਕਰਨ ਦਾ ਟੀਚਾ ਹੈ। ਕੇਂਦਰ ਸਰਕਾਰ ਨੇ ਇਸ ਰੇਲਵੇ ਟਰੈਕ ਨੂੰ ਡਬਲ ਕਰਨ ਦੀ ਵਿਉਂਤਬੰਦੀ 2016 ਵਿਚ ਹੀ ਕਰ ਲਈ ਸੀ ਅਤੇ ਹੁਣ ਲੌਕਡਾਊਨ ਦਾ ਫ਼ਾਇਦਾ ਉਠਾਉਂਦੇ ਹੋਏ ਅਤੇ ਰਾਜ ਸਰਕਾਰ ਉੱਤੇ ਦਬਾਅ ਪਾ ਕੇ ਇਸ ਨੂੰ ਵਾਤਾਵਰਨ ਨਿਯਮਾਂ ਨੂੰ ਅਣਦੇਖਿਆਂ ਕਰਦੇ ਹੋਏ ਤੱਤਭੜੱਤੀ ਵਿਚ ਪਾਸ ਕਰ ਦਿੱਤਾ ਹੈ। ਗੋਆ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਪ੍ਰਤਾਪ ਸਿੰਘ ਰਾਣੇ ਨੇ ਕਿਹਾ ਹੈ ਕਿ ਗੋਆ ਵਿਚ ਪਹਿਲਾਂ ਹੀ ਦੋ ਰੇਲਵੇ ਲਾਈਨਾਂ ਹਨ ਜੋ ਗੋਆ ਵਾਸੀਆਂ ਦੀ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਫ਼ੀ ਹਨ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਹ 400 ਕਿਲੋਵਾਟ ਦੀ ਟਰਾਂਸਮਿਸ਼ਨ ਲਾਈਨ ਵੀ ਉਦਯੋਗਾਂ ਲਈ ਵੱਧ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਹੀ ਹੈ।

ਡਬਲ ਟਰੈਕ ਰੇਲਵੇ ਲਾਈਨ, ਚੌਹ-ਮਾਰਗੀ ਨੈਸ਼ਨਲ ਹਾਈਵੇ 4-ਏ ਅਤੇ ਟਰਾਂਸਮਿਸ਼ਨ ਲਾਈਨ ਗੋਆ ਦੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚ ਲੰਘਣਗੀਆਂ ਅਤੇ ਇੱਥੋਂ ਦੇ ਕੁਦਰਤੀ ਸਰੋਤਾਂ (ਜੰਗਲ, ਵਾਤਾਵਰਨ ਅਤੇ ਪਾਣੀ ਦੇ ਸੋਮਿਆਂ) ਦਾ ਉਜਾੜਾ ਕਰਨਗੀਆਂ ਨਾ ਕਿ ਗੋਆ ਦਾ ਆਰਥਿਕ ਵਿਕਾਸ, ਬਲਕਿ ਇਹ ਕੋਲੇ ਦੀ ਵੱਧ ਢੋਆ-ਢੁਆਈ ਦੋਰਾਨ ਇੱਥੋਂ ਦੇ ਸਮੁੰਦਰੀ ਤੱਟੀ ਖੇਤਰ, ਰੇਲਵੇ ਲਾਈਨ ਦੇ ਦੋਵੇਂ ਪਾਸੇ ਦੇ ਇਲਾਕਿਆਂ ਵਿਚ ਕੋਲੇ ਦੇ ਛੋਟੇ-ਵੱਡੇ ਕਣ ਪਾਣੀ ਅਤੇ ਹਵਾ ਵਿਚ ਬਿਖੇਰਦੇ ਹੋਏ ਵਾਤਾਵਰਨ ਨੂੰ ਗੰਧਲਾ ਕਰਕੇ ਇੱਥੋਂ ਦੇ ਲੋਕਾਂ, ਸਮੁੰਦਰੀ ਜੀਵਾਂ ਅਤੇ ਜੰਗਲੀ ਜੀਵਾਂ ਦੀਆਂ ਜ਼ਿੰਦਗੀਆਂ ਨੂੰ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਰਾਹੀਂ ਖਤਰੇ ਵਿਚ ਪਾਉਣ-ਗੀਆਂ। ਇਨ੍ਹਾਂ ਪ੍ਰੋਜੈਕਟਾਂ ਨਾਲ ਮੋਲਮ ਨੈਸ਼ਨਲ ਪਾਰਕ ਅਤੇ ਭਗਵਾਨ ਮਹਾਂਵੀਰ ਸੈਂਚੂਰੀ ਦੇ ਘਣੇ ਜੰਗਲ ਦਰੱਖ਼ਤ ਕੱਟਣ ਨਾਲ ਛੋਟੇ ਛੋਟੇ ਟੁਕੜਿਆਂ ਵਿਚ ਵੰਡੇ ਜਾਣਗੇ ਜਿਸ ਨਾਲ ਇਕ ਤਾਂ ਜੀਵ-ਜੰਤੂਆਂ ਦੇ ਰੈਣ-ਬਸੇਰੇ ਨਸ਼ਟ ਹੋ ਜਾਣਗੇ ਦੂਜਾ ਉਹ ਵੱਧ ਖ਼ਤਰਿਆਂ ਦੇ ਸਨਮੁਖ ਹੋ ਜਾਣਗੇ, ਨਤੀਜੇ ਵਜੋਂ ਉਨ੍ਹਾਂ ਦੀ ਗਿਣਤੀ ਤੇਜ਼ੀ ਨਾਲ ਘਟਣੀ ਸ਼ੁਰੂ ਹੋ ਜਾਵੇਗੀ। ਮਨੁੱਖੀ ਆਬਾਦੀ ਦੇ ਜੰਗਲਾਂ ਵਿਚ ਦਾਖ਼ਲ ਹੋਣ ਨਾਲ ਜਾਨਵਰਾਂ ਵਾਲੀਆਂ ਬਿਮਾਰੀਆਂ ਮਨੁੱਖਾਂ ਨੂੰ ਵੀ ਹੋਣ ਲੱਗ ਜਾਣਗੀਆਂ ਜਿਸ ਦੇ ਨਤੀਜੇ ਬਹੁਤ ਘਾਤਕ ਹੋਣਗੇ। ਗੋਆ ਦੁਨੀਆ ਭਰ ਵਿਚ ਕੁਦਰਤੀ ਸੁੰਦਰਤਾ ਕਰਕੇ ਚੰਗੀ ਸੈਰਗਾਹ ਵਜੋਂ ਜਾਣਿਆ ਜਾਂਦਾ ਹੈ, ਜੇਕਰ ਡਬਲ ਟਰੈਕ ਰੇਲਵੇ ਲਾਈਨ ਬਣ ਜਾਂਦੀ ਹੈ ਤਾਂ ਇਹ ਜੰਗਲਾਂ ਦੇ ਉਜਾੜੇ ਦੇ ਨਾਲ ਨਾਲ ਗੋਆ ਦੇ ਸਮੁੰਦਰੀ ਤੱਟ ਜੋ ਇੱਥੋਂ ਦੀਆਂ ਸੋਹਣੀਆਂ ਬੀਚਾਂ ਕਰਕੇ ਪ੍ਰਸਿੱਧ ਹੈ ਨੂੰ ਵੀ ਕੋਲੇ ਦੀ ਢੋਆ-ਢੁਆਈ ਨਾਲ ਗੰਦਾ ਕਰ ਦੇਵੇਗਾ ਜਿਸ ਨਾਲ ਸੈਲਾਨੀਆਂ ਦੀ ਆਮਦ ਘਟ ਜਾਵੇਗੀ ਜੋ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦੇਵੇਗਾ। ਇੱਥੋਂ ਦਾ ਸੈਰ-ਸਪਾਟਾ ਵਿਭਾਗ ਵੀ ਇਸ ਦੀ ਲਪੇਟ ਵਿਚ ਆ ਜਾਵੇਗਾ। ਸਮੁੰਦਰ ਤੱਟ ਦੇ ਨਾਲ ਨਾਲ ਸਮੁੰਦਰ ਦਾ ਪਾਣੀ ਵੀ ਕੋਲੇ ਦੀ ਕਾਲਖ ਨਾਲ ਗੰਧਲਾ ਜਾਵੇਗਾ ਜਿਸ ਨਾਲ ਸਮੁੰਦਰੀ ਪੌਦੇ ਸੂਰਜ ਦੀ ਰੋਸ਼ਨੀ ਨਾ ਮਿਲਣ ਕਾਰਨ ਆਪਣਾ ਭੋਜਨ ਬਣ-ਾਉਣ ਤੋਂ ਅਸਮਰੱਥ ਹੋ ਕੇ ਮਰ ਜਾਣਗੇ ਅਤੇ ਫਿਰ ਭੋਜਨ ਦੀ ਅਣਹੋਂਦ ਕਾਰਨ ਸਮੁੰਦਰੀ ਜੀਵ ਘੋਗੇ, ਮੱਛੀਆਂ ਆਦਿ ਜਾਂ ਤਾਂ ਮਰ ਜਾਣਗੇ ਜਾਂ ਇੱਥੋਂ ਪਰਵਾਸ ਕਰ ਜਾਣਗੇ। ਸਮੁੰਦਰੀ ਜੀਵਾਂ ਜਿਵੇਂ ਮੱਛੀਆਂ ਦੀ ਕਮੀ ਨਾਲ ਹਜ਼ਾਰਾਂ ਮਛੂਆਰੇ ਜਿਨ੍ਹਾਂ ਦੀ ਰੋਜ਼ੀ-ਰੋਟੀ ਸਮੁੰਦਰ ਉੱਤੇ ਨਿਰਭਰ ਕਰਦੀ ਹੈ ਬੇਰੁਜ਼ਗਾਰ ਹੋ ਕੇ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਵੀ ਲਾਚਾਰ ਹੋ ਜਾਣਗੇ। ਇਹ ਪ੍ਰੋਜੈਕਟ ਗੋਆ ਦੀ ਕੁਦਰਤੀ ਸੁੰਦਰਤਾ, ਜੀਵ-ਵਿਭਿੰਨਤਾ, ਆਰਥਿਕ ਅਤੇ ਸਮਾਜਿਕ ਵਿਕਾਸ ਆਦਿ ਸਭ ਨੂੰ ਭਾਰੀ ਨੁਕਸਾਨ ਪਹੁੰਚਾਉਣਗੇ। ਮੁੱਕਦੀ ਗੱਲ ਇਹ ਹੈ ਕਿ ਇਨ੍ਹਾਂ ਪ੍ਰੋਜੈਕਟਾਂ ਨਾਲ ਗੋਆ ਦੇ ਵਿਕਾਸ ਦੇ ਕੋਈ ਆਸਾਰ ਨਹੀਂ ਹਨ, ਇਸੇ ਲਈ ਗੋਆ ਦੇ ਵਾਸੀ ਇਨ੍ਹਾਂ ਦਾ ਵਿਰੋਧ ਕਰ ਰਹੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕੇਂਦਰ ਸਰਕਾਰ ਅਤੇ ਅਡਾਨੀ, ਸਟਰਲਾਈਟ, ਵੇਦਾਂਤਾਂ ਅਤੇ ਜਿੰਦਲ ਵਰਗੇ ਉਦਯੋਗਪਤੀਆਂ (ਇਨ੍ਹਾਂ ਸਾਰਿਆਂ ਦੇ ਲੋਹੇ ਅਤੇ ਇਸਪਾਤ ਦੇ ਉਦਯੋਗ ਕਰਨਾਟਕ ਵਿਚ ਹਨ) ਤੋਂ ਗੋਆ ਦੇ ਵਾਤਾਵਰਨ, ਵਾਈਡ ਲਾਈਫ਼ ਸੈਂਚੂਰੀਜ਼ ਅਤੇ ਲੋਕਾਂ ਦੇ ਰੁਜ਼ਗਾਰ ਅਤੇ ਸਿਹਤ ਨੂੰ ਬਚਾਉਣ ਲਈ ਮਰਦੇ ਦਮ ਤੱਕ ਲੜਣਗੇ।

ਗੋਆ ਸਰਕਾਰ ਜੋ ਹੁਣ ਕੇਂਦਰ ਸਰਕਾਰ ਦੇ ਦਬਾਅ ਥੱਲੇ ਇਨ੍ਹਾਂ ਪ੍ਰੋਜੈਕਟਾਂ ਦੀ ਹਮਾਇਤ ਕਰ ਰਹੀ ਹੈ ਉਹ ਇਹੋ ਜਿਹੇ ਪ੍ਰੋਜੈਕਟਾਂ ਮਨਜ਼ੂਰੀ ਦੇਵੇ ਜੋ ਰਾਜ ਦੇ ਹਿੱਤ ਵਿਚ ਹੋਣ। ਦੂਜੇ ਪਾਸੇ, ਕੇਂਦਰ ਸਰਕਾਰ ਦਾ ਬਣਦਾ ਹੈ ਕਿ ਉਹ ਪੈਰਿਸ ਮੌਸਮੀ ਸਮਝੌਤੇ ਵਿਚ ਜੰਗਲਾਂ ਥੱਲੇ ਰਕਬਾ ਵਧਾਉਣ ਅਤੇ ਨਵਿਆਉਣਯੋਗ ਸਾਧਨਾਂ ਤੋਂ ਊਰਜਾ ਪੈਦਾ ਕਰਨ ਦੇ ਵਾਅਦੇ ਅਤੇ ਕਾਰਬਨ ਨਿਕਾਸੀ ਨੂੰ ਘੱਟ ਕਰਨ ਦੇ ਦਾਅਵੇ ਕਰਕੇ ਪਤਾ ਨਹੀਂ ਕਿਉਂ ਉਦਯੋਗਪਤੀਆਂ ਦੇ ਦਬਾਅ ਥੱਲੇ ਆ ਕੇ ਕੋਲੇ ਨਾਲ ਚੱਲਣ ਵਾਲੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਅੰਨ੍ਹੇਵਾਹ ਜੰਗਲਾਂ ਦਾ ਉਜਾੜਾ ਕਰਕੇ ਕੁਦਰਤੀ ਵਾਤਾਵਰਨ ਅਤੇ ਲੋਕਾਂ ਦੀ ਰੋਜ਼ੀ-ਰੋਟੀ ਦੇ ਨਾਲ ਨਾਲ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੀ ਹੈ। ਇੱਥੇ ਹੀ ਬੱਸ ਨਹੀਂ ਕੇਂਦਰ ਸਰਕਾਰ ਨੇ ਲੌਕਡਾਊਨ ਸਮੇਂ ਦੌਰਾਨ ਵਾਤਾਵਰਨ ਪ੍ਰਭਾਵ ਮੁਲਾਂਕਣ 2006 ਵਿਚ ਕਾਫ਼ੀ ਢਿੱਲਾਂ ਦੇ ਕੇ ਵਾਤਾਵਰਨ ਪ੍ਰਭਾਵ ਮੁਲਾਂਕਣ 2020 ਲਿਆਂਦੀ ਹੈ। ਜੇਕਰ ਉਹ ਪਾਸ ਹੋ ਜਾਂਦਾ ਹੈ ਤਾਂ ਦੇਸ ਦੇ ਰਹੇ-ਸਹੇ ਕੁਦਰਤੀ ਸਰੋਤ ਵੀ ਕਾਰਪੋਰੇਟ ਜਗਤ ਦੀ ਬਲੀ ਚੜ੍ਹ ਜਾਣਗੇ। ਕੇਂਦਰ ਸਰਕਾਰ ਦਾ ਬਣਦਾ ਹੈ ਕਿ ਦੇਸ ਦੇ ਆਰਥਿਕ ਵਿਕਾਸ ਲਈ ਸੌੜੇ ਰਾਜਸੀ ਹਿੱਤਾਂ ਅਤੇ ਕਾਰ-ਪੋਰੇਟ-ਹਿਤੈਸ਼ੀ ਮਾਡਲ ਨੂੰ ਛੱਡ ਕੇ ਲੋਕ ਅਤੇ ਕੁਦਰਤੀ-ਪੱਖੀ ਮਾਡਲ ਅਪਣਾਏ। ਜੇਕਰ ਕੇਂਦਰ ਸਰਕਾਰ ਨੇ ਦੇਸ ਦੇ ਆਰਥਿਕ ਵਿਕਾਸ ਲਈ ਆਪਣਾ ਯੋਜਨਾਬੰਦੀ ਦਾ ਦ੍ਰਿਸ਼ਟੀਕੋਣ ਨਾ ਬਦ-ਲਿਆ ਤਾਂ ਦੇਸ ਦੇ ਸਾਰੇ ਦੇ ਸਾਰੇ ਰਾਜਾਂ ਦੇ ਲੋਕ ਆਏ ਦਿਨ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਦੇ ਸਨਮੁੱਖ ਹੋਣਗੇ ਅਤੇ ਇਸ ਦੇ ਨਾਲ ਨਾਲ ਅੰਤਰਰਾਸ਼ਟਰੀ ਪੱਧਰ ਉੱਤੇ ਸਾਡੇ ਦੇਸ਼ ਨੂੰ ਗ਼ੈਰ-ਨਵਿਆਉਣਯੋਗ ਊਰਜਾ ਦੇ ਸਾਧਨਾਂ ਦੀ ਵੱਧ ਵਰਤੋਂ ਕਰਨ ਨਾਲ ਵਾਤਾਵਰਨ ਵਿਚ ਵੱਧ ਕਾਰਬਨ ਨਿਕਾਸੀ ਕਰਨ ਲਈ ਸ਼ਰਮਸ਼ਾਰ ਵੀ ਹੋਣਾ ਪਵੇਗਾ।

# ਦੁੱਧ ਅਤੇ ਮਠਿਆਈਆਂ ਦੇ ਪਰਦੇ ਹੇਠ ਜ਼ਹਿਰ ਖਰੀਦ ਕੇ ਅਸੀ ਖੁਦ ਮੌਤ ਤਾਂ ਨਹੀ ਸਹੇੜ ਰਹੇ?

ਵਰਿੰਦਰ ਸਿੰਘ ਖੁਰਮੀ
91-977933-9121

ਪੰਜਾਬ ਵਿੱਚ ਕੋਰੋਨਾਂ ਦੇ ਡਰ ਅਤੇ ਕਹਿਰ ਤੋਂ ਬਾਅਦ ਹੁਣ ਮਿੱਠੀ ਮਿੱਠੀ ਠੰਢ ਵਿੱਚ ਤਿਉਹਾਰਾਂ ਨੇ ਆ ਕੇ ਦਰਵਾਜ਼ੇ ਤੇ ਦਸਤਕ ਦਿੱਤੀ ਹੈ ਪਰ ਬਦਕਿਸਮਤੀ ਇਹ ਹੈ ਕਿ ਤਿਉਹਾਰ ਤਾਂ ਹਨ ਸਿਰਫ਼ ਦਰਵਾਜ਼ੇ ਤੇ ਹਨ ਪਰ ਜ਼ਹਿਰ ਸਾਡੀਆਂ ਰਸੋਈਆਂ ਤੇ ਪਲੇਟਾਂ ਤਕ ਪਹੁੰਚ ਚੁੱਕਾ ਹੈ । ਭਾਵੇਂ ਬੜੇ ਸ਼ੌਕ ਨਾਲ ਅਸੀਂ ਸਜੀਆਂ ਦੁਕਾਨਾਂ ਦੇ ਲਿਸ਼ਕਦੇ ਹੋਏ ਡੱਬਿਆਂ ਵਿੱਚ ਮਠਿਆਈ ਜਾਂ ਹੋਰ ਖਾਣ ਪਦਾਰਥ ਸਾਡੇ ਮਿੱਤਰਾਂ ਜਾਂ ਸਕੇ ਸਬੰਧੀਆਂ ਲਈ ਲੈ ਕੇ ਆਉਂਦੇ ਹਾਂ ਪਰ ਇਹ ਮਿੱਠਾ ਜ਼ਹਿਰ ਕਿਸੇ ਸਿੰਥੈਟਿਕ ਡਰੱਗ ਤੋਂ ਘੱਟ ਨਹੀਂ ਹੈ। ਪੰਜਾਬ ਦੇ ਫੂਡ ਸਪਲਾਈ ਐਕਟ 2006 ਦੇ ਅਨੁਸਾਰ ਮਿਲਾਵਟਖੋਰੀ ਤੇ ਦਸ ਲੱਖ ਜੁਰਮਾਨਾ ਅਤੇ ਛੇ ਸਾਲ ਦੀ ਸਜ਼ਾ ਤੈਅ ਹੈ ਪਰ ਸਰਕਾਰ ਦੀ ਇਹ ਵੱਡੀ ਸਜ਼ਾ ਵੀ ਫੂਡ ਕੁਆਲਿਟੀ ਨੂੰ ਸੁਧਾਰਣ ਲਈ ਕਾਰਗਰ ਸਾਬਤ ਨਹੀਂ ਹੁੰਦੀ ਜਾਪਦੀ। ਜਿਸ ਕਰ ਕੇ ਸਰਕਾਰ ਇਸ ਵਿੱਚ ਵੀ ਤਬਦੀਲੀ ਲਈ ਤੱਤਪਰ ਹੈ। ਇੰਡੀਅਨ ਐਕਸਪ੍ਰੈਸ ਦੀ ਕਰਵਾਈ ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ 52 ਲੱਖ ਮੱਝਾਂ ਅਤੇ 21 ਲੱਖ ਗਾਵਾਂ ਹਨ ,ਜਿਹਨਾਂ ਤੋਂ 360 ਲੱਖ ਲਿਟਰ ਦੁੱਧ ਦੀ ਪ੍ਰਾਪਤੀ ਰੋਜ਼ਾਨਾ ਕੀਤੀ ਜਾਂਦੀ ਹੈ । ਜਿਸ ਦੀ ਵੰਡ ਅਨੁਸਾਰ ਇੱਕ ਆਦਮੀ ਤੇ 1035 ਮਿਲੀਲਿਟਰ ਖਪਤ ਕੀਤੀ ਜਾ ਸਕਦੀ ਹੈ ।ਇਸ ਦਾ 50% ਹਿੱਸਾ ਪਿੰਡਾਂ ਵਿਚ ਵਰਤਿਆ ਜਾਂਦਾ ਹੈ ਅਤੇ 50% ਸ਼ਹਿਰਾਂ ਵਿੱਚ ਵੇਚਿਆ ਜਾਂਦਾ ਹੈ। ਪੰਜਾਬ ਵਿੱਚ ਦੁੱਧ ਉਤਪਾਦਨ ਵੀ ਇੱਥੇ ਦੁੱਧ ਦੀ ਲੋੜ ਪੂਰੀ ਨਹੀਂ ਕਰਦਾ ਜਿਸ ਕਰਕੇ ਸਾਨੂੰ ਬਾਹਰਲੇ ਰਾਜਾਂ ਤੋਂ ਦੁੱਧ ਦੀ ਲੋੜ ਹੈ ਪਰ ਅੰਕੜੇ ਕਹਿੰਦੇ ਹਨ 60 ਪ੍ਰਸੈਂਟ ਦੁੱਧ ਦੇ ਸੈਂਪਲ ਪੰਜਾਬ ਵਿਚ ਫੇਲ ਹਨ। ਸਰਕਾਰ ਹਰੇਕ ਸਾਲ ਹਜ਼ਾਰਾਂ ਕੁਇੰਟਲ ਖੋਆ, ਘਿਉ ਅਤੇ ਹੋਰ ਵਸਤਾਂ ਨੂੰ ਜ਼ਬਤ ਕਰਦੀ ਹੈ ਅਤੇ ਅੰਕੜੇ ਦੱਸਦੇ ਹਨ ਕਿ ਨਕਲੀ ਦੁੱਧ ਦਾ ਉਤਪਾਦਨ ਪੰਜਾਬ ਦੀ ਲੋੜ ਦੀ ਪੂਰਤੀ ਲਈ ਨਹੀਂ ਸਗੋਂ ਮੁਨਾਫ਼ੇ ਲਈ ਹੀ ਕੀਤਾ ਜਾਂਦਾ ਹੈ। ਪੰਜਾਬ ਵਿੱਚ ਗ਼ੈਰਕਾਨੂੰਨੀ ਦੁੱਧ ਦੇ ਪਦਾਰਥ, ਫੈਕਟਰੀਆਂ ਦੀ ਭਰਮਾਰ ਹੋਣ ਅਤੇ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਹੀ ਵੇਚ ਦਿੱਤੇ ਜਾਂਦੇ ਹਨ। ਇਕ ਸਰਵੇ ਵਿਚ ਦੱਸਿਆ ਜਾਂਦਾ ਹੈ ਕਿ ਪੰਜਾਬ ਵਿਚ ਤਿਉਹਾਰਾਂ ਦੇ ਦਿਨਾਂ ਵਿੱਚ ਪਨੀਰ 170 ਰੁਪਏ ਤੱਕ ਵਿਕਦਾ ਹੈ



ਜਦ ਕੇ ਇਸ ਨੂੰ ਬਣਾਉਣ ਦੀ ਲਾਗਤ ਹੀ ਕਰੀਬ ਢਾਈ ਸੌ ਰੁਪਏ ਦੇ ਕਰੀਬ ਆ ਜਾਂਦੀ ਹੈ ਤਾਂ ਇਹ ਤਾਂ ਸਾਫ਼ ਹੈ ਕਿ ਪਨੀਰ ਕਿਸ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ। ਕਈ ਕੇਸਾਂ ਵਿੱਚ ਤਾਂ ਪਨੀਰ ਬਣਾਉਣ ਲਈ ਵਰਤੇ ਜਾਂਦੇ ਸਿਰਕੇ ਦੀ ਥਾਂ ਟਾਇਲਟ ਕਲੀਨਰ ਦੀ ਵਰਤੋਂ ਦੀ ਵੀ ਪੁਸ਼ਟੀ ਕੀਤੀ ਗਈ ਹੈ । ਇਸ ਤੋਂ ਇਲਾਵਾ ਜੇ ਮਿੱਠੇ ਦੇ ਸ਼ੌਕੀਨਾਂ ਨੂੰ ਮਿੱਠੇ ਜ਼ਹਿਰ ਦੇ ਅਸਰ ਬਾਰੇ ਦੱਸਿਆ ਜਾਵੇ ਤਾਂ ਕਾਫ਼ੀ ਹੱਦ ਤਕ ਇਸ ਦੀ ਵਰਤੋਂ ਘਟਾਈ ਜਾ ਸਕਦੀ ਹੈ। ਪਰ ਕਈ ਪਦਾਰਥਾਂ ਵਿਚ ਤਾਂ ਲੋਕਾਂ ਨੂੰ ਪਤਾ ਵੀ ਨਹੀਂ ਹੈ ਕਿ ਉਹ ਅਣਜਾਣੇ ਵਿਚ ਕਿੰਨਾ ਮਿੱਠਾ ਨਿਗਲ ਜਾਂਦੇ ਹਨ ।ਟਮਾਟੋ ਸੌਸ ਇਸ ਦੀ ਇੱਕ ਮਿਸਾਲ ਹੈ, ਜਿਸ ਦੀ ਵਰਤੋਂ ਤਕਰੀਬਨ ਹਰੇਕ ਫੂਡ ਕਾਰਨਰ ਤੇ ਕੀਤੀ ਜਾਂਦੀ ਹੈ । ਜੇਕਰ ਕੋਲਡ ਡਰਿੰਕ ਦੀ ਗੱਲ ਕਰੀਏ ਤਾਂ ਇਹ ਮਿੱਠੇ ਦੀ ਭਰਮਾਰ ਲੈ ਕੇ ਆਉਂਦੇ ਹਨ ਪਰ ਇਸ ਦੀ ਵਰਤੋਂ ਸਭ ਤੋਂ ਉੱਪਰ ਹੈ, ਤਕਰੀਬਨ ਹਰ ਖਾਣੇ ਦੇ ਮੇਜ ਤੇ ਇਸ ਦੀ ਸ਼ਮੂਲੀਅਤ ਹੈ। ਜਦੋਂ ਖੰਡ ਦੀ ਵਰਤੋਂ ਜ਼ਿਆਦਾ ਕੀਤੀ ਜਾਂਦੀ ਹੈ ਤਾਂ ਇਹ ਸਾਡੇ ਦਿਮਾਗ ਵਿੱਚ ਪਾਏ ਜਾਣ ਦੇ ਨਿਊਰੋ ਟ੍ਰਾਂਸਮੀਟਰ ਜੋ ਸਾਡੇ ਸਰੀਰ ਨੂੰ ਸ਼ੰਦੇਸ਼ ਦਿੰਦਾ ਹੈ ,ਨੂੰ ਮਜ਼ਬੂਰ ਕਰਦੀ ਹੈ ਤਾਂ ਕਿ ਵਾਰ ਵਾਰ ਖੰਡ ਖਾਣ ਨਾਲ ਦਿਮਾਗ ਨੂੰ ਖ਼ੁਸ਼ੀ ਦਾ ਅਹਿਸਾਸ ਕਰਵਾਇਆ ਜਾ ਸਕੇ ।ਇਹ ਕਿਸੇ ਨਸ਼ੇ ਤੋਂ ਘੱਟ ਨਹੀਂ ਹੈ। ਚਾਹ ਦੀ ਤਲਬ ਦਾ ਅਸਲ ਕਾਰਨ ਖੰਡ ਹੀ ਹੈ ਅਤੇ ਇਸਦੀ ਵਰਤੋਂ ਅੱਗੇ ਜਾ ਕੇ ਸਾਡੇ ਲਈ ਡਾਇਆ-ਬਟੀਜ਼ ਦੀ ਅਲਾਮਤ ਨੂੰ ਵੀ ਸੱਦਾ ਦਿੰਦੀ ਹੈ । ਨੌਜਵਾਨਾਂ ਵਿੱਚ ਡਿਪਰੈਸ਼ਨ ਦਾ ਕਾਰਨ ਵੀ ਖੰਡ ਨੂੰ ਹੀ ਮੰਨਿਆ ਜਾਂਦਾ ਹੈ ਤੇ ਗਠੀਏ ਦਾ ਕਾਰਨ ਵੀ ਖੰਡ ਨੂੰ ਮੰਨਿਆ ਜਾਂਦਾ ਹੈ। ਕਈ ਡਾਕ-ਟਰਾਂ ਨੇ ਇਹ ਵੀ ਕਿਹਾ ਹੈ ਕਿ ਖੰਡ ਇਨਸਾਨ ਨੂੰ ਜਲਦੀ ਬੁੱਢਾ ਵੀ ਕਰਦੀ ਹੈ ਕਿਉਂਕਿ ਇਸ ਦਾ ਅਸਰ ਸਾਡੀ ਚਮੜੀ ਤੇ ਵੀ ਪੈਂਦਾ ਹੈ ਅਤੇ ਸਾਡੀ ਚਮੜੀ ਲਈ ਘਾਤਕ ਤੱਤ ਵੀ ਖੰਡ ਦੀ ਵਰਤੋਂ ਨਾਲ ਹੀ ਬਣਦੇ ਹਨ ।ਇੰਨਾ ਹੀ ਨਹੀਂ ਕਿਡਨੀ ਅਤੇ ਲਿਵਰ ਵੀ ਇਸ ਦੀ ਚਪੇਟ ਵਿੱਚ ਆਉਂਦੇ ਹਨ ਤੇ ਆਪਣਾ ਕੰਮ ਛੱਡ ਦਿੰਦੇ ਹਨ। ਲੰਡਨ ਦੇ ਇਕ ਸਰਵੇ ਨੇ 2016 ਵਿੱਚ ਦੱਸਿਆ ਸੀ ਕਿ ਦੁਨੀਆ ਵਿਚ ਹਰੇਕ ਸਾਲ ਗਿਆਰਾਂ ਮਿਲੀਅਨ ਲੋਕ ਲਿਵਰ, ਕਿਡਨੀ ਜਾਂ ਹਾਰਟ ਦੀ ਬਿਮਾਰੀ ਨਾਲ ਮਰਦੇ ਹਨ। ਕਈ ਮੈਡੀਕਲ ਸੰਸਥਾਵਾਂ ਨੇ ਖੰਡ ਦੇ ਅਸਰ ਮਰਦਾਨਾ ਸ਼ਕਤੀ ਤੇ ਵੀ ਦੱਸੇ ਹਨ। ਇਹ ਬਿਲਕੁਲ ਵੀ ਨਹੀਂ ਹੈ ਕਿ ਸਾਡੇ ਕੋਲ ਖੰਡ ਦਾ ਹੱਲ ਨਹੀਂ ਹੈ। ਇਸ ਦਾ ਬਦਲ ਗੁੜ ਜੋ ਕਿ ਕੁਦਰਤ ਦੀ ਦਿੱਤੀ ਵੱਡਮੁੱਲੀ ਦਾਤ ਹੈ ਜਿਸ ਵਿੱਚ ਕੋਈ ਕੈਮੀਕਲ ਨਹੀਂ ਹੈ ਜਦਕਿ ਇਸ ਵਿੱਚ ਕੈਲਸ਼ੀਅਮ,ਜਿੰਕ ਅਤੇ ਮੈਗਨੀਸ਼ੀਅਮ ਦੀ ਭਰਮਾਰ ਹੈ।

ਗੁੜ ਜਾਂ ਸ਼ੱਕਰ ਸਾਡੇ ਸਰੀਰ ਵਿੱਚ ਕਈ ਘਾਟਾਂ ਨੂੰ ਵੀ ਪੂਰਾ ਕਰਦੇ ਹਨ ।ਇਸ ਤੋਂ ਇਲਾਵਾ ਛਾਤੀ ਦੀਆਂ ਕਈ ਮੁਸ਼ਕਿਲਾਂ ਜਿਵੇਂ ਅਸਥਮਾ (ਸਾਹ )ਵਿੱਚ ਵੀ ਗੁੜ ਦੁਆਰਾ ਕੰਟਰੋਲ ਕੀਤਾ ਜਾ ਸਕਦਾ ਹੈ । ਸਾਡੇ ਸਮਾਜ ਦੀ ਹਾਲਤ ਇਹ ਹੈ ਕਿ ਅਸੀਂ ਅੱਖਾਂ ਸਾਹਮਣੇ ਮੱਖੀ ਨੂੰ ਨਿਗਲਣ ਲਈ ਤਿਆਰ ਹਾਂ, ਹਾਲਾਂ ਕਿ ਪੜ੍ਹਿਆ ਲਿਖਿਆ ਵਰਗ ਜਾਣਦਾ ਹੈ ਕਿ ਖੰਡ ਕਿਸ ਤਰ੍ਹਾਂ ਘੁਣ ਵਾਂਗ ਸਾਨੂੰ ਖਾਈ ਜਾ ਰਹੀ ਹੈ। ਪਰ ਅੱਖਾਂ ਮੀਚ ਕੇ ਕਬੂਤਰ ਵਾਂਗ ਬਿੱਲੀ ਤੋਂ ਬਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦੇ ਨਤੀਜੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਭੁਗਤਣੇ ਪੈ ਸਕਦੇ ਹਨ ।

# ਗੁਰੂ ਨਾਨਕ ਦਾ ਸਮਾਜਵਾਦ



ਪੰਜਾਬ ਵਾਸੀਆਂ ਦੀ ਇਹ ਵੱਡੀ ਖੁਸ਼ਕਿਸਮਤੀ ਹੈ ਜਿੰਨਾਂ ਨੂੰ ਕੁਦਰਤ ਨੇ ਗੁਰੂ ਨਾਨਕ ਵਰਗਾ ਮਹਾਨ ਰਹਿਬਰ ਦਿੱਤਾ। ਜਿੰਹਨਾਂ ਦੀ ਰਹਿਨੁਮਾਈ ਸਦਕਾ ਝੁਲਸੀ ਅਤੇ ਮਧੋਲੀ ਜਾ ਚੁੱਕੀ ਮਾਨਵਤਾ ਦੇ ਚਿਹਰੇ ਤੇ ਉਮਾਹ ਅਤੇ ਖੇੜਾ ਉਮੜ ਆਇਆ। ਨਾ ਕੇਵਲ ਧਾਰਮਕ ਸਗੋਂ ਸਮਾਜਕ ਅਤੇ ਰਾਜਸੀ ਪਖੋਂ ਵੀ ਮਨੁੱਖਤਾ ਨੂੰ ਮਜ਼ਬੂਤ ਬਣਾਉਣ ਲਈ ਗੁਰੂ ਜੀ ਨੇ ਆਪਣਾ ਸਮੁੱਚਾ ਜੀਵਨ ਅਰਪਣ ਕਰ ਦਿੱਤਾ। ਉਹਨਾਂ ਦੇ ਆਦਰਸ਼ਾਂ ਦੀ ਅਗਵਾਈ ਵਿਚ ਕੁੱਝ ਮਨੁੱਖ ਬਰਾਬਰਤਾ, ਸਮਾਨਤਾ ਅਤੇ ਭਾਈਚਾਰੇ ਵਾਲਾ ਸਮਾਜਵਾਦ ਲਿਆਉਣ ਲਈ ਯਤਨਸ਼ੀਲ ਹਨ ਗੁਰੂ ਨਾਨਕ ਨੇ ਅੱਜ ਤੋਂ 550 ਸਾਲ ਪਹਿਲਾਂ ਸਮਾਜ ਦੀ ਕਾਣੀ ਵੰਡ, ਆਰਥਕ ਨਾ ਬਰਾਬਰੀ ਅਤੇ ਫਿਰਕੂ ਵੰਡ ਵਿਤਕਰਿਆਂ ਦੀ ਜੋਰਦਾਰ ਨਿਖੇਧੀ ਕੀਤੀ। ਉਹਨਾਂ ਨੇ ਬਰਾਬਰੀ, ਇਨਸਾਨੀ ਹਮਦਰਦੀ, ਸਾਂਝੀਵਾਲਤਾ ਅਤੇ ਹਰ ਇਕ ਲਈ ਕਿਰਤ ਕਰਕੇ ਵੰਡ ਛਕਣ ਦਾ ਨਾਅਰਾ ਬੁਲੰਦ ਕਰਕੇ ਸਮਾਜਵਾਦ ਦੀ ਨੀਂਹ ਰੱਖੀ।



ਲਾਲ ਸਿੰਘ ਸੁਲਹਾਣੀ
91-98721-55120

ਬੇਸ਼ੱਕ ਮਾਰਕਸ, ਲੈਨਿਨ, ਸਟਾਲਿਨ ਆਦਿ ਨੇ ਸਮਾਜਵਾਦ ਲਿਆਉਣ ਲਈ ਜਦੋ- ਜਹਿਦ ਕੀਤੀ ਪਰ ਲੈਨਿਨ ਦਾ ਸਮਾਜਵਾਦੀ ਚੋਗਾ ਚੀਨ ਵਾਲਿਆਂ ਦੇ ਰਾਸ ਨਹੀਂ ਆਇਆ ਅਤੇ ਚੀਨ ਵਾਲਿਆਂ ਨੇ ਜਿਸ ਤਰ੍ਹਾਂ ਦਾ ਸਮਾਜਵਾਦ ਉਸਾਰਿਆ ਹੈ ਉਹ ਤੌਰ ਤਰੀਕੇ ਭਾਰਤ ਵਿਚ ਆਕੇ ਖੁੰਢੇ ਅਤੇ ਘਸੇ ਹੋਏ ਪ੍ਰਤੀਤ ਹੁੰਦੇ ਹਨ। ਰੂਸ ਅਤੇ ਚੀਨ ਨੇ ਆਪਣੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਤੋੜ ਕੇ ਚੂਰ ਚੂਰ ਕਰ ਦਿੱਤਾ। ਪਰ ਗੁਰੂ ਨਾਨਕ ਨੇ ਆਪਣੇ ਦੀਰਘ ਅਨੁਭਵ ਦੁਆਰਾ ਜਾਂਚ ਕੇ ਪਰੰਪਰਾ ਦਾ ਸਨਮਾਨ ਕਰਦਿਆਂ ਐਸੀ ਸਮਾਜਵਾਦੀ ਸੇਧ ਬਖਸ਼ੀ ਕਿ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਵੀ ਖਤਮ ਹੋਣੋਂ ਬਚਾ ਲਿਆ।

ਗੁਰੂ ਜੀ ਨੇ ਧਨ, ਦੌਲਤ, ਜਾਇਦਾਦ ਅਤੇ ਹੁਕਮ ਹਾਸਲ ਕਰਨ ਲਈ ਹਰ ਇਕ ਨੂੰ ਧਰਮ ਦੀ ਕਿਰਤ ਕਰਕੇ ਲੋੜਵੰਦਾਂ ਨਾਲ ਵੰਡ ਕੇ ਛਕਣ ਦਾ ਉਪਦੇਸ਼ ਬੜੇ ਪਿਆਰ ਨਾਲ ਦਿੱਤਾ।

ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।
(ਗੁਰੂ ਗਰੰਥ ਸਾਹਿਬ ਅੰਗ1245)

ਅਜੋਕੇ ਆਗੂਆਂ ਦਾ ਸਮਾਜਵਾਦ ਨਾਅਰੇਬਾਜ਼ੀ ਤਕ ਹੀ ਸੀਮਤ ਹੈ ਪਰ ਗੁਰੂ ਜੀ ਨੇ ਆਪਣੇ ਅਮਲੀ ਜੀਵਨ ਵਿਚ ਪੇਸ਼ ਕੀਤਾ। ਕਿਸੇ ਦਾ ਹਕ ਮਾਰਨ ਧਨ ਦੌਲਤ ਦੀ ਖਾਤਰ ਪਾਪ ਕਰਕੇ ਅਮੀਰ ਬਣਨ ਦੀ ਹਵਸ ਤੇ ਦੁਨਿਆਵੀ ਸੁੱਖਾਂ ਦੀ ਪਰਾਪਤੀ ਲਈ ਕੀਤੀ ਜਾਂਦੀ ਲੁੱਟ ਖਸੁੱਟ ਦੀ ਉਹਨਾਂ ਨੇ ਰਜ ਕੇ ਨਿਖੇਧੀ ਕੀਤੀ। ਉਹਨਾਂ ਨੇ ਮਾਇਆ ਦੀ ਖਾਤਰ ਧਰਮ ਈਮਾਨ ਵੇਚਣ ਵਾਲੇ ਮਾਇਆਧਾਰੀਆਂ ਨੂੰ ਝੰਜੋੜਿਆ

ਇਸ ਜਰੁ ਕਾਰਣਿ ਘਣੀ ਵਿਗੁਤੀ
ਇਸ ਜਰ ਘਣੀ ਖੁਆਈ।।
ਪਾਪਾਂ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ।।
(ਆਸਾ ਮ:1 ਗੁਰੂ ਗ੍ਰੰਥ ਸਾਹਿਬ ਜੀ ਅੰਗ417)

ਜਾਤਪਾਤ, ਛੂਤ ਛਾਤ, ਊਚ ਨੀਚ, ਫਿਰਕਾਪ੍ਰਸਤੀ ਸਮਾਜਵਾਦ ਦੇ ਰਾਹ ਵਿਚ ਬੜੀ ਵੱਡੀ ਰੁਕਾਵਟ ਹੈ। ਮਕਖਖਬਜ਼ਹਬਾਂ ਤੇ ਵੇਦਾਂ ਦੇ ਵਖਰੇਵੇਂ ਮਾਨਵ ਏਕਤਾ ਲਈ ਬੰਧਨ ਹਨ। ਇਹਨਾਂ ਦਾ ਜਕੜਿਆ ਮਨੁੱਖ ਮਾਨਵ ਹਿੱਤ ਤੇ ਇਨਸਾਨੀ ਹਮਦਰਦੀ ਤੋਂ ਦੂਰ ਚਲਾ ਜਾਂਦਾ ਹੈ। ਜਾਤੀ ਉਚਤਾ ਅਤੇ ਫਿਰਕੂ ਵਿਤਕਰੇ ਮਨੁੱਖ ਨੂੰ ਮਨੁੱਖ ਦਾ ਵੈਰੀ ਬਣਾਕੇ ਇਨਸਾਨੀਅਤ ਤੋਂ ਕੋਹਾਂ ਦੂਰ ਲਿਜਾ ਕੇ ਪਥਰ ਦਿਲ ਜਾਲਮ ਤੇ ਨਿਰਦਈ ਬਣਾ ਦਿੰਦੇ ਹਨ। ਗੁਰੂ ਜੀ ਨੇ ਸਭੇ ਸਾਂਝੀਵਾਲ ਰਸਾਇਣ ਏਕ ਪਿਤਾ ਏਕਸ ਕੇ ਹਮ ਬਾਰਿਕ ਅਤੇ ਸਭਨਾ ਜੀਆ ਕਾ ਇਕ ਦਾਤਾ ਕਹਿ ਕੇ ਮਨੁੱਖਤਾ ਨੂ ਇਕ ਲੜੀ ਵਿਚ ਪਰੋਣ ਦਾ ਉਪਰਾਲਾ ਕੀਤਾ। ਮਨੁੱਖੀ ਬਰਾਬਰੀ ਅਤੇ ਤਰੱਕੀ ਦੇ ਇਕੋ ਜਿਹੇ ਮੌਕੇ ਹਰ ਇਕ ਨੂੰ ਦੇਣ ਲਈ ਮਨੁੱਖੀ ਏਕਤਾ ਅਤੇ ਭਾਈਚਾਰਕ ਸਾਂਝ ਬੜੀ ਜਰੂਰੀ ਹੈ। ਇਸ ਲਈ ਉਹਨਾਂ ਨੇ ਫਕੜ ਜਾਤੀ ਫਕੜ ਨਾਉ ਕਹਿ ਕੇ ਜਾਤ ਪਾਤ ਦੀ ਜੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਸਦੀਆਂ ਤੋ ਲਤਾੜੇ ਤੇ ਦੁਰਕਾਰੇ ਜਾਂਦੇ ਮਨੁੱਖਾਂ ਨੂੰ ਪਿਆਰ ਕਲਾਵੇ ਚ ਲੈ ਕੇ ਆਪਣੇ ਮਾਨਵਤਾ ਵਾਦੀ ਹੋਣ ਦਾ ਸਬੂਤ ਦਿੱਤਾ। ਉਹਨਾਂ ਨੇ -

ਨੀਚਾਂ ਅੰਦਰਿ ਨੀਚ ਜਾਤਿ
ਨੀਚੀ ਹੂੰ ਅਤਿ ਨੀਚੁ ।।
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ।।
ਜਿੱਥੇ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ।।
(ਸਿਰੀ ਰਾਗੁ ਮਹਲਾ 1 ਗੁਰੂ ਗ੍ਰੰਥ ਸਾਹਿਬ ਅੰਗ 15)

ਕਹਿਕੇ ਅਖੌਤੀ ਉੱਚ ਜਾਤੀ ਖੱਤਰੀ ਹੋਣ ਦੇ ਬਾਵਜੂਦ ਮਰਦਾਨੇ ਮਰਾਸੀ ਲਾਲੋ ਤਰਖਾਣ ਅਤੇ ਕੌਡੇ ਭਲੀ ਆਦਿ ਵਰਗੇ ਦਲਿਤ ਨੂੰ ਸਾਥੀ ਤੇ ਭਾਈ ਬਣਾਕੇ ਉਹਨਾਂ ਨੂੰ ਸਮਾਜਕ ਬਰਾਬਰੀ ਲਈ ਲਾਮਬੰਦ ਕਰਨਾ ਗੁਰੂ ਜੀ ਦੇ ਸਮਾਜਵਾਦੀ ਦ੍ਰਿਸ਼ਟੀ ਕੋਣ ਦੀ ਸਰਬੋਤਮ ਮਿਸਾਲ ਹੈ। ਉਸ ਸਮੇਂ ਦੇ ਇਤਿਹਾਸ ਵਿਚ ਉਹਨਾ ਦਾ ਇਹ ਕਦਮ ਫਿਰਕੂ ਅਗ ਤੇ ਜਾਤ ਅਭਿਮਾਨ ਵਿਚ ਗਰਸੇ ਲੋਕਾਂ ਸਾਹਮਣੇ ਬਗਾਵਤ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ।

ਗੁਰੂ ਨਾਨਕ ਨੇ ਗਰੀਬਾਂ ਦਲਿਤਾਂ ਕਿਰਤੀਆਂ ਕਾਮਿਆਂ ਮਿਹਨਤਕਸ਼ਾਂ ਮਜ਼ਦੂਰਾਂ ਨੂ ਪਿਆਰ ਕਲਾਵੇ ਚ ਲੈਕੇ ਕਿਰਤੀ ਗੁਲਸ਼ਨ ਨੂ ਖੇੜਾ ਪਰਦਾਨ ਕੀਤਾ ਤੇ ਜਗੀਰਦਾਰਾਂ ਤੇ ਰਜਵਾੜਿਆਂ ਦੀਆਂ ਨੀਹਾਂ ਹਿਲਾ ਕੇ ਰੱਖ ਦਿਤੀਆਂ। ਉਹਨਾਂ ਨੇ ਭਾਈ ਲਾਲੋ ਦੀ ਕਿਰਤ ਨੂੰ ਵਡਿਆ ਕੇ ਵੱਢੀਖੋਰਾਂ, ਵਿਹਲੜਾਂ ਅਤੇ ਮੁਨਾਫਾਖੋਰਾਂ ਦੀ

ਰਾਜੇ ਸ਼ੀਹ ਮੁਕਦਮ ਕੁਤੇ।।
ਜਾਇ ਜਾਗਾਇਨ ਬੈਠੇ ਸੁਤੇ।।

ਕਹਿ ਕੇ ਜੋਰਦਾਰ ਸ਼ਬਦਾਂ ਚ ਨਿਖੇਧੀ ਕੀਤੀ ਅਤੇ ਹਰਾਮ ਦੀ ਖਾਣ ਤੋਂ ਨਕਾਰਾਤਮਿਕ ਢੰਗ ਨਾਲ ਸਖਤ ਸ਼ਬਦ ਚ ਵਰਜਿਆ-

ਹਕੁ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ।।
ਗੁਰੁ ਪੀਰੁ ਹਾਮਾ ਤਾਂ ਭਰੇ
ਜਾ ਮੁਰਦਾਰ ਨ ਖਾਇ।।
(ਮ:1 ਗੁਰੂ ਗ੍ਰੰਥ ਸਾਹਿਬ ਜੀ ਅੰਗ 141)

ਸਮਾਜਵਾਦ ਇਸਤਰੀ ਮਰਦ ਲਈ ਇੱਕੋ ਜਿਹੇ ਮੌਕੇ ਪਰਦਾਨ ਕਰਦਾ ਹੈ ਅਤੇ ਦੋਹਾਂ ਲਈ ਬਰਾਬਰੀ ਦੀ ਹਾਮੀ ਭਰਦਾ ਹੈ। ਗੁਰੂ ਨਾਨਕ ਤੋਂ ਪਹਿਲਾਂ ਵਿਹੜੇ ਦਾ ਸ਼ਿੰਗਾਰ ਮਰਦ ਦਾ ਇਮਾਨ ਮਾਨਵ ਪਨੀਰੀ ਦੀ ਰੱਖਿਅਕ ਤੇ ਅਰਧ ਸਰੀਰੀ ਮੋਗਾ ਦੁਆਰਾ ਇਸਤਰੀ ਦੀ ਰਜ ਕੇ ਨਿੰਦਾ ਕੀਤੀ ਜਾਂਦੀ ਸੀ।

ਢੋਲ ਗਵਾਰ ਸ਼ੂਦਰ ਪਸ਼ੂ ਨਾਰੀ।
ਇਹ ਸਭ ਤਾੜਨਾ ਕੇ ਅਧਿਕਾਰੀ।
(ਤੁਲਸੀ ਦਾਸ )

ਤੇ ਇਸਤਰੀ ਨੂੰ ਸ਼ੂਦਰ ਕਹਿਣ ਵਾਲੇ ਲੋਕਾਂ ਦਾ ਬੋਲਬਾਲਾ ਸੀ। ਮੱਛੀ ਮੱਖੀ ਇਸਤਰੀ ਤਿੰਨੇ ਜਾਤ ਕੁਜਾਤ ਪੈਰ ਦੀ ਜੁੱਤੀ ਤੇ ਪਾਪ ਜੋਨੀ ਕਹਿਕੇ ਇਸਰਤੀ ਦੀ ਨਿੰਦਾ ਕੀਤੀ ਜਾਂਦੀ ਸੀ। ਔਰਤ ਨੂੰ ਹੋਣੀ ਅਬਲਾ ਭੰਡਾਰ ਨੀਵੀਂ ਤੇ ਨਖਿਧ ਕਹਿ ਕੇ ਮਿਲਿਆ ਕੁਚਲਿਆ ਤੇ ਭੰਡਿਆ ਜਾਂਦਾ ਸੀ। ਮਾਨਵ ਇਸ਼ਕ ਵਿਚ ਸਰਸ਼ਾਰ ਗੁਰੂ ਜੀ ਨੇ-

ਮ :1 ਭੰਡਿ ਜੰਮੀਐ ਭੰਡਿ ਨਿਮੀਐ
ਭੰਡਿ ਮੰਗਣੀ ਵੀਆਹੁ।।
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡ ਭਾਲੀਐ
ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।।
(ਆਸਾ ਦੀ ਵਾਰ ਗੁਰੂ ਗ੍ਰੰਥ ਸਾਹਿਬ ਅੰਗ473)

ਕਹਿਕੇ ਔਰਤ ਨੂੰ ਨਖਿਧ ਤੇ ਨੀਵੀਂ ਆਖਣ ਵਾਲੇ ਅਖੌਤੀ ਧਰਮ ਤੇ ਸਮਾਜ ਦੇ ਠੇਕੇਦਾਰਾਂ ਦੇ ਮੂੰਹ ਤੇ ਕਰਾਰੀ ਚਪੇੜ ਮਾਰੀ ਅਤੇ ਇਸਤਰੀ ਨੂੰ ਮਰਦ ਦੇ ਬਰਾਬਰ ਖੜ੍ਹੇ ਕਰਨ ਦਾ ਮਹਾਨ ਪਰ ਉਪਕਾਰ ਕੀਤਾ।

ਗੁਰੂ ਜੀ ਨੇ ਜਾਤ ਪਾਤ, ਨਸਲੀ ਵੰਡ ਵਿਤਕਰੇ, ਮਜ਼ਬੀ ਪੱਖਪਾਤ ਅਤੇ ਧੜੇਬੰਦੀਆਂ ਵਿਰੁੱਧ ਜੋਰ ਦਾਰ ਸੰਘਰਸ਼ ਕੀਤਾ। ਊਚ ਨੀਚ ਤੇ ਛੂਤ ਛਾਤ ਦੀ ਵਿਕਰਾਲ ਰੂਪ ਧਾਰਨ ਕਰ ਚੁੱਕੀ ਬਿਮਾਰੀ ਦਾ ਸੁਯੋਗ ਵੈਦ ਬਾਬੇ ਨਾਨਕ ਨੇ "ਸੰਗਤ ਤੇ ਪੰਗਤ" ਤੇ ਗੁਰਭਾਈ ਦਾ ਪਵਿੱਤਰ ਰਿਸ਼ਤਾ ਸਿਰਜ ਕੇ ਇਲਾਜ ਕੀਤਾ। ਉਹਨਾਂ ਨੇ "ਸਾ ਜਾਤ ਸਾ ਪਤਿ ਹੈ, ਜੇਵੇਹੇ ਕਰਮ ਕਮਾਇ" ਕਹਿਕੇ ਜਾਤ ਅਭਿਮਾਨੀਆਂ ਦਾ ਹੰਕਾਰ ਤੋੜਿਆ ਅਤੇ ਮਨੁੱਖਤਾ ਨੂੰ ਪਰੇਮ ਸੂਤਰ ਵਿਚ ਪਰੋਣ ਦਾ ਮਹਾਨ ਉਪਰਾਲਾ ਕੀਤਾ।

ਗੁਰੂ ਜੀ ਨੇ ਸਮਕਾਲੀ ਜੀਵਨ ਦੀ ਉਸਾਰੂ ਆਲੋਚਨਾ ਕੀਤੀ। ਮਾਨਵ ਪ੍ਰੇਮ ਅਤੇ ਮਨੁੱਖੀ ਹਮਦਰਦੀ ਲਈ ਸੁਚੱਜੀ ਆਧੁਨਿਕ ਤੇ ਵਿਗਿਆਨਕ ਸੇਧ ਦੇਕੇ ਗੁਰੂ ਨਾਨਕ ਨੇ "ਗਾਡੀ ਰਾਹ ਚਲਾਇਆ" ਤੇ ਸਮਾਜਵਾਦ ਦੀ ਨੀਂਹ ਰੱਖੀ।

ਗੁਰੂ ਨਾਨਕ ਨੇ ਗੁਰੂ ਰਵਿਦਾਸ ਦੇ ਚਿਤਵੇ ਬੇਗਮਪੁਰੇ ਦੀ ਸਿਰਜਣਾ ਲਈ ਮਹੌਲ ਤਿਆਰ ਕੀਤਾ। ਉਹਨਾਂ ਨੇ "ਸ਼ੀਂਹ ਤੇ ਬਘਿਆੜ ਬਿਰਤੀ ਦੇ ਹੁਕਮਰਾਨਾਂ ਨੂੰ ਨਕਾਰ ਦਿਆਂ ਉਹਨਾਂ ਨੂੰ ਬਦਲ ਕੇ ਮਾਨਵ ਪਰੇਮ ਵਿਚ ਸਰਸ਼ਾਰ ਰਾਜੇ ਹੀ ਤਖਤ ਤੇ ਬੈਠਣ ਦੇ ਲਾਇਕ ਹੋਣ ਵਾਲੀ ਮਾਨਵੀ ਸੋਚ ਦਾ ਬੁਲੰਦ ਬਾਂਗ ਇਜ਼ਹਾਰ ਕੀਤਾ। ਗੁਰੂ ਨਾਨਕ ਦੀ ਪੰਜਵੀਂ ਜੋਤ ਨੇ "ਸਭ ਸੁਖਾਲੀ ਵੁਠੀਆਂ ਇਹ ਹੋਆ ਹਲੇਮੀ ਰਾਜ ਜੀਉ" ਕਹਿ ਕੇ ਇਸ ਮਾਨਵਤਾ ਵਾਦੀ ਵਿਚਾਰ ਧਾਰਾ ਨੂੰ ਅਗੇਰੇ ਤੋਰਿਆ।

ਤਾਂ ਹੀ ਦਸਵੇਂ ਨਾਨਕ ਸਾਹਿਬ ਇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਤੇ ਗਰੀਬ ਗੁਰਬਿਆਂ ਨੂੰ "ਸਰਦਾਰ ਤੇ ਪਾਤਸ਼ਾਹ" ਬਣਾਉਣ ਵਾਲੇ ਸੰਕਲਪ ਦੀ ਪੂਰਤੀ ਲਈ ਆਪਣਾ ਸਰਬੰਸ ਤਕ ਦਾਅ ਤੇ ਲਾ ਦਿੱਤਾ।

ਵੀਹਵੀਂ ਸਦੀ ਦੇ ਮਹਾਨ ਵਿਚਾਰਵਾਨ ਤੇ ਮਾਨਵਵਾਦੀ ਚਿੰਤਕ ਭਾਰਤੀ ਸੰਵਿਧਾਨ ਦੇ ਸਿਰਜਕ ਤੇ ਆਧੁਨਿਕ ਭਾਰਤ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਵਲੋਂ ਗੁਰੂ ਨਾਨਕ ਦੇ ਸੁਪਨਿਆਂ ਦਾ ਸਮਤਾ ਸਮਾਨਤਾ ਭਾਈਚਾਰੇ ਤੇ ਮਨੁੱਖੀ ਆਜ਼ਾਦੀਆਂ ਵਾਲਾ ਸਮਾਜ ਸਿਰਜਣ ਲਈ ਸੰਵਿਧਾਨਕ ਉਪਰਾਲਾ ਕੀਤਾ ਗਿਆ ਜੋ ਅਜੇ ਤੱਕ ਸਾਕਾਰ ਨਹੀਂ ਹੋ ਸਕਿਆ। ਜਿਸਨੂੰ ਸਾਕਾਰ ਕਰਨ ਲਈ ਸਾਂਝੇ ਯਤਨ ਤੇ ਜ਼ੋਰਦਾਰ ਸੰਘਰਸ਼ ਦੀ ਸਖਤ ਲੋੜ ਹੈ।

# ਬਹੁਜਨ ਸਮਾਜ ਦੇ ਮੁਲਾਜ਼ਮਾਂ ਦੇ ਨਾਂ ਇਕ ਦਰਦ ਭਰੀ ਅਪੀਲ

ਭਾਰੇ ਭੋਇੰ ਅਕ੍ਰਿਤਘਣ"

ਅਕ੍ਰਿਤਘਣ ਦਾ ਭਾਵ ਹੈ ਕੀਤੇ ਹੋਏ ਉਪਕਾਰ ਨੂੰ ਭੁੱਲ ਜਾਣ ਵਾਲਾ ਜਾਂ ਅਹਿਸਾਨ ਫਰਾਮੋਸ਼। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਅਹਿਸਾਨ ਫਰਾਮੋਸ਼, ਕਿਸੇ ਦੇ ਕੀਤੇ ਉਪਕਾਰ ਨੂੰ ਭੁੱਲ ਜਾਣ ਵਾਲੇ, ਕਿਸੇ ਦਾ ਕੀਤਾ ਨਾ ਜਾਨਣ ਵਾਲੇ, ਅਕ੍ਰਿਤਘਣ ਲੋਕ ਧਰਤੀ ਤੇ ਭਾਰ ਹਨ। ਅਜਿਹੇ ਮਨੁੱਖ ਸੰਸਾਰ ਵਿਚ ਸੱਭ ਤੋਂ ਘਟੀਆ ਗਿਣੇ ਜਾਂਦੇ ਹਨ ਜੋ ਕਿਸੇ ਦੇ ਕੀਤੇ ਉਪਕਾਰ ਨੂੰ ਭੁੱਲ ਜਾਂਦੇ ਹਨ ਜਾਂ ਅਹਿਸਾਸ ਕਰਵਾਉਣ ਤੇ ਵੀ ਮੰਨਣ ਲਈ ਤਿਆਰ ਨਾ ਹੋਵੇ ਅਜਿਹਾ ਅਕ੍ਰਿਤਘਣ ਵਿਅਕਤੀ ਤਰਿਸਕਾਰ ਦਾ ਪਾਤਰ ਬਣਦਾ ਹੈ।

ਬਹੁਜਨ ਸਮਾਜ ਦੇ ਸਾਥੀਓ! ਆਓ ਆਪਾਂ ਵੀ ਪੜਚੋਲ ਕਰੀਏ ਕਿ ਅਸੀਂ ਕਿਥੇ ਖੜ੍ਹੇ ਹਾਂ? ਮਹਾਨ ਬੁੱਧ ਤੇ ਗੁਰਮਤਿ ਤੋਂ ਬਾਅਦ 19ਵੀਂ ਸਦੀ ਵਿਚ ਸਾਡੇ ਰਹਿਬਰ ਦੇ ਰੂਪ ਵਿਚ ਮਹਾਤਮਾ ਜੋਤੀ ਬਾ ਫੂਲੇ (ਪੱਛੜੀ ਜਾਤੀ) ਉੱਭਰੇ ਤੇ ਉਹਨਾਂ ਨੇ ਸਮਾਜਕ ਬਰਾਬਰੀ ਲਈ ਸੰਘਰਸ਼ ਮੁੜ ਅਰੰਭਿਆ। ਇਸ ਸੰਘਰਸ਼ ਨੂੰ ਹੋਰ ਰਵਾਨਗੀ ਬਖਸ਼ਦਿਆਂ ਸਾਡੇ ਮੁਕਤੀ ਦਾਤਾ ਦਲਿਤਾਂ ਸੋਸ਼ਤਾਂ ਦੇ ਮਸੀਹਾ ਡਾਕਟਰ ਭੀਮ ਰਾਓ ਅੰਬੇਡਕਰ ਨੇ ਦਿਨ ਰਾਤ ਇਕ ਕਰਕੇ ਸਦੀਆਂ ਤੋਂ ਲਤਾੜੇ ਨਿਤਾਣੇ, ਨਿਮਾਣੇ, ਜਾਤਾਂ, ਕੁਜਾਤਾਂ, ਵਿਚ ਲੀਰੋ ਲੀਰ ਕੀਤੇ ਗਏ ਲੋਕਾਂ ਨੂੰ ਸਿਰਫ ਸਿਰ ਉੱਚਾ ਕਰਕੇ ਤੁਰਨ ਦਾ ਸਾਹਸ ਹੀ ਪ੍ਰਦਾਨ ਨਹੀਂ ਕੀਤਾ ਸਗੋਂ ਮਨੂਵਾਦੀ ਤਾਕਤਾਂ ਨਾਲ ਖਹਿਣ ਦੀ ਦਲੇਰੀ ਵੀ ਪੈਦਾ ਕਰ ਦਿੱਤੀ। ਉਹਨਾਂ ਦੀ ਕਰੜੀ ਘਾਲਣਾ ਸਦਕਾ ਕੱਖਾਂ ਤੋਂ ਹੌਲੇ ਬੰਦੇ ਮਾਨਯੋਗ ਸਥਾਨ ਪ੍ਰਾਪਤ ਕਰਨ ਦੇ ਸਮਰੱਥ ਹੋ ਗਏ। ਜਿਨ੍ਹਾਂ ਲੋਕਾਂ ਨੂੰ ਸ਼ੂਦਰ ਕਹਿਕੇ, ਅਛੂਤ ਸਮਝਕੇ , ਕੰਮੀ- ਕਮੀਣ ਤੇ ਲਾਗੀ -ਵਗਾਰੀ ਸਮਝਕੇ ਦੁਰਕਾਰਿਆ, ਤਰਿਸਕਾਰਿਆ, ਫਿਟਕਾਰਿਆ ਜਾਂਦਾ ਰਿਹਾ ਹੈ। ਉਹ ਅੱਜ ਉੱਚੇ ਅਹੁਦਿਆਂ ਤੇ ਬਿਰਾਜਮਾਨ ਹਨ। ਪਸ਼ੂਆਂ ਤੇ ਕੁੱਤਿਆਂ ਤੋਂ ਵੀ ਬਦਤਰ ਜਿੰਦਗੀ ਜਿਉਣ ਵਾਲੇ ਲੋਕ ਅੱਜ ਅਣਖ ਅਤੇ ਇੱਜ਼ਤ ਦੀ ਜ਼ਿੰਦਗੀ ਜਿਉਣ ਦੀ ਤਮੰਨਾ ਰੱਖਦੇ ਹਨ। ਹਮੇਸ਼ਾ ਧੌਣ ਸੁੱਟੀ ਝੂਠ ਤੇ ਗੁਜਾਰਾ ਕਰਨ ਵਾਲੇ ਲੋਕ ਧੌਣ ਅਕੜਾ ਕੇ ਤੁਰਨ ਵਿਚ ਸ਼ਾਨ ਸਮਝਣ ਲੱਗੇ ਹਨ। ਸਦਾ ਅੱਖਾਂ ਨੀਵੀਆਂ ਰੱਖਣ ਵਾਲੇ ਲੋਕ ਵਿਰੋਧੀਆਂ ਦੀਆਂ ਅੱਖਾਂ ਚ ਅੱਖ ਪਾਉਣ ਦੇ ਕਾਬਲ ਹੋ ਗਏ ਹਨ। ਸੜਕ ਤੇ ਜਿੰਨ੍ਹਾਂ ਲੋਕਾਂ ਨੂੰ ਤੁਰਨ ਦੀ ਮਨਾਹੀ ਸੀ ਉਹ ਅੱਜ ਸਕੂਟਰਾਂ, ਕਾਰਾਂ ਦੇ ਮਾਲਕ ਹਨ ਤੇ ਹਵਾਈ ਜਹਾਜ਼ਾਂ ਵਿਚ ਸਫਰ ਕਰਦੇ ਵੇਖੇ ਜਾ ਸਕਦੇ ਹਨ। ਜਿਨ੍ਹਾਂ ਦੀ ਛੋਹ, ਪਰਛਾਵੇਂ ਤੇ ਹਵਾ ਨਾਲ ਭਿੱਟ ਚੜ੍ਹਦੀ ਸੀ ਉਹ ਅਖੌਤੀ ਉੱਚੇ ਲੋਕਾਂ ਨਾਲ ਦਸਤ ਪੰਜਾ ਲੈਣ ਦੇ ਕਾਬਲ ਬਣ ਗਏ ਹਨ। ਰੂੜੀਆਂ ਤੇ ਰੁਲਣ ਤੇ ਕੱਖਾਂ ਦੀਆਂ ਕੁਲੀਆਂ 'ਚ ਦਿਨ ਕਟੀ ਕਰਨ ਵਾਲੇ ਅੱਜ ਆਲੀਸ਼ਾਨ ਕੋਠੀਆਂ ਤੇ ਸੁੰਦਰ ਮਕਾਨਾਂ ਦੇ ਮਾਲਕ ਹਨ। ਜੋ ਕਦੀ ਸਾਢੇ ਤਿੰਨ ਹੱਥ ਧਰਤੀ (ਜੋ ਮਰਨ ਤੋ ਬਾਅਦ ਹਰ ਹਾਲਤ ਵਿਚ ਮਿਲਣੀ ਈ ਹੈ) ਆਪਣੇ ਨਾਂ ਤੇ ਨਹੀਂ ਖਰੀਦ ਸਕਦੇ ਸਨ ਉਹ ਅੱਜ ਜ਼ਿਮੀਂਦਾਰ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਹਨ।

ਇਤਿਹਾਸ ਪੁੱਠੇ ਗੇੜ ਕਿਉਂ ਤੁਰਿਆ? ਇਹ ਅਣਹੋਣੀ ਕਿਵੇਂ ਵਾਪਰੀ ? ਇਸ ਇਨਕਲਾਬ ਦਾ ਮੁੱਢ ਕਿਵੇਂ ਬੱਝਾ? ਸਿਰਫ ਤੇ ਸਿਰਫ ਯੁੱਗ ਪੁਰਸ਼ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਕਿਰਪਾ ਸਦਕਾ ਉਹਨਾਂ ਦੇ ਸੰਘਰਸ਼ ਦੀ ਬਦੌਲਤ। ਇਹ ਕੋਈ ਅਚਨਚੇਤੀ ਵਾਪਰੀ ਹੋਈ ਘਟਨਾ ਨਹੀਂ ਬਲਕਿ ਯੋਜਨਾਬੱਧ ਢੰਗ ਨਾਲ ਛੇੜੇ ਲੰਮੇ ਜਹਾਦ ਦਾ ਸਿੱਟਾ ਹੈ। ਅੱਜ ਅਸੀਂ ਜੋ ਕੁੱਝ ਵੀ ਹਾਂ, ਜਿੰਨ੍ਹਾਂ ਪਦਵੀਆਂ ਤੇ ਬਿਰਾਜਮਾਨ ਹਾਂ ਕੀ ਉਹ ਸਿਰਫ ਸਾਡੀ ਚੰਗੀ ਅਕਲ ਜਾਂ ਨਿਰੋਲ ਯੋਗਤਾ ਸਦਕਾ ਹੈ? ਨਹੀਂ ! ਨਹੀਂ ! ਨਹੀਂ!!! ਇਹ ਸਿਰਫ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਕੀਤੇ ਸੰਘਰਸ਼ ਸਦਕਾ ਹੀ ਹੋ ਸਕਿਆ ਹੈ। ਜਿਨ੍ਹਾਂ ਨੇ ਇਤਿਹਾਸ ਵਿਚ ਪਹਿਲੀ ਵਾਰ ਦਲਿਤ ਸਮਾਜ ਨੂੰ ਕਾਨੂੰਨੀ ਤੌਰ ਤੇ ਵਿਦਿਆ ਦਾ ਅਧਿਕਾਰ ਲੈਕੇ ਦਿੱਤਾ। ਰਿਜਰਵੇਸ਼ਨ ਤੇ ਜ਼ਮੀਨ ਖਰੀਦਣ ਦਾ ਹੱਕ ਦਿਵਾਇਆ। ਇਸ ਦੇ ਸਹਾਰੇ ਹੀ ਅਸੀਂ ਲੋਕ ਆਈ. ਏ. ਐਸ., ਆਈ. ਪੀ. ਐਸ., ਸੈਕਟਰੀ, ਸੁਪਰਡੰਟ, ਖਜਾਨਚੀ, ਜਜ, ਸੈਸ਼ਨ ਜਜ, ਇੰਜਨੀਅਰ, ਡਾਕਟਰ , ਡਾਇਰੈਕਟਰ , ਡਿਪਟੀ ਕਮਿਸ਼ਨਰ , ਕਮਿਸ਼ਨਰ, ਥਾਣੇਦਾਰ, ਇੰਸਪੈਕਟਰ, ਐਸ. ਐਸ. ਪੀ., ਡੀ. ਜੀ. ਪੀ., ਪਟਵਾਰੀ, ਫਾਰਮਾਸਿਸਟ, ਉਪਰੇਟਰ, ਟੈਕਨੀਸ਼ੀਅਨ, ਕਲਰਕ, ਸਟੈਨੋ, ਆਦਿ ਹੋਰ ਪਤਾ ਨਹੀਂ ਕੀ ਕੁੱਝ ਹਾਂ। ਨੀਚ ਨਖਿੱਧ ਨੀਵੇਂ, ਢੇਡ, ਗਿੱਟਲ, ਕੁਜਾਤ ਤੇ ਕੰਮੀ- ਕਮੀਣ ਕਹਿ ਕੇ ਤਰਿਸਕਾਰੇ ਜਾਣ ਵਾਲੇ ਲੋਕ ਬਾਬਾ ਸਾਹਿਬ ਦੀ ਕ੍ਰਿਪਾ ਸਦਕਾ ਹੀ ਸਨਮਾਨਯੋਗ ਤੇ ਪ੍ਰਭਾਵਸ਼ਾਲੀ ਤਾਕਤ ਬਣ ਸਕੇ ਹਨ। ਜਿਹਨਾਂ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਹਾਸਲ ਨਹੀਂ ਸੀ। ਉਹ ਅੱਜ ਮੈਂਬਰ ਪੰਚਾਇਤ, ਸਰਪੰਚ, ਸਹਿਕਾਰੀ ਸਭਾਵਾਂ ਦੇ ਡਾਇਰੈਕਟਰ, ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸੰਮਤੀਆਂ, ਮਾਰਕੀਟ ਕਮੇਟੀਆਂ ਦੇ ਚੇਅਰਮੈਨ, ਐਮ .ਐਲ. ਏ., ਐਮ. ਪੀ., ਵਜੀਰ, ਗਵਰਨਰ, ਰਾਜਦੂਤ ਤੇ ਰਾਸ਼ਟਰਪਤੀ ਆਦਿ ਬਣ ਰਹੇ ਹਨ ਕਿਉਂਕਿ ਬਾਬਾ ਸਾਹਿਬ ਨੇ ਸਿਰਤੋੜ ਯਤਨ ਕਰਕੇ ਰਿਜਰਵੇਸ਼ਨ ਵਰਗਾ ਅਧਿਕਾਰ ਦਿਵਾ ਕੇ ਸ਼ੂਦਰ ਸਮਾਜ ਦੀ ਉੱਨਤੀ ਦੇ ਦੁਆਰ ਖੋਲ੍ਹ ਦਿੱਤੇ।

ਦਲਿਤ ਸਮਾਜ ਦੇ ਉਪਰੋਕਤ ਵਰਗ ਪਾਸ ਅੱਜ ਸਮਾਂ, ਸੂਝ ਤੇ ਸਰਮਾਇਆ ਹੈ। ਜੇ ਉਹ ਬਾਬਾ ਸਾਹਿਬ ਦੇ ਪਦ ਚਿੰਨ੍ਹਾਂ ਤੇ ਚੱਲ ਪਵੇ ਤਾਂ ਕੋਈ ਕਾਰਨ ਨਹੀਂ ਕਿ 85 ਫੀਸਦੀ ਬਹੁਜਨ ਸਮਾਜ ਗੁਲਾਮੀ ਦੀ ਜਕੜ ਨਾ ਤੋੜ ਸਕੇ। ਉਹਨਾਂ ਦਾ ਨਿਸ਼ਾਨਾ ਸਮਤਾ, ਸਮਾਨਤਾ, ਭਾਈਚਾਰੇ ਤੇ ਜਾਤਪਾਤ ਰਹਿਤ ਸਮਾਜ ਸਿਰਜਣਾ ਸੀ। ਉਹਨਾਂ ਦਾ ਰਿਜਰਵੇਸ਼ਨ ਰਾਹੀਂ ਨੌਕਰੀਆਂ ਅਤੇ ਰਾਜਸੀ ਪਦਵੀਆਂ ਦਿਵਾਉਣ ਦਾ ਮੰਤਵ ਸੀ ਕਿ ਬੁਧੀਜੀਵੀ ਲੋਕ ਆਪਣਾ ਫਰਜ਼ ਪਛਾਣ ਕੇ ਦਲਿਤ ਸੋਸ਼ਿਤ ਸਮਾਜ ਦੇ ਮੁਕਤੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾਉਣਗੇ। ਉਹਨਾਂ ਦੀ ਸੋਚ ਸੀ ਕਿ ਜੇ ਉਹਨਾਂ ਨੇ ਇਕੱਲਿਆਂ ਸੰਘਰਸ਼ ਕਰਕੇ ਇਤਨੇ ਅਧਿਕਾਰ ਦਿਵਾਉਣਾ ਦਿੱਤੇ ਹਨ ਤਾਂ ਇਹ ਲੋਕ ਜ਼ਿਆਦਾ ਗਿਣਤੀ ਵਿਚ ਪੜ੍ਹ ਲਿਖ ਕੇ ਇਕੱਠੇ ਹੋਣ ਉਪਰੰਤ ਸੰਘਰਸ਼ ਦੇ ਰਾਹ ਪੈ ਕੇ ਆਪਣਾ ਖੁੱਸਿਆ ਮਾਨ ਸਨਮਾਨ, ਰਾਜ ਪਾਟ ਖੋਹਣ ਤੇ ਸੰਭਾਲਣ ਦੇ ਸਮਰੱਥ ਹੋ ਸਕਣਗੇ। ਰਿਜਰਵੇਸ਼ਨ ਵਰਗੇ ਵਧੀਆ ਹਥਿਆਰ ਰਾਹੀਂ ਹੱਕ ਪ੍ਰਾਪਤ ਕਰਕੇ ਮਨੂਵਾਦ ਨੂੰ ਦਾਤੀ ਪਾ ਲੈਣਗੇ ਕਿਉਂਕਿ ਮਨੂਵਾਦ ਹੀ ਲੁੱਟ ਖਸੁੱਟ ਅਮੀਰੀ, ਗਰੀਬੀ, ਊਚ -ਨੀਚ , ਛੂਤ -ਛਾਤ, ਜਾਤ-ਪਾਤ, ਅਸਮਾਨਤਾ, ਅਸਮਤਾ, ਅਭਾਈਚਾਰਾ, ਨਾ ਬਰਾਬਰੀ, ਵੰਡ ਵਿਤਕਰੇ, ਵਰਣ ਵੰਡ, ਬਲਾਤਕਾਰ, ਜ਼ੁਲਮ ਸਿਤਮ, ਅਤਿਆਚਾਰ, ਜਾਤੀ ਅਭਿਮਾਨ ਅਤੇ ਨਫ਼ਰਤ ਲਈ ਜ਼ਿਮੇਵਾਰ ਹੈ। ਉਹਨਾਂ ਦਾ ਸੁਪਨਾ ਸੀ ਕਿ ਪੜੇ ਲਿਖੇ ਲੇਖਕ, ਮੁਲਾਜ਼ਮ ਤੇ ਰਾਜਸੀ ਆਗੂ ਜਿੰਨ੍ਹਾਂ ਕੋਲ ਸਮਾਂ, ਸਰਮਾਇਆ ਤੇ ਹੁਨਰ ਹੈ ਉਹ ਆਪਣਾ ਫਰਜ਼ ਪਛਾਣ ਕੇ ਅਗਾਂਹ ਵਧ ਕੇ ਸਮਾਜਕ ਗੈਰ ਬਰਾਬਰੀ ਵਿਰੁੱਧ ਸੰਘਰਸ਼ ਵਿਚ ਹਿੱਸਾ ਪਾਉਣਗੇ। ਕੀ ਅਸੀਂ ਆਪਣੇ ਸਿਰ ਚੜ੍ਹਿਆ ਕਾਰਜ ਉਤਾਰਨ ਦਾ ਯਤਨ ਕੀਤਾ ਹੈ? ਜੇ ਨਹੀਂ ਤਾਂ ਫਿਰ ਅਸੀਂ ਅਕ੍ਰਿਤਘਣ ਹੀ ਤਾਂ ਹਾਂ, ਪੇਟ ਪ੍ਰਸਤ, ਧਰਤੀ ਤੇ ਨਿਰਾ ਭਾਰ।

ਸਦੀਆਂ ਤੋਂ ਮਾਲਕ ਦੀ ਝੂਠ ਤੇ ਪਲਣ ਵਾਲੇ, ਉਹਦੀ ਬੁਸ਼ਕਰ ਤੇ ਪੂਛ ਮਾਰਨ ਵਾਲੇ ਤੇ ਪੈਰ ਚੁੰਮਣ ਵਾਲੇ, ਉਸਦੇ ਹਰ ਹੁਕਮ ਤੇ ਫੁੱਲ ਚੜ੍ਹਾਉਣ ਵਾਲੇ, ਉਸਦੀ ਹਾਂ ਵਿਚ ਹਾਂ ਮਿਲਾ ਕੇ ਖੁਸ਼ੀ ਹਾਸਲ ਕਰਨ ਵਾਲੇ। ਦੱਬੂ ਡਰੂ ਤੇ ਖੁਦਗਰਜ਼ ਲੋਕਾਂ ਤੋਂ ਅਣਖ ਇਜ਼ਤ ਤੇ ਸਵੈਮਾਣ ਦੀ ਲੜਾਈ ਦੀ ਆਸ ਰੱਖਣਾ ਅਚੰਭਾਜਨਕ ਗੱਲ ਹੈ। ਉਸ ਮਹਾਨ ਰਹਿਬਰ ਚ ਜਿਸਨੇ ਬਦੇਸ਼ਾਂ ਵਿੱਚੋਂ ਉਚ ਸਿੱਖਿਆ ਪ੍ਰਾਪਤ ਕਰਕੇ 32 ਡਿਗਰੀਆਂ ਹਾਸਲ ਕੀਤੀਆਂ, ਦੁਨੀਆਂ ਦਾ ਛੇਵਾਂ ਫਿਲਾਸਫਰ ਹੋਣ ਦਾ ਨਾਮਣਾ ਖੱਟਿਆ, ਉੱਚੇ ਸਰਕਾਰੀ ਅਹੁਦਿਆਂ ਤੇ ਬਿਰਾਜਮਾਨ ਰਿਹਾ, ਫੌਜਾਂ ਦਾ ਸਕੱਤਰ ਤੇ ਕੇਂਦਰ ਵਿਚ ਵਜੀਰ ਬਣਿਆਂ ਕਦੇ ਵੀ ਸ਼ੋਹਰਤ, ਸਤਕਾਰ ਤੇ ਪੈਸੇ ਦੀ ਭਾਵਨਾ ਪੈਦਾ ਨਹੀਂ ਹੋਈ। ਉਹਨੂੰ ਕੋਈ ਲਾਲਚ ਪੋਹ ਨਹੀਂ ਸਕਿਆ। ਕੋਈ ਧਮਕੀ ,ਕੋਈ ਡਰਾਵਾ ਉਹਨਾਂ ਤੇ ਪ੍ਰਭਾਵ ਨਾ ਪਾ ਸਕਿਆ ਤੇ ਇਕ ਅਸੀਂ ਹਾਂ ਕਿ ਰਿਜਰਵੇਸ਼ਨ ਤਹਿਤ ਛੋਟੀ ਮੋਟੀ ਨੌਕਰੀ ਪਦਵੀ ਤੇ ਨਿਗੂਣੀ ਵਜੀਰੀ ਪ੍ਰਾਪਤ ਕਰਕੇ ਆਪਣਾ ਆਪਾ ਉਂਝ ਹੀ ਭੁਲਾ ਬੈਠੇ ਹਾਂ , ਜੁੱਤੀਆਂ ਗੰਢ ਗੰਢ

(ਬਾਕੀ ਅਗਲੇ ਸਫੇ 'ਤੇ)

# ਭਾਰਟੇ ਪਿੰਡ ਦੀ ਫਿਰਨੀ ਤੋਂ ਬੋਸਟਨ ਮੈਰਾਥਨ ਤੱਕ...



ਜਗਜੀਤ ਸਿੰਘ ਗਣੇਸ਼ਪੁਰ
91-94655-76022

ਦੁਨੀਆ ਤੇ ਸ਼ਾਇਦ ਹੀ ਕੋਈ ਅਜਿਹਾ ਅਭਾਗਾ ਇਨਸਾਨ ਹੋਵੇਗਾ ਜਿਸ ਨੂੰ ਆਪਣੀ ਜਨਮ ਭੋਇ ਨਾਲ ਪਿਆਰ ਨਾ ਹੋਵੇ ਜਾਂ ਜਿਸ ਸਥਾਨ ਉੱਪਰ ਉਸ ਨੇ ਆਪਣੇ ਬਚਪਨ ਦੇ ਸੁਨਹਿਰੀ ਦਿਨਾਂ ਦਾ ਅਨੰਦ ਮਾਣਿਆਂ ਹੋਵੇ, ਉਸ ਨੂੰ, ਉਹ ਆਪਣੀਆਂ ਯਾਦਾਂ ਵਿੱਚੋਂ ਵਿਸਾਰ ਦੇਵੇ। ਮੇਰਾ ਪਿੰਡ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਫੁੱਟਬਾਲ ਦੀ ਨਰਸਰੀ ਵਜੋਂ ਜਾਣੇ ਜਾਂਦੇ 'ਮਾਹਿਲਪੁਰ' ਸ਼ਹਿਰ ਦੇ ਨਜ਼ਦੀਕ ਮਾਹਿਲਪੁਰ-ਫਗਵਾੜਾ ਸੜਕ ਤੇ ਸਥਿਤ 'ਭਾਰਟਾ ਗਣੇਸ਼ਪੁਰ' ਹੈ। ਪੰਜਾਬ ਦੇ ਕਈ ਪਿੰਡਾਂ ਵਾਂਗ 'ਭਾਰਟਾ ਗਣੇਸ਼ਪੁਰ' ਵੀ ਦੋ ਪਿੰਡਾਂ (ਭਾਰਟਾ ਅਤੇ ਗਣੇਸ਼ਪੁਰ) ਦਾ ਸਾਂਝਾ ਨਾਮ ਹੈ। ਹੋਰਨਾਂ ਵਾਂਙ ਮੈਨੂੰ ਵੀ ਆਪਣੇ ਪਿੰਡ ਨਾਲ ਅੰਤਾਂ ਦਾ ਮੋਹ ਹੈ। ਜਦੋਂ ਵੀ ਮੈਨੂੰ ਆਪਣੇ ਪਿੰਡ ਦੇ ਕਿਸੇ ਬਾਸ਼ਿੰਦੇ/ਪਰਵਾਸੀ ਦੀ ਕੋਈ ਮਾਣਮੱਤੀ ਪ੍ਰਾਪਤ ਨਜ਼ਰ ਪੈਂਦੀ ਹੈ ਤਾਂ ਮੈਂ ਕਲਮ ਚੁੱਕ ਲਿੱਖਣ ਬੈਠ ਜਾਂਦਾ ਹਾਂ, ਅੱਜ ਵੀ ਤੁਹਾਡੇ ਨਾਲ ਆਪਣੇ ਪਿੰਡ ਦੇ ਪਰਵਾਸੀ ਸ਼੍ਰੀ ਸੁਰਿੰਦਰ ਸਿੰਘ ਬੈਂਸ ਜੀ ਦੇ ਸ਼ੋਕ, ਜਜ਼ਬੇ ਅਤੇ ਮਾਣਮੱਤੀ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕਰਾਂਗਾ ਜਿਹੜੇ ਕਿ ਇੱਕ ਮੈਰਾਥਨ ਦੌੜਾਕ ਹਨ ਅਤੇ ਅੱਜਕੱਲ੍ਹ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਰਹਿੰਦੇ ਹੋਏ 'ਪੰਜਾਬ ਰਨਿੰਗ ਕਲੱਬ ਸਰੀ' ਦੇ ਮੈਂਬਰ ਵਜੋਂ ਸਰਗਰਮ ਭੂਮਿਕਾ ਨਿਭਾ ਰਹੇ ਹਨ।

ਜੇਕਰ ਆਪਣੇ ਪਿੰਡ ਦੀ ਖੇਡ ਦੇ ਖੇਤਰ ਦੇ ਤੌਰ ਤੇ ਗੱਲ ਕਰਾਂ ਤਾਂ ਮੇਰੇ ਪਿੰਡ ਨੇ ਕਈ ਪ੍ਰਸਿੱਧ ਫੁੱਟਬਾਲ ਖਿਡਾਰੀ ਪੈਦਾ ਕੀਤੇ ਹਨ। ਇਸ ਦੇ ਨਾਲ ਹੀ ਇੰਗਲੈਂਡ ਨਿਵਾਸੀ ਮਨਜੀਤ ਸਿੰਘ ਜਿਸ ਨੂੰ 'ਲੋਹ ਪੁਰਸ਼' ਵਜੋਂ ਜਾਣਿਆ ਜਾਂਦਾ ਹੈ ਅਤੇ ਜੋ ਆਪਣੇ ਹੈਰਾਨੀਜਨਕ ਕਰਤੱਵਾਂ ਕਾਰਨ ਆਪਣਾ ਨਾਮ 'ਗਿੰਨਿਜ਼ ਬੁੱਕ ਆਫ ਰਿਕਾਰਡ' ਵਿੱਚ ਦਰਜ ਕਰਵਾ ਚੁੱਕੇ ਹਨ, ਉਹ ਵੀ ਇਸ ਪਿੰਡ ਤੋਂ ਹੀ ਹਨ, ਹੋਰ ਤਾਂ ਹੋਰ ਸਰੀ ਨਿਵਾਸੀ ਜਸਵੀਰ ਸਿੰਘ ਪੰਧੇਰ ਨੇ ਆਪਣੇ ਸਾਥੀਆ ਨਾਲ ਮਿਲ ਕੇ ਲੀਕ ਤੋਂ ਹੱਟ 'ਨਿਊਟਨ ਟੈਨਿਸ ਕਲੱਬ' ਬਣਾ ਕੇ ਇਕ ਨਵੀਂ ਪਿਰਤ ਪਾਈ ਹੈ। ਅਜਿਹੀ ਹੀ ਇੱਕ ਹੋਰ ਮਾਣਮੱਤੀ ਮੇਰੇ ਪਿੰਡ ਦੀ ਸ਼ਖ਼ਸੀਅਤ ਹੈ, ਸੁਰਿੰਦਰ ਸਿੰਘ ਬੈਂਸ ਜੋ ਕਿ ਇੱਕ ਮੈਰਾਥਨ ਦੌੜਾਕ ਹਨ ਅਤੇ 'ਪੰਜਾਬ ਰਨਿੰਗ ਕਲੱਬ ਸਰੀ' ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਹਨ। ਜੇ ਸੁਰਿੰਦਰ ਸਿੰਘ ਦੇ ਬਚਪਨ ਅਤੇ ਸਕੂਲੀ ਸਿੱਖਿਆ ਦੀ ਗੱਲ ਕਰਾਂ ਤਾਂ ਉਨ੍ਹਾਂ ਦਾ ਜਨਮ 1955 ਵਿੱਚ ਹੋਇਆ ਅਤੇ ਉਹ ਪਿੰਡ ਦੀਆ ਸੱਥਾਂ, ਫਿਰਨੀਆਂ ਅਤੇ ਖਦਰਾਂ ਵਾਲੀ ਗਰਾਊਂਡ ਵਿਚ ਵਿਚਰਦੇ, ਘੁੰਮਦੇ, ਦੋੜਦੇ ਅਤੇ ਖੇਡਦੇ ਵੱਡੇ ਹੋਏ। 1971-72 ਮਾਹਿਲਪੁਰ ਸਰਕਾਰੀ ਸਕੂਲ ਵਿੱਚ ਪੜ੍ਹਦਿਆਂ ਉਨ੍ਹਾਂ ਨੇ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਵਿਚ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਉੱਪਰੰਤ 1974-75 ਵਿੱਚ ਉਹ ਖ਼ਾਲਸਾ ਕਾਲਜ ਮਾਹਿਲਪੁਰ ਦੀ ਅਥਲੈਟਿਕ ਟੀਮ ਦੇ ਮੈਂਬਰ ਵੀ ਰਹੇ। 1976 ਵਿੱਚ ਉਹ ਇੰਗਲੈਂਡ ਆ ਗਏ, ਇੱਥੇ ਮਸ਼ੀਨਨਿਸਟ ਦਾ ਕੰਮ ਕਰਨ ਦੇ ਨਾਲ-ਨਾਲ ਉਨ੍ਹਾਂ ਆਪਣਾ ਸ਼ੋਕ ਵੀ ਜਾਰੀ ਰੱਖਿਆ। ਫਿਰ 1990 ਵਿੱਚ ਉਹ ਪੁਆਇੰਟ ਸਿਸਟਮ ਦੇ ਅਧਾਰ ਤੇ ਕੈਨੇਡਾ ਦੇ ਸ਼ਹਿਰ ਸਰੀ ਵਿਖੇ ਆ ਵਸੇ। ਪਰਵਾਸ ਇੱਕ ਅਜਿਹੀ ਪੀੜ ਹੈ, ਜਿਸ ਨੂੰ ਬਹੁਗਿਣਤੀ ਪੰਜਾਬੀ ਆਪਣੇ ਅਤੇ ਆਪਣੇ ਪਰਿਵਾਰ ਦੇ ਸੁਨਹਿਰੀ ਭਵਿੱਖ ਲਈ ਬੜੀਆਂ ਤੰਗੀਆਂ-ਤੁਰਸ਼ੀਆਂ ਨਾਲ ਹੰਢਾਉਂਦੇ ਹਨ। ਜਦੋਂ ਵਿਦੇਸ਼ੀ ਧਰਤੀ ਉੱਪਰ ਆਪਣਾ ਗੁਜ਼ਾਰਾ-ਬੱਸਰ ਕਰਨ ਲਈ ਤਲਖ਼ ਹਕੀਕਤਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ, ਉਸ ਸਮੇਂ ਬਹੁਤੇ ਲੋਕ ਆਪਣੇ ਸੁਪਨੇ, ਸ਼ੋਕ ਅਤੇ ਖਵਾਹਿਸ਼ਾ ਨੂੰ ਤਿਲਾਂਜਲੀ ਦੇ ਕੇ ਕੋਹਲੂ ਦੇ ਬਲਦ ਵਾਂਗ ਦਿਨ-ਬ-ਦਿਨ ਮਕਾਨਾਂ/ਗੱਡੀਆਂ/ਬਿੱਲਾਂ ਦੀਆਂ ਕਿਸ਼ਤਾਂ ਭਰਦੇ ਹੋਏ ਜ਼ਿੰਦਗੀ ਬਿਤਾਉਣ ਦੇ ਰਾਹ ਪੈ ਜਾਂਦੇ ਹਨ। ਪਰੰਤੂ ਸੁਰਿੰਦਰ ਸਿੰਘ ਉਨ੍ਹਾਂ ਖ਼ੁਸ਼ਕਿਸਮਤ ਇਨਸਾਨਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੇ ਆਪਣੇ ਕੰਮਕਾਰ ਦੇ ਨਾਲ-ਨਾਲ ਆਪਣੇ ਸ਼ੋਕ ਵੀ ਜਿੰਦਾ ਰੱਖੇ।

ਗੱਲ 2000 ਦੀ ਹੈ, ਜਦੋਂ ਉਨ੍ਹਾਂ ਨੇ ਗੰਭੀਰ ਰੂਪ ਵਿੱਚ ਦੌੜਨ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾਇਆ ਅਤੇ ਉਹ ਆਪਣੇ ਕੁੱਝ ਸਾਥੀਆ ਨਾਲ ਮਿਲ ਕੇ ਹਰ ਸਨਿਚਰਵਾਰ ਨੂੰ 60-65 ਕਿੱਲੋਮੀਟਰ ਦੋੜ ਲਾਉਂਦੇ, ਉਹ ਜਿਸ ਵੀ ਕਿਸੇ ਇਨਸਾਨ ਵਿੱਚ ਦੌੜਨ ਦੀ ਰੁਚੀ ਵੇਖਦੇ, ਉਸ ਨਾਲ ਸੰਪਰਕ ਕਰ ਲੈਂਦੇ, ਕਿਸੇ ਨੂੰ ਪਾਰਕ ਵਿੱਚ ਤੇਜ਼ ਸੈਰ ਕਰਦੇ ਵੇਖਣਾ ਤਾਂ ਉਸ ਨਾਲ ਰਾਬਤਾ ਕਰਨਾ, ਇੰਝ ਇਹ ਕਾਰਵਾਂ ਬਣਦਾ ਗਿਆ ਅਤੇ ਉਨ੍ਹਾਂ ਨੇ ਆਪਣੇ ਸਾਥੀਆ ਨਾਲ ਮਿਲ ਕੇ 2017 ਵਿੱਚ 'ਪੰਜਾਬ ਰਨਿੰਗ ਕਲੱਬ ਸਰੀ' ਦਾ ਗਠਨ ਕੀਤਾ।

ਅੱਜ ਉਹ 'ਪੰਜਾਬ ਰਨਿੰਗ ਕਲੱਬ ਸਰੀ' ਵਿੱਚ ਕਹਿ ਸਕਦੇ ਹਾਂ ਕਿ ਕਈ ਨਵੇਂ ਮੈਂਬਰਾਂ ਨੂੰ ਦੌੜਨ ਦੇ ਹੁਨਰ ਸਿਖਾਂ ਚੁੱਕੇ ਹਨ। ਇਸ ਕਲੱਬ ਵਿੱਚ ਵੱਖ-ਵੱਖ ਵਰਗ, ਉਮਰ ਅਤੇ ਪੇਸ਼ੇ ਦੇ ਮੈਂਬਰ ਸ਼ਾਮਿਲ ਹਨ।ਕਲੱਬ ਮੈਂਬਰਾਂ ਦਾ ਇਹੀ ਪ੍ਰਣ ਹੈ ਕਿ ਅਸੀਂ ਆਪਣੀ ਆਉਣ ਵਾਲੀ ਪੀੜੀ ਨੂੰ ਕੁਰਾਹੇ ਪੈਣ ਤੋਂ ਬਚਾ ਕੇ ਇੱਕ ਨਰੋਈ ਸੇਧ ਦੇਈਏ।

ਸੁਰਿੰਦਰ ਜੀ ਦੁਆਰਾ ਮੈਰਾਥਨ ਦੌੜਨ ਦੀ ਸ਼ੁਰੂਆਤ ਸੰਨ 2002 'ਵੈਨਕੂਵਰ ਫੁੱਲ ਮੈਰਾਥਨ'(42.2 ਕਿੱਲੋਮੀਟਰ) ਤੋ ਹੋਈ।ਉਹ 'ਵਿਕਟੋਰੀਆ ਮੈਰਾਥਨ', 'ਸਕੈਗਿਟ ਮੈਰਾਥਨ', ਅਮਰੀਕਾ, 'ਬੋਸਟਨ ਮੈਰਾਥਨ', ਅਮਰੀਕਾ ਆਦਿ ਵਿੱਚ ਦੋੜ ਚੁੱਕੇ ਹਨ। ਉਨ੍ਹਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਨੂੰ ਜੋ ਖ਼ੁਸ਼ੀ 'ਬੋਸਟਨ ਮੈਰਾਥਨ' 2005 ਵਿੱਚ ਦੋੜ ਕੇ ਮਿਲੀ, ਉਹ ਇੱਕ ਅਲੱਗ ਹੀ ਸੁਖਦ ਅਹਿਸਾਸ ਸੀ ਕਿਉਂਕਿ 'ਬੋਸਟਨ ਮੈਰਾਥਨ' ਵਿੱਚ ਹਿੱਸਾ ਲੈਣ ਲਈ ਨਿਯਮ ਅਧਾਰਿਤ ਹਨ, ਜਿਨ੍ਹਾਂ ਦੀ ਪੂਰਤੀ ਕਰਨ ਤੋਂ ਬਾਅਦ ਹੀ ਤੁਸੀਂ ਇਸ ਸੰਸਾਰ ਪ੍ਰਸਿੱਧ ਫੁੱਲ ਮੈਰਾਥਨ ਵਿੱਚ ਦੋੜ ਸਕਦੇ ਹੋ।ਇਹ ਉਨ੍ਹਾਂ ਦੇ ਜੀਵਨ ਦਾ ਕੀਮਤੀ ਤੋਹਫ਼ਾ ਸੀ।

'ਬੋਸਟਨ' ਅਮਰੀਕਾ ਦੇ ਮੈਸੇਚਿਉਸਟੇਸ ਰਾਜ ਦੀ ਰਾਜਧਾਨੀ ਹੈ ਅਤੇ ਇੱਥੇ ਹਰ ਸਾਲ ਅਪ੍ਰੈਲ ਦੇ ਤੀਜੇ ਸੋਮਵਾਰ ਨੂੰ ਵਿਸ਼ਵ ਦੀ ਸਭ ਤੋਂ ਪ੍ਰਸਿਧ ਮੈਰਾਥਨ ਦਾ ਆਯੋਜਨ ਕੀਤਾ ਜਾਂਦਾ ਹੈ। 'ਪਟਿਆਲਾ ਫੁੱਲ ਮੈਰਾਥਨ', ਪੰਜਾਬ ਅਕਤੂਬਰ 2016 ਤੋਂ ਬਾਅਦ ਉਹ ਹੁਣ ਫੁੱਲ ਮੈਰਾਥਨ ਨਹੀਂ ਦੋੜ ਰਹੇ ਪਰ ਘੱਟ ਦੂਰੀ ਵਾਲੀਆ ਜਿਵੇਂ 'ਵੈਨਕੂਵਰ ਸਨ ਰਨ' ਆਦਿ ਮੈਰਾਥਨ ਵਿੱਚ ਹਿੱਸਾ ਲੈ ਰਹੇ ਹਨ।

ਇੱਕ ਡੈਨਿਸ਼ ਕਹਾਵਤ ਵੀ ਹੈ ਕਿ 'ਉਮਰ ਨਾਲ ਸਿਰਫ਼ ਚਿਹਰੇ 'ਤੇ ਹੀ ਝੁਰੜੀਆਂ ਪੈਂਦੀਆਂ ਹਨ ਪਰ ਉਤਸ਼ਾਹ ਮੁੱਕ ਜਾਵੇ ਤਾਂ ਰੂਹ ਉੱਪਰ ਵੀ ਝੁਰੜੀਆਂ ਪੈ ਜਾਂਦੀਆਂ ਹਨ'। ਇਸ ਹੀ ਸੰਦਰਭ ਵਿੱਚ ਜੇਕਰ ਗੱਲ ਕਰੀਏ ਤਾਂ ਇਹ ਇੱਕ ਸਚਾਈ ਹੈ ਕਿ ਉਮਰ ਦੇ ਇਸ ਪੜਾਅ ਤੇ ਪੁੱਜ ਕੇ ਬਹੁਤੇ ਇਨਸਾਨ ਨਿਰ-ਉਤਸ਼ਾਹਿਤ ਹੋ ਜਾਂਦੇ ਹਨ ਲੇਕਿਨ ਸੁਰਿੰਦਰ ਸਿੰਘ ਪੂਰੇ ਉਤਸ਼ਾਹ ਨਾਲ ਭਰਪੂਰ ਹਨ। ਉਹ 'ਪੀਸੀਬੀ ਪੋਰਪਰਾਟੀਜ਼ ਲਿਮਟਿਡ ਸਰੀ' ਵਿੱਚ ਆਪਣੀਆ ਸੇਵਾਵਾਂ ਨਿਭਾਉਂਦੇ ਹੋਏ ਜ਼ਿੰਦਗੀ ਦੇ ਪੈਂਡੇ ਬੜੇ ਹੀ ਜ਼ਿੰਦਾ-ਦਿਲੀ ਨਾਲ ਤੈਅ ਕਰ ਰਹੇ ਹਨ। 'ਟਰਬਨੇਡ ਟੋਰਾਡੋ' ਵਜੋਂ ਪ੍ਰਸਿੱਧੀ ਹਾਸਲ ਕਰਨ ਵਾਲੇ ਫੌਜ਼ਾ ਸਿੰਘ ਤੋਂ ਉਹ ਬੇਹੱਦ ਪ੍ਰਭਾਵਿਤ ਹਨ ਅਤੇ ਜ਼ਿੰਦਗੀ ਨੂੰ ਇੱਕ ਸੁਹਾਵਣੇ ਸਫ਼ਰ ਵਾਗ ਜਿਊਣ ਵਿੱਚ ਵਿਸ਼ਵਾਸ ਰੱਖਦੇ ਹਨ।

ਸੁਰਿੰਦਰ ਸਿੰਘ, ਜਦੋਂ ਵੀ ਕਿਤੇ ਪੰਜਾਬ ਫੇਰੀ ਪਾਉਂਦੇ ਤਾਂ ਜ਼ਿਆਦਾਤਰ ਪਿੰਡ ਵਿੱਚ ਹੀ ਰਹਿਣਾ ਪਸੰਦ ਕਰਦੇ ਹਨ। ਉਨ੍ਹਾਂ ਨੇ ਇਕ ਹੋਰ ਦਿਲਚਸਪ ਜਾਣਕਾਰੀ ਸਾਂਝੀ ਕੀਤੀ ਕਿ ਉਹ ਅਕਸਰ ਬਹਿਰਾਮ ਜੋ ਕਿ ਸਾਡੇ ਪਿੰਡ ਤੋਂ ਤਕਰੀਬਨ 20-22 ਕਿੱਲੋਮੀਟਰ ਹੈ, ਨੂੰ ਪਿੰਡ ਤੋਂ ਦੋੜ ਕੇ ਜਾਂਦੇ ਤੇ ਵਾਪਸ ਬਸ ਵਿੱਚ ਬੈਠ ਕੇ ਘਰ ਆ ਜਾਂਦੇ, ਇਕ ਵਾਰ ਤਾਂ ਉਹ ਆਪਣੇ ਸਹੁਰੇ ਪਿੰਡ ਰਿਹਾਣਾ ਜੱਟਾ ਨੂੰ ਵੀ ਦੋੜ ਕੇ ਗਏ (ਤਕਰੀਬਨ 44 ਕਿੱਲੋਮੀਟਰ)।

ਅਜਿਹੇ ਕਈ ਹੋਰ ਵੀ ਕਿੱਸੇ- ਕਹਾਣੀਆਂ ਉਨ੍ਹਾਂ ਕੋਲ ਆਪਣੇ ਪਿੰਡ ਨਾਲ ਸਬੰਧਿਤ ਜਾਂ ਮੈਰਾਥਨ ਦੋੜ ਨਾਲ ਸਬੰਧਿਤ ਹਨ। ਆਪਣੇ ਆਲੇ-ਦੁਆਲੇ ਦੇਸ਼-ਦੁਨੀਆ ਦੀਆ ਘਟਨਾਵਾਂ ਖ਼ਾਸਕਰ ਪੰਜਾਬ ਉੱਪਰ ਆਪਣੇ ਦੋਸਤਾ-ਮਿੱਤਰਾਂ ਨਾਲ ਚਰਚਾ ਕਰਨੀ ਉਨ੍ਹਾਂ ਨੂੰ ਬੇਹੱਦ ਪਸੰਦ ਹੈ। ਉਨ੍ਹਾਂ ਦੀ ਇੱਛਾ ਹੈ ਕਿ ਸਾਡਾ ਪਿੰਡ ਖੇਡਾਂ ਵਿੱਚ ਹੋਰ ਨਾਮਣਾ ਖੱਟੇ। ਵਰਤਮਾਨ ਸਮੇਂ 65 ਸਾਲ ਨੂੰ ਢੁੱਕ ਚੁੱਕੇ ਸੁਰਿੰਦਰ ਜੀ ਅੱਜ ਵੀ ਨੌਜਵਾਨਾਂ ਵਾਂਗ ਹੌਸਲਾ ਅਤੇ ਹਿੰਮਤ ਨਾਲ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ 'ਪੰਜਾਬ ਰਨਿੰਗ ਕਲੱਬ' ਵਿੱਚ ਸਹਿਯੋਗ ਦੇ ਰਹੇ ਹਨ।

ਸਾਨੂੰ ਸਾਰਿਆਂ ਨੂੰ ਆਪਣੇ ਇਨ੍ਹਾਂ ਪਰਵਾਸੀ ਪਿੰਡ ਵਾਸੀਆਂ ਉੱਪਰ ਹਮੇਸ਼ਾ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਜਿਹੜੇ ਸੱਤ ਸਮੁੰਦਰੋਂ ਪਾਰ ਬੈਠੇ ਵੀ ਆਪਣੇ ਪਿੰਡ ਦੀ ਅਤੇ ਪੰਜਾਬ ਦੀ ਸਦਾ ਚੜ੍ਹਦੀ ਕਲਾਂ ਲਈ ਦੁਆਵਾਂ ਮੰਗਦੇ ਰਹਿੰਦੇ ਹਨ। ਸਾਡੇ ਹਰ ਸੁੱਖ-ਦੁੱਖ ਨੂੰ ਆਪਣਾ ਸੁੱਖ-ਦੁੱਖ ਜਾਣ ਕੇ ਸਦਾ ਫ਼ਿਕਰਮੰਦ ਰਹਿੰਦੇ ਹਨ।

ਉਮੀਦ ਕੀਤੀ ਜਾ ਸਕਦੀ ਹੈ ਕਿ ਇਨ੍ਹਾਂ ਪਰਵਾਸੀ ਪੰਜਾਬੀਆ ਤੋਂ ਖ਼ਾਸਕਰ ਸੁਰਿੰਦਰ ਸਿੰਘ ਤੋਂ ਸਾਡੀ ਆਉਣ ਵਾਲੀ ਪੀੜੀ ਇੱਕ ਸਕਾਰਾਤਮਿਕ ਸੇਧ ਲੈ ਕੇ ਆਪਣੇ ਜੀਵਨ ਪੈਂਡੇ ਵਿੱਚ ਜ਼ਰੂਰ ਅਜਿਹਾ ਕੁੱਝ ਸਾਰਥਿਕ ਕਰੇਗੀ ਜਿਸ ਉਪਰ ਸਾਨੂੰ ਸਾਰਿਆਂ ਨੂੰ ਮਾਣ ਹੋਵੇਗਾ....ਆਮੀਨ !

*****













# ਬਹੁਜਨ ਸਮਾਜ ਦੇ ਮੁਲਾਜ਼ਮਾਂ ਦੇ ਨਾਂ ਇਕ ਦਰਦ ਭਰੀ ਅਪੀਲ

(ਸਫਾ 18 ਦੀ ਬਾਕੀ)

ਕੇ ਪੜ੍ਹਾਉਣ ਵਾਲਾ ਪਿਓ,ਗੋਹਾ ਕੂੜਾ ਤੇ ਲੋਕਾਂ ਦੀਆਂ ਵਗਾਰਾਂ ਕਰਦੀ ਮਾਂ ਤੇ ਘਾਹ ਖੋਤ ਕੇ ਪੜ੍ਹਾਈ 'ਚ ਮਦਦ ਕਰਨ ਵਾਲੀ ਭੈਣ ਸਾਨੂੰ ਉਂਝ ਹੀ ਵਿਸਰ ਗਏ ਬਲਕਿ ਉਹਨਾਂ ਨਾਲ ਨਫਰਤ ਜਿਹੀ ਹੋਣ ਲੱਗ ਪਈ । ਜਿਨ੍ਹਾਂ ਜੁਲੀਆਂ 'ਚ ਬੈਠ ਕੇ ਪੜ੍ਹੇ ਸਾਂ ਉਹਨਾਂ ਤੋਂ ਬੋਅ ਆਉਣ ਲੱਗ ਪਈ । ਬਾਬਾ ਸਾਹਿਬ ਦੇ ਦਿੱਤੇ ਦਿਵਾਏ ਅਧਿਕਾਰਾਂ ਦਾ ਸਹਾਰਾ ਲੈ ਕੇ ਪੜ੍ਹ ਇਹ ਸੂਝਵਾਨ ਲੋਕ ਵੱਡੇ ਛੋਟੇ ਅਹੁਦਿਆਂ, ਰੁਤਬਿਆਂ ਦੀ ਖੁਮਾਰੀ ਵਿਚ ਆਪਣੀ ਔਕਾਤ ਭੁੱਲ ਬੈਠੇ, ਹੋਂਦ ਗੁਆ ਬੈਠੇ।

ਸਾਡਾ ਕਹਿਣ ਦਾ ਭਾਵ ਇਹ ਹਰਗਿਜ਼ ਨਹੀਂ ਕਿ ਸਾਨੂੰ ਆਪਣਾ ਜੀਵਨ ਸਤਰ ਉੱਚਾ ਨਹੀਂ ਕਰਨਾ ਚਾਹੀਦਾ । ਲੜਾਈ ਤਾਂ ਜੀਵਨ ਸਤਰ ਉਚਿਆ ਕੇ ਅਣਖ ਤੇ ਸਵੈਮਾਣ ਨਾਲ ਜ਼ਿੰਦਗੀ ਜਿਊਣ ਦੀ ਹੀ ਲੜਨੀ ਹੈ।ਪਰ ਆਪਣੇ ਪਿੱਛੇ ਰਹਿ ਗਏ ਸਮਾਜ ਨੂੰ ਨਾਲ ਲੈਕੇ ਚੱਲਣਾ ਵੀ ਸਾਡਾ ਫਰਜ਼ ਹੈ। ਮਾਲਕ ਦੇ ਜੂਠੇ ਬਰਤਣ ਚੱਟ ਕੇ ਸਾਡਾ ਮਾਣ ਸਨਮਾਨ ਸਿਰਫ ਚਿੱਟੇ ਕਾਲਰਾਂ ਵਾਲੇ ਕੱਪੜਿਆਂ ਤੇ ਉੱਚੇ ਅਹੁਦਿਆਂ ਵਿਚ ਹੀ ਨਹੀਂ ਸਗੋਂ ਭਾਈਚਾਰੇ ਵਿਚ ਹੈ ਤੇ ਭਾਈਚਾਰਾ ਬਣਾਉਣ ਲਈ ਅਸੀਂ ਕਦੀ ਉਦਮ ਹੀ ਨਹੀਂ ਕੀਤਾ । ਸਗੋਂ ਉਸ ਭਾਈਚਾਰੇ ਨੂੰ ਤਾਂ ਅਸੀਂ ਨਫ਼ਰਤ ਦੀਂ ਨਜ਼ਰ ਨਾਲ ਹੀ ਵੇਖਿਆ ਹੈ। ਉਸ ਨਾਲੋਂ ਕੱਟੇ ਰਹੇ ਹਾਂ ਤੇ ਆਪਣੇ ਆਪ ਨੂੰ ਛੁਪਾ ਕੇ ਰੱਖਣ ਵਿਚ ਹੀ ਗਨੀਮਤ ਸਮਝੀ ਹੈ।

ਅਖੌਤੀ ਉਚ ਜਾਤੀਆਂ 'ਚ ਵਿਚਰ ਕੇ ਉਹਨਾਂ ਦੀ ਹਾਂ 'ਚ ਹਾਂ ਮਿਲਾ ਕੇ ਉਹਨਾਂ ਦੀ ਰੀਸੋ ਰੀਸ ਅਸੀ ਵੀ ਵਰਮਾ, ਸ਼ਰਮਾ, ਚੋਪੜਾ, ਗਿੱਲ,ਸੰਧੂ ਬਣ ਕੇ ਆਪਣਾ ਆਪ ਛੁਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਕੀ ਆਪਣੀ ਹੋਂਦ ਗੁਆ ਕੇ ਇਜਤ ਤੇ ਖੁਸ਼ੀ ਹਾਸਲ ਹੋ ਸਕਦੀ ਹੈ?ਕੀ ਅਜਿਹੇ ਗਿਲਾਫਾਂ ਵਿਚ ਅਸੀਂ ਆਪਣਾ ਆਪਾ, ਆਪਣਾ ਪਿਛੋਕੜ ਛੁਪਾ ਸਕੇ ਹਾਂ? ਜੇ ਨਹੀਂ ਤਾਂ ਫਿਰ ਅਜਿਹੀ ਸੋਚ ਅਜਿਹੀ ਹੀਣ ਭਾਵਨਾ ਪੈਦਾ ਹੀ ਕਿਉਂ ਹੋਵੇ?

ਇਉਂ ਕਰਕੇ ਤਾਂ ਸਗੋਂ ਹਰ ਵਕਤ ਇਹ ਭੈਅ ਬਣਿਆਂ ਰਹਿੰਦਾ ਹੈ ਕਿ ਕਿਤੇ ਦੂਜਿਆਂ ਸਾਹਮਣੇ ਸਾਡੀ ਅਸਲੀਅਤ ਨੰਗੀ ਨਾ ਹੋ ਜਾਵੇ। ਸਾਡੇ 'ਚ ਹੀਣਤਾ ਭਾਵ ਕਿਉਂ ? ਕੁਦਰਤ ਨੇ ਸੱਭ ਮਨੁੱਖ ਬਰਾਬਰ ਪੈਦਾ ਕੀਤੇ ਹਨ।ਊਚ ਨੀਚ ਕਿਸੇ ਰੱਬ ਦੀ ਦੇਣ ਨਹੀਂ ਸਗੋਂ ਸ਼ੈਤਾਨ (ਬਰਾਹਮਣ) ਦੀ ਚਲਾਕ ਸੋਚ ਸਦਕਾ ਹੈ। ਜਾਤ ਪਾਤ ਬਕਵਾਸ ਹੈ। ਜਾਤ ਅਭਿਮਾਨੀ ਮੂਰਖ ਹੈ, ਗਵਾਰ ਹੈ।ਵਰਣ ਵੰਡ ਕੁੱਝ ਚਲਾਕ ਤੇ ਮੁੱਠੀ ਭਰ ਲੋਕਾਂ ਦੀ ਪੈਦਾ ਕੀਤੀ ਹੋਈ ਵਿਵਸਥਾ ਹੈ। ਅਸਲੀਅਤ ਤੋਂ ਅਣਜਾਣ ਹੋਣ ਕਰਕੇ ਸਾਨੂੰ ਤਾਂ ਜਾਤ ਦੇ ਨਾਂ ਤੇ ਐਵੇਂ ਹੀ ਮੁੜ੍ਹਕਾ ਆ ਜਾਂਦਾ ਹੈ। ਕੀ ਮਿਹਨਤ ਮੁਸ਼ੱਕਤ ਤੇ ਹੱਡ ਭੰਨਵੀਂ ਕਮਾਈ ਕਰਨ ਵਾਲੇ ਲੋਕ ਕੰਮੀ ਕਮੀਣ ਹੁੰਦੇ ਹਨ?

ਨਹੀਂ! ਨਹੀਂ!! ਸਾਥੀਓ ਹਰਗਿਜ਼ ਨਹੀਂ ।ਆਪਣਾ ਆਪਾ ਪਛਾਣੋ। ਪਿਛੋਕੜ ਪੜਚੋਲ ਕੇ ਆਪਣਾ ਇਤਿਹਾਸ ਵਾਚੋ। ਸਦੀਆਂ ਪਹਿਲਾਂ ਸਾਡੇ ਬਜ਼ੁਰਗ ਇਸ ਦੇਸ਼ ਦੇ ਮਾਲਕ ਸਨ। ਸਿੰਧ ਘਾਟੀ ਵਰਗੀ ਮਹਾਨ ਸੱਭਿਅਤਾ ਦੇ ਮਾਲਕ ਸਨ। ਜੋ ਸਮੇਂ ਦੇ ਵਹਿਣ 'ਚ ਵਹਿ ਕੇ ਚੱਲੀਏ ਤੇ ਕਪਟੀ ਆਰੀਅਨਾਂ ਦੇ ਗੁਲਾਮ ਬਣ ਗਏ । ਜਦੋਂ ਕੋਈ ਕੌਮ ਗੁਲਾਮ ਬਣ ਜਾਏ ਤਾਂ ਉਸ ਨਾਲ ਮਨ ਮਰਜ਼ੀ ਦਾ ਸਲੂਕ ਕੀਤਾ ਜਾ ਸਕਦਾ ਹੈ । ਜ਼ਲੀਲ ਕਰਨ ਲਈ ਔਖੇ ਤੇ ਗੰਦੇ ਕਿੱਤੇ ਕਰਨ ਵਾਸਤੇ ਫਤਵੇ ਠੋਸੇ ਜਾ ਸਕਦੇ ਹਨ। ਰਾਜਸੀ ਤਾਕਤ ਨਾਲ ਕਿਸੇ ਨੂੰ ਵੀ ਨੀਚ, ਨਖਿੱਧ, ਜਾਤ -ਕੁਜਾਤ, ਅਛੂਤ -ਸਛੂਤ ਬਣਾਇਆ ਜਾ ਸਕਦਾ ਹੈ। ਸਦੀਆਂ ਤੋਂ ਬਰਾਹਮਣਵਾਦੀਆਂ ਨੇ ਵੀ ਸਾਡੇ ਨਾਲ ਅਜਿਹਾ ਦੁਰਵਿਵਹਾਰ ਕੀਤਾ । ਅੱਜ ਅਸੀਂ ਪੜ੍ਹ ਲਿਖ ਕੇ ਸਾਰਾ ਕੁੱਝ ਜਾਨਣ ਦੇ, ਸਮਝਣ ਦੇ ਸਮਰੱਥ ਹੋ ਰਹੇ ਹਾਂ ।ਇਤਿਹਾਸ ਸਾਡਾ ਰਾਹ ਦਸੇਰਾ ਹੈ। ਬਜ਼ੁਰਗਾਂ ਦਾ ਸੰਘਰਸ਼ ਸਾਡਾ ਮਾਰਗ ਦਰਸ਼ਕ ਹੈ।ਸੋਚੋ! ਸੰਭਲੋ!! ਹੋਸ਼ ਕਰੋ!!! ਸਾਥੀਓ,

ਤਾਂਕਿ ਬਹੁਜਨ ਸਮਾਜ ਦਾ ਮਾਣ ਸਨਮਾਨ ਬਹਾਲ ਹੋ ਸਕੇ।ਜੇ ਸਾਡੇ ਪੜ੍ਹੇ ਲਿਖੇ ਲੋਕ ਛੁਪੇ ਰਹੇ ਤਾਂ ਦੂਸਰੇ ਨਿਮਾਣੇ, ਨਿਤਾਣੇ ਸਮਾਜ ਦੀ ਬਾਂਹ ਕੌਣ ਫੜੇਗਾ? ਮਨੂਵਾਦੀ ਲੋਕ?

ਦੋਸਤੋ ਜੇ ਅਸੀਂ ਰਿਜਰਵੇਸ਼ਨ ਦੇ ਨਾਂ ਤੇ ਪੜ੍ਹੇ ਹਾਂ ਵਜ਼ੀਫੇ ਲਏ ਹਨ ਨੌਕਰੀਆਂ ਹਾਸਲ ਕੀਤੀਆਂ ਹਨ ਜਾਂ ਹੋਰ ਸਹੂਲਤਾਂ ਪ੍ਰਾਪਤ ਕਰਨ ਲਈ ਲਿਲਕੜੀਆਂ ਕੱਢਣ ਤੋਂ ਨਹੀ ਝਿਜਕਦੇ ਦਿਨੇ ਰਾਤ ਲਾ਼ਲਾਂ ਸੁੱਟਦੇ ਹਾਂ ਤਾਂ ਸਾਨੂੰ ਅੰਬੇਡਕਰ ਮਿਸ਼ਨ ਤੋਂ ਪਿੱਠ ਨਹੀ ਮਰੋੜਨੀ ਚਾਹੀਦੀ। ਅਜਿਹਾ ਕਰਨ ਨਾਲ ਦਲਿਤ ਸੋਸ਼ਤ ਸਮਾਜ ਦਾ ਵਿਕਾਸ ਰੁਕਦਾ ਹੈ। ਬੱਬਰ ਸ਼ੇਰ ਡਾਕਟਰ ਅੰਬੇਡਕਰ ਦਾ ਮਾਰਿਆ ਸ਼ਿਕਾਰ (ਰਿਜਰਵੇਸ਼ਨ) ਖਾ ਖਾ ਕੇ ਅਸੀਂ ਸੁਆਰਥਪੁਣੇ ਦੀ ਗੰਦੀ ਮਿਸਾਲ ਪੈਦਾ ਨਾ ਕਰੀਏ। ਪੇਟ ਪ੍ਰਸਤ ਨਾ ਬਣੀਏ ।ਪਸ਼ੂ ਵੀ ਤਾਂ ਕੇਵਲ ਪੇਟ ਪ੍ਰਸਤ ਹੁੰਦਾ ਹੈ। ਪਿਛਲੱਗੂਪੁਣਾ ਛੱਡ ਕੇ ਬਹਾਦਰ ਬਣੋ। ਦਲਿਤ ਸੋਸ਼ਤ ਸਮਾਜ ਦੇ ਮੁਕਤੀ (ਆਜ਼ਾਦੀ) ਸੰਘਰਸ਼ 'ਚ ਯੋਗਦਾਨ ਪਾਉ।ਜਾਤਪਾਤ, ਕਰਮਕਾਂਡ, ਛੂਤਛਾਤ ਤੇ ਵੰਡ ਵਿਤਕਰਿਆਂ ਨੂੰ ਵਗਾਹ ਮਾਰਨ ਲਈ ਤੱਤਪਰ ਰਹੋ, ਲਾਮ ਬੰਦ ਹੋਵੋ। ਮਨੂਵਾਦੀ ਸੋਚ ਤੋਂ ਛੁਟਕਾਰਾ ਪਾਉਣ ਲਈ ਬਹਾਦਰ ਬਣੋ।

ਬਾਬਾ ਸਾਹਿਬ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਬਹੁਜਨ ਸਮਾਜ ਦੇ ਸੰਘਰਸ਼ ਲਈ ਸੰਗਠਿਤ ਹੋਵੋ। ਦੱਬੇ ਕੁਚਲੇ ਸਮਾਜ ਦੀ ਸੇਵਾ ਹੀ ਸੱਚਾ ਧਰਮ ਹੈ, ਸੂਰਬੀਰਤਾ ਹੈ। ਜੇ ਅਸੀ ਬਾਬਾ ਸਾਹਿਬ ਦੇ ਲਾਏ ਦਰੱਖਤ (ਰਿਜਰਵੇਸ਼ਨ) ਦਾ ਫ਼ਲ (ਨੌਕਰੀਆਂK ਵਜੀਰੀਆਂ) ਚੱਖ ਰਹੇ ਹਾਂ ਤਾਂ ਉਸ ਦਲਿਤ ਸਮਾਜ ਨੂੰ ਸਹਾਰਾ ਦੇਣਾ ਵੀ ਸਾਡਾ ਫਰਜ ਹੈ। ਜਿਸਦੇ ਨਾਂ ਤੇ ਸਾਨੂੰ ਇਹ ਹੱਕ ਹਾਸਲ ਹੋਇਆ ਹੈ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਫਿਰ ਅਸੀਂ ਅਹਿਸਾਨ ਫਰਾਮੋਸ਼, ਅਕ੍ਰਿਤਘਣ, ਸੁਆਰਥੀ, ਨਿਰਦਈ, ਪੇਟ ਪ੍ਰਸਤ ਹਾਂ ਤੇ ਧਰਤੀ ਤੇ ਵਾਧੂ ਭਾਰ ਹਾਂ। ਇਤਿਹਾਸ ਸਾਨੂੰ ਕਦੇ ਮਾਫ ਨਹੀਂ ਕਰੇਗਾ।

ਆਉਣ ਵਾਲੀਆਂ ਨਸਲਾਂ ਸਾਨੂੰ ਹਮੇਸ਼ਾ ਲਾਹਣਤਾਂ ਪਾਉਂਦੀਆਂ ਰਹਿਣਗੀਆਂ ।

# ਗੱਲ ਅਖੰਡ ਪਾਠ ਅਤੇ ਸਿਰੋਪਾਉ ਦੀ ਮਰਿਆਦਾ ਦੀ?



ਜਸਵੰਤ ਸਿੰਘ 'ਅਜੀਤ'
91 9 827-19890

ਬੀਤੇ ਲੰਬੇ ਸਮੇਂ ਦੌਰਾਨ ਰਾਜਸੀ ਸਿੱਖ ਆਗੂ ਵਲੋਂ, ਕੋਈ ਵੀ ਤਿਉਹਾਰ ਹੋਵੇ ਗਡੀਆਂ ਵਿੱਚ ਕਿਰਪਾਨਾਂ (ਤਲਵਾਰਾਂ ਕਹਿਣਾ ਜ਼ਿਆਦਾ ਮੁਨਾਸਬ ਹੋਵੇਗਾ) ਅਤੇ ਗੁਰੂ ਸਾਹਿਬਾਂ ਦੇ ਚਿਤਰਾਂ ਨਾਲ 'ਸਿਰਪਾਉਆਂ' ਦੇ ਬੰਡਲ ਚੁਕ, ਘਰ-ਘਰ ਵੰਡਣ ਤੁਰ ਪੈਣ, ਸਮੇਂ-ਸਮੇਂ ਇਤਿਹਾਸਕ ਗੁਰਦੁਆਰਿਆਂ ਤੋਂ ਲੈ ਕੇ ਆਮ ਸਿੰਘ ਸਭਾਵਾਂ ਦੇ ਗੁਰਦੁਆਰਾ ਸਾਹਿਬਾਨ ਵਿਖੇ ਸਮੇਂ-ਸਮੇਂ ਹੋਣ ਵਾਲੇ ਛੋਟੇ-ਵੱਡੇ ਸਮਾਗਮਾਂ ਦੌਰਾਨ ਆਏ ਮਹਿਮਾਨਾਂ ਨੂੰ ਕਿਰਪਾਨ ਸਹਿਤ ਸਿਰੋਪਾਉ ਦਿੱਤੇ ਜਾਣ ਚਲਦੀ ਆ ਰਹੀ ਕਥਤ ਪਰੰਪਰਾ ਅਤੇ ਵੱਡੇ-ਛੋਟੇ ਇਤਿਹਾਸਕ ਅਤੇ ਗੈਰ-ਇਤਿਹਾਸਕ ਗੁਰਦੁਆਰਿਆਂ ਵਿੱਚ ਲਗਾਤਾਰ ਚਲ ਰਹੀਆਂ ਅਖੰਡ ਪਾਠਾਂ ਦੀਆਂ ਲੜੀਆਂ ਆਦਿ ਦੀਆਂ ਪਰੰਪਰਾਵਾਂ ਦੇ ਸੰਬੰਧ ਵਿੱਚ ਪੜ੍ਹ-ਸੁਣ ਅਤੇ ਵੇਖ ਕੇ, ਦਿਲ ਵਿੱਚ ਬਾਰ-ਬਾਰ ਸੁਆਲ ਉਠਦਾ ਰਹਿੰਦਾ ਹੈ ਕਿ ਆਖਿਰ ਗੁਰਦੁਆਰਿਆਂ ਵਿੱਚ ਅਤੇ ਘਰ-ਘਰ ਜਾ ਸਿਰੋਪਾ ਆਦਿ ਵੰਡਣ ਅਤੇ ਅਖੰਡ ਪਾਠਾਂ ਦੀਆਂ ਲਗਾਤਾਰ ਲੜੀਆਂ ਜਾਰੀ ਰਖਣ ਦੀ ਪਿਰਤ ਕਦੋਂ ਤੋਂ ਅਰੰਭ ਹੋਈ? ਇਸ ਸੁਆਲ ਦਾ ਜਵਾਬ ਤਲਾਸ਼ਣ ਲਈ ਕਈ ਇਤਿਹਾਸਕ ਤੇ ਧਾਰਮਕ ਪੁਸਤਕਾਂ ਦੀ ਘੋਖ ਕੀਤੀ ਗਈ, ਪਰ ਇਸ ਸੁਆਲ ਦਾ ਜਵਾਬ ਨਾ ਤਾਂ ਕਿਸੇ ਇਤਿਹਾਸਕ ਪੁਸਤਕ ਵਿਚੋਂ ਮਿਲ ਸਕਿਆ ਅਤੇ ਨਾ ਹੀ ਕਿਸੇ ਧਾਰਮਕ ਪੁਸਤਕ ਵਿਚੋਂ।

**ਅਖੰਡ ਪਾਠ ਦੀ ਪਰੰਪਰਾ:** ਕਿਸੇ ਸਮੇਂ ਕੁਝ ਵਿਦਵਾਨਾਂ ਨੇ ਦਸਿਆ ਕਿ ਅਖੰਡ ਪਾਠ ਦੀ ਮਰਿਆਦਾ ਸ਼ਾਇਦ ਉਸ ਸਮੇਂ ਸ਼ੁਰੂ ਹੋਈ, ਜਦੋਂ ਸਿੱਖ ਆਪਣੀ ਹੋਂਦ ਕਾਇਮ ਰਖਣ, ਮਜ਼ਲੂਮਾਂ ਦੀ ਰਖਿਆ ਤੇ ਗਰੀਬਾਂ ਦੀ ਮਦਦ ਲਈ ਜੂਝਦੇ ਜੰਗਲਾਂ-ਬੇਲਿਆਂ ਵਿੱਚ ਵਿਚਰਣ ਤੇ ਮਜਬੂਰ ਹੋ ਰਹੇ ਸਨ। ਉਸ ਸਮੇਂ ਦੁਸ਼ਮਣ ਦਾ ਹਮਲਾ ਕਿਸ ਸਮੇਂ ਹੋ ਜਾਏ ਤੇ ਉਨ੍ਹਾਂ ਨੂੰ ਕਦੋਂ ਆਪਣੇ ਆਦਰਸ਼ ਦੀ ਪੂਰਤੀ ਲਈ ਉਨ੍ਹਾਂ ਨੂੰ ਦੁਸ਼ਮਣ ਤੇ ਹੱਲਾ ਬੋਲਣਾ ਪੈ ਜਾਏ, ਇਸ ਸੋਚ ਨੂੰ ਮੁੱਖ ਰਖਦਿਆਂ ਉਨ੍ਹਾਂ ਆਪੋ ਵਿੱਚ ਮਿਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਅਖੰਡ ਪਾਠ' ਕਰਨਾ ਅਰੰਭ ਕਰ ਦਿੱਤਾ ਹੋਵੇਗਾ ਤਾਂ ਜੋ ਹਮਲਾ ਹੋਣ ਤੋਂ ਪਹਿਲਾਂ-ਪਹਿਲਾਂ ਪਾਠ ਦੀ ਸੰਪੂਰਨਤਾ ਹੋ ਜਾਇਆ ਕਰੇ। ਕੁਝ ਸਮੇਂ ਤਕ ਤਾਂ ਇਹ ਵਿਸ਼ਵਾਸ ਬਣਿਆ ਰਿਹਾ, ਫਿਰ ਅਚਾਨਕ ਇਹ ਸੁਆਲ ਉਭਰ ਸਾਹਮਣੇ ਆ ਗਿਆ ਕਿ ਸੰਘਰਸ਼ ਦੇ ਸਮੇਂ ਦੌਰਾਨ ਜਦਕਿ ਦੁਸ਼ਮਣ ਦਾ ਹਮਲਾ ਕਿਸੇ ਵੀ ਸਮੇਂ ਹੋ ਸਕਦਾ ਸੀ, ਕਿਵੇਂ ਸੰਭਵ ਹੋ ਸਕਦਾ ਸੀ ਕਿ ਇਹ ਮੰਨ ਲਿਆ ਜਾਂਦਾ ਕਿ ਬਿਨਾਂ ਖੰਡਤ ਹੋਇਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸੰਪੂਰਨਤਾ ਹੋ ਜਾਇਗੀ? ਇਸ ਕਰਕੇ ਇਹ ਅਨੁਮਾਨ ਲਾਉਣਾ ਸਹਿਜ ਨਹੀਂ ਕਿ ਅਖੰਡ ਪਾਠ ਕਰਨ ਅਤੇ ਕਰਵਾਣ ਦੀ ਮਰਿਆਦਾ ਕਦੋਂ ਅਰੰਭ ਹੋਈ? ਇਸ ਕਾਰਣ ਇਹੀ ਮੰਨਿਆ ਜਾ ਸਕਦਾ ਹੈ ਕਿ 'ਸਿੱਖ ਰਹਿਤ ਮਰਿਆਦਾ' ਨਿਸ਼ਚਿਤ ਕਰਨ ਦੇ ਸਮੇਂ ਤੋਂ ਪਹਿਲਾਂ ਇਹ ਪਰੰਪਰਾ ਅਰੰਭ ਹੋ ਚੁਕੀ ਹੋਈ ਸੀ, ਇਸੇ ਕਾਰਣ ਇਸਨੂੰ ਮਰਿਆਦਾ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਗਈ ਅਤੇ ਇਸਨੂੰ ਰਹਿਤ ਮਰਿਆਦਾ ਵਿੱਚ ਇਨ੍ਹਾਂ ਸ਼ਬਦਾਂ ਨਾਲ ਸ਼ਾਮਲ ਕਰ ਲਿਆ ਗਿਆ: 'ਪੰਥ ਪ੍ਰਵਾਨਤ 'ਸਿੱਖ ਰਹਿਤ ਮਰਿਆਦਾ ਅਨੁਸਾਰ ਅਖੰਡ ਪਾਠ ਕਿਸੇ ਭੀੜਾ ਜਾਂ ਉਤਸਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ ੪੮ ਘੰਟਿਆਂ ਵਿੱਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿੱਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ ਅਤੇ ਸ਼ੁਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ।ੜਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ। ਟੱਬਰ ਦੇ ਕਿਸੇ ਜੀਅ, ਸਾਕ-ਸਬੰਧੀ ਮਿਤ੍ਰ ਆਦਿ ਨਾਲ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਕੋਈ ਮੁਕਰੱਰ ਨਹੀਂ। ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਇਕਲਾ ਬੈਠ ਆਪੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਸੁਣਦਾ ਨਾ ਹੋਵੇ'।

ਇਹ ਮਰਿਆਦਾ ਤਾਂ ਨਿਸ਼ਚਿਤ ਕਰ ਲਈ ਗਈ ਲਈ ਗਈ, ਪ੍ਰੰਤੂ ਸੁਆਲ ਉਠਦਾ ਹੈ ਕਿ ਕੀ ਸ੍ਰੀ ਅਕਾਲ ਤਖ਼ਤ ਅਤੇ ਸ੍ਰੀ ਦਰਬਾਰ ਸਾਹਿਬ ਸਹਿਤ ਕਿਸੇ ਵੀ ਇਤਿਹਾਸਕ ਜਾਂ ਆਮ ਗੁਰਦੁਆਰਿਆਂ ਵਿੱਚ ਅਖੰਡ ਪਾਠ ਦੀ ਇਸ ਨਿਸ਼ਚਿਤ ਮਰਿਆਦਾ ਦਾ ਪਾਲਣ ਕੀਤਾ ਜਾਂਦਾ ਹੈ? ਜਾਂ ਫਿਰ ਅਖੰਡ ਪਾਠਾਂ ਨੂੰ ਆਮਦਨ ਦਾ ਇਕ ਸਾਧਨ ਮਿਥ ਕੇ ਦਰਜਨਾਂ ਦੇ ਹਿਸਾਬ, ਇਨ੍ਹਾਂ ਦੀਆਂ ਲੜੀਆਂ ਚਲਦੀਆਂ ਰੱਖੀਆਂ ਜਾਂਦੀਆਂ ਹਨ। ਕਈ ਇਤਿਹਾਸਕ ਗੁਰਦੁਆਰਿਆਂ ਵਿੱਚ ਤਾਂ ਅਖੰਡ ਪਾਠ ਰਖਵਾਣ ਲਈ ਵਰ੍ਹਿਆਂ ਬੱਧੀ ਇੰਤਜ਼ਾਰ ਕਰਨ ਲਈ ਵੀ ਕਿਹਾ ਜਾਂਦਾ ਹੈ। ਅਖੰਡ ਪਾਠਾਂ ਦੀ ਵਧਦੀ ਮੰਗ ਨੂੰ ਮੁੱਖ ਰਖ ਕੇ ਕਈ ਗੁਰ-ਅਸਥਾਨਾਂ ਵਿੱਚ ਪਾਠਾਂ ਲਈ ਕਮਰਿਆਂ ਅਤੇ ਕੇਬਿਨਾਂ ਦੀਆਂ ਨਵੀਆਂ ਤੋਂ ਨਵੀਆਂ ਉਸਾਰੀਆਂ ਕੀਤੀਆਂ ਜਾਂਦੀਆਂ ਰਹਿੰਦੀਆਂ ਹਨ ਅਤੇ ਕਈ ਗੁਰਦੁਆਰਿਆਂ ਵਿੱਚ ਤਾਂ ਇੱਕ ਕੇਬਿਨ ਵਿੱਚ ਇੱਕ ਤੋਂ ਵਧ ਵੀ ਅਖੰਡ ਪਾਠ ਰਖ ਲਏ ਜਾਂਦੇ ਹਨ, ਤਾਂ ਜੋ ਘਟ ਸਮੇਂ ਵਿੱਚ ਜਿਤਨੇ ਵਧੇਰੇ ਪਾਠ ਹੋ ਸਕਣਗੇ, ਉਤਨੀ ਹੀ ਵੱਧੇਰੇ ਆਮਦਨ ਹੋਵੇਗੀ। ਕੀ ਇਹ ਅਖੰਡ ਪਾਠ ਕਰਵਾਣ ਵਾਲੇ ਜਾਂ ਇਨ੍ਹਾਂ ਦੀਆਂ ਲੜੀਆਂ ਚਲਵਾਣ ਵਾਲੇ, ਪੂਰਾ ਸਮਾਂ ਤਾਂ ਦੂਰ ਰਿਹਾ, ਅਖੰਡ ਪਾਠ ਦੀ ਅਰੰਭਤਾ ਜਾਂ ਸਮਾਪਤੀ ਸਮੇਂ ਵੀ ਹਾਜ਼ਰੀ ਭਰਦੇ ਹਨ?

ਇਹੀ ਕਾਰਣ ਹੈ ਕਿ ਅਖੰਡ ਪਾਠਾਂ ਦੇ ਸਬੰਧ ਵਿੱਚ ਕਾਫੀ ਕੁਝ ਸੁਣਨ ਨੂੰ ਮਿਲਦਾ ਰਹਿੰਦਾ ਹੈ। ਕੋਈ ਕਹਿੰਦਾ ਹੈ ਕਿ ਪਾਠੀ ਮੌਕਾ ਵੇਖ 'ਸ਼ੱਬਾ' ਪਾਠ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ। ਅਰਥਾਤ ਮੌਕਾ ਮਿਲਦਿਆਂ ਹੀ ਉਹ ਬਿਨਾਂ ਪਾਠ ਕੀਤੇ, ਮੁੱਠੀ ਭਰ ਪੰਨੇ ਪਰਤਾ ਦਿੰਦੇ ਹਨ। ਕੁਝ ਸਜਣ ਦਸਦੇ ਹਨ ਕਿ ਜਿਨ੍ਹਾਂ ਨੂੰ ਅਖੰਡ ਪਾਠ ਕਰਵਾਣ ਲਈ ਇੱਛਾ ਅਨੁਸਾਰ ਤਰੀਖ਼ ਨਹੀਂ ਮਿਲਦੀ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਉਹ 'ਕੀਤਾ ਕਰਾਇਆ' ਪਾਠ ਲੈ ਲੈਣ।

ਇਸਦਾ ਮਤਲਬ ਪੁਛਿਆ ਜਾਂਦਾ ਹੈ ਤਾਂ ਦਸਿਆ ਜਾਂਦਾ ਹੈ ਕਿ ਜਦੋਂ ਪਾਠੀਆਂ ਨੂੰ ਅਖੰਡ ਪਾਠ ਦੀ ਡਿਊਟੀ ਨਹੀਂ ਮਿਲਦੀ ਤਾਂ ਉਹ ਆਪਣੇ ਤੋਰ ਤੇ ਅਖੰਡ ਪਾਠ ਕਰ 'ਰਿਜ਼ਰਵ' ਰਖ ਲੈਂਦੇ ਹਨ 'ਤੇ ਜਿਨ੍ਹਾਂ ਨੂੰ ਇੱਛਾ ਅਨੁਸਾਰ ਪਾਠ ਕਰਾਣ ਦੀ ਤਾਰੀਖ਼ ਨਹੀਂ ਮਿਲਦੀ, ਉਹ 'ਕੀਤਾ-ਕਰਾਇਆ' ਪਾਠ ਉਨ੍ਹਾਂ ਨੂੰ 'ਵੇਚ' ਦਿੰਦੇ ਹਨ। ਦੂਰ-ਦੁਰਾਡੇ ਤੋਂ ਜਿਨ੍ਹਾਂ ਨੇ ਅਖੰਡ ਪਾਠ ਬੁਕ ਕਰਵਾਇਆ ਹੁੰਦਾ ਹੈ, ਉਨ੍ਹਾਂ ਨੂੰ ਪਾਠ ਦੀ ਅਰੰਭਤਾ ਅਤੇ ਸਮਾਪਤੀ ਸਮੇਂ ਦੇ ਹੁਕਮਨਾਮੇ ਭੇਜ ਦਿਤੇ ਜਾਂਦੇ ਹਨ ਅਤੇ ਉਹ ਉਨ੍ਹਾਂ ਨੂੰ ਸਿਰ-ਮੱਥੇ ਨਾਲ ਛੁਹਾ ਤੇ ਪੜ੍ਹ, ਸੰਤੁਸ਼ਟ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਮੰਨਤ ਪੂਰੀ ਹੋ ਗਈ ਹੈ। ਇਹ ਕੇਵਲ ਉਨ੍ਹਾਂ ਦਾ ਵਿਸ਼ਵਾਸ ਹੀ ਹੁੰਦਾ ਹੈ। ਸੱਚਾਈ ਤਾਂ ਕੇਵਲ ਪਾਠ ਕਰਨ ਵਾਲੇ ਹੀ ਜਾਣਦੇ ਹਨ।

ਇਤਨਾ ਹੀ ਨਹੀਂ ਇਹ ਵੀ ਦਸਿਆ ਜਾਂਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਇੱਕ ਹੁਕਮਨਾਮੇ ਅਨੁਸਾਰ ਇੱਕ ਅਸਥਾਨ ਪੁਰ ਇੱਕ ਸਮੇਂ ਕੇਵਲ ਇੱਕ ਅਖੰਡ ਪਾਠ ਹੀ ਰਖਿਆ ਜਾਣਾ ਚਾਹੀਦਾ ਹੈ, ਇੱਕ ਥਾਂ ਤੇ ਇਕੋ ਸਮੇਂ ਇੱਕ ਤੋਂ ਵਧ ਅਖੰਡ ਪਾਠ ਰਖੇ ਜਾਣ ਤੇ ਉਨ੍ਹਾਂ ਦੇ ਖੰਡਤ ਹੋਣ ਅਤੇ ਮ-ਰਆਦਾ ਅਨੁਸਾਰ ਨਾ ਹੋ ਪਾਣ ਦੀ ਸੰਭਾਵਨਾ ਹੁੰਦੀ ਹੈ। ਪਰ ਕੀ ਇਸ ਆਦੇਸ਼ ਅਨੁਸਾਰ ਮਰਿਆਦਾ ਦਾ ਪਾਲਣ ਨਿਸ਼ਠਾ ਨਾਲ ਕੀਤਾ ਜਾਂਦਾ ਹੈ?

**ਸਿਰੋਪਾਉ ਦੀ ਗਲ:** ਇਸੇ ਤਰ੍ਹਾਂ ਸਿਰੋਪਾਉ ਦੀ ਪਰੰਪਰਾ ਦੇ ਅਰੰਭ ਹੋਣ ਦੇ ਸਮੇਂ ਦਾ ਵੀ ਅਨੁਮਾਨ ਲਾਇਆ ਜਾ ਸਕਣਾ ਸੰਭਵ ਨਹੀਂ। ਪ੍ਰੰਤੂ ਸਿੱਖ ਧਰਮ ਵਿੱਚ ਪ੍ਰਚਲਤ ਪਰੰਪਰਾ ਅਨੁਸਾਰ ਮੰਨਿਆ ਜਾਂਦਾ ਹੈ ਕਿ 'ਸਿੱਖ ਧਰਮ ਵਿੱਚ ਸਿਰੋਪਾਉ ਦੀ ਇਕ ਵਿਸ਼ੇਸ ਮਹਤੱਤਾ ਹੈ। ਇਹ ਗਲ ਧਿਆਨ ਵਿੱਚ ਰਖਣ ਵਾਲੀ ਹੈ ਕਿ ਸਿੱਖ ਧਰਮ ਵਿੱਚ ਸਿਰੋਪਾਉ ਦਿੱਤਾ ਨਹੀਂ ਜਾਂਦਾ, ਸਗੋਂ ਸਤਿਗੁਰਾਂ ਦੇ ਨਾਂ ਤੇ ਇਸਦੀ ਬਖ਼ਸ਼ਸ਼ ਕੀਤੀ ਜਾਂਦੀ ਹੈ ਅਤੇ ਇਹ ਬਖ਼ਸ਼ਸ਼ ਕੇਵਲ ਉਸ ਸ਼ਖਸੀਅਤ ਪੁਰ ਹੀ ਹੋ ਸਕਦੀ ਹੈ, ਜਿਸਨੇ ਦੇਸ਼, ਕੌਮ ਜਾਂ ਪੰਥ ਲਈ ਕੋਈ ਅਦੁਤੀ ਤੇ ਪ੍ਰਸ਼ੰਸਾਯੋਗ ਕੰਮ ਕੀਤਾ ਹੋਵੇ ਜਾਂ ਸੇਵਾ ਕੀਤੀ ਹੋਵੇ। ਇਸੇ ਤਰ੍ਹਾਂ ਕਿਰਪਾਨ, ਜੋ ਕਿ ਸਿੱਖੀ ਵਿੱਚ 'ਕਿਰਪਾ' ਅਤੇ 'ਆਨ' ਦਾ ਸੰਗਮ ਮੰਨੀ ਜਾਂਦੀ ਹੈ, ਨੂੰ ਮਜ਼ਲੂਮ ਦੀ ਅਤੇ ਆਤਮ-ਰਖਿਆ ਲਈ ਹੀ ਵਰਤਿਆ ਜਾਂਦਾ ਹੈ।

ਪ੍ਰਿੰ. ਸਤਿਬੀਰ ਸਿੰਘ ਦੇ ਕਥਨ ਅਨੁਸਾਰ ਇਹ (ਕਿਰਪਾਨ) ਆਤਮ-ਸਨਮਾਨ ਦੀ ਰਖਿਆ ਲਈ, ਸਤਿਗੁਰਾਂ ਨੇ ਬਖ਼ਸ਼ੀ ਹੈ, ਜੇ ਇਹ ਕਿਸੇ ਹੋਰ ਦੇ ਹਵਾਲੇ ਕੀਤੀ ਜਾਂਦੀ ਹੈ ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਦੇਣ ਵਾਲੇ ਨੇ ਉਸਦੀ ਅਧੀਨਤਾ ਸਵੀਕਾਰ ਕਰ ਲਈ ਹੈ'।

ਅੱਜ ਸਿੱਖ-ਧਰਮ ਦੀ ਸੁਤੰਤਰ ਹੋਂਦ ਅਤੇ ਸਿੱਖਾਂ ਦੀ ਅੱਡਰੀ ਪਛਾਣ ਦੀ ਰਖਿਆ ਕਰਨ ਦੇ ਕਹਿੰਦੇ-ਕਹਾਉਂਦੇ ਜ਼ਿਮੇਂਦਾਰ ਸਿੱਖ ਆਗੂ, ਸਿਰੋਪਾਉ, ਗੁਰੂ ਸਾਹਿਬਾਨ ਦੇ ਫੋਟੋ ਅਤੇ ਕਿਰਪਾਨ, (ਸ਼ਾਇਦ ਇਹ ਸਵੀਕਾਰ ਕਰ ਕਿ ਹੁਣ ਉਹ ਆਪ ਆਪਣੀ ਰਖਿਆ ਕਰਨ ਦੇ ਸਮਰਥ ਨਹੀਂ ਰਹਿ ਗਏ) ਲੈ, ਘਰ-ਘਰ ਵੰਡਣ ਤੁਰ ਪੈਂਦੇ ਹਨ। ਤਾਂ ਜੋ ਉਹ ਉਨ੍ਹਾਂ ਦੀ ਰਖਿਆ ਕਰਨ ਦੀ ਜ਼ਿਮੇਂਦਾਰੀ ਸੰਭਾਲ ਲੈਣ।

ਹੋਰ ਤਾਂ ਹੋਰ ਸਤਿਗੁਰਾਂ ਦੀ ਬਖ਼ਸ਼ਸ਼ 'ਸਿਰੋਪਾਉ', ਲਗਭਗ ਹਰ ਇਤਿਹਾਸਕ ਅਤੇ ਆਮ ਗੁਰਦੁਆਰੇ ਵਿੱਚ, ਵੇਚੇ ਜਾਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਨਜ਼ਰ ਆਉਣ ਲਗਾ ਹੈ। ਇਸ ਗਲ ਦਾ ਕੋਈ ਧਿਆਨ ਨਹੀਂ ਰਖਿਆ ਜਾਂਦਾ ਕਿ ਸੌ ਰੁਪਏ ਦੇ ਕੇ ਸਿਰੋਪਾਉ ਪ੍ਰਾਪਤ ਕਰ ਰਿਹਾ ਵਿਅਕਤੀ, ਇਸ ਬਖ਼ਸ਼ਸ਼ ਦਾ ਯੋਗ ਪਾਤਰ ਹੈ ਵੀ ਜਾਂ ਨਹੀਂ। ਸ੍ਰੀ ਦਰਬਾਰ ਸਾਹਿਬ ਤੋਂ ਸਿਰੋਪਾਉ ਵੇਚਣ ਦਾ ਸਿਲਸਿਲਾ ਸ਼ੁਰੂ (ਜੋ ਤਿੱਖਾ ਵਿਰੋਧ ਹੋਣ ਕਾਰਣ ਹੁਣ ਬੰਦ ਕਰ ਦਿੱਤਾ ਗਿਆ ਹੈ) ਕਰਵਾਉਣ ਵਾਲੀ 'ਸ਼ਖਸੀਅਤ' ਦਾ ਕਹਿਣਾ ਹੈ ਕਿ ਅਜਿਹਾ ਕਰਨਾ ਉਸ ਸਮੇਂ ਦੀ ਮਜਬੂਰੀ ਬਣ ਗਈ ਸੀ, ਜਦੋਂ ਨੀਲਾ ਤਾਰਾ ਸਾਕੇ ਤੋਂ ਬਾਅਦ ਗੁਰੂ ਘਰ ਦਾ ਖ਼ਜ਼ਾਨਾ ਖਾਲੀ ਹੋ ਗਿਆ ਸੀ ਅਤੇ ਆਮਦਨ ਘਟ ਗਈ ਸੀ।

**ਅਤੇ ਅੰਤ ਵਿੱਚ:** ਹੈਰਾਨੀ ਦੀ ਗਲ ਤਾਂ ਇਹ ਹੈ ਕਿ ਇਹ 'ਸੌਦਾਗਰੀ' ਉਨ੍ਹਾਂ ਸਤਿਗੁਰਾਂ ਦੇ ਦਰਬਾਰ ਤੋਂ ਸ਼ੁਰੂ ਕੀਤੀ ਗਈ, ਜਿਨ੍ਹਾਂ ਦੇ ਸਮੇਂ ਦੀ ਮਰਿਆਦਾ-ਪਰੰਪਰਾ ਇਹ ਰਹੀ ਸੀ ਕਿ ਰਾਤ ਨੂੰ, ਇਸ ਵਿਸ਼ਵਾਸ ਨਾਲ ਲੰਗਰ ਦੇ ਭਾਂਡੇ ਮੂਧੇ ਮਾਰ ਦਿਤੇ ਜਾਂਦੇ ਸਨ ਕਿ ਸਵੇਰੇ ਅਕਾਲ ਪੁਰਖ ਆਪ ਇਨ੍ਹਾਂ ਨੂੰ ਭਰੇਗਾ। ਇਤਿਹਾਸ ਗੁਆਹ ਹੈ ਕਿ ਇਹ ਵਿਸ਼ਵਾਸ ਕਦੀ ਵੀ ਨਹੀਂ ਸੀ ਟੁੱਟਾ। 'ਗੁਰੂ ਦੇ ਲੰਗਰ' ਵਿੱਚ ਕਦੀ ਵੀ ਤੋਟ ਨਹੀਂ ਸੀ ਆਈ। ਸੋਚਣ ਵਾਲੀ ਗਲ ਇਹ ਹੈ ਕਿ ਕੀ ਇਹ ਸਭ ਕੁਝ ਸਿੱਖ ਮਰਿਆਦਾ, ਪਰੰਪਰਾ ਅਤੇ ਮਾਨਤਾ ਅਨੁਸਾਰ ਹੋ ਰਿਹਾ ਹੈ ਜਾਂ ਫਿਰ ਚਿੱਟੇ ਦਿਨ ਉਨ੍ਹਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ?

# ਸ਼ਹੀਦ ਕਰਤਾਰ ਸਿੰਘ ਸਰਾਭਾ




24 ਮਈ , ਸੰਨ ਅਠਾਰਾਂ ਸੌ ਛਿਆਨਵੇਂ(1896) ਦੇ ਦਿਨ ਲੁਧਿਆਣਾ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਜੀ ਦੀ ਕੁੱਖੋਂ ਪਿਤਾ ਸਰਦਾਰ ਮੰਗਲ ਸਿੰਘ ਗਰੇਵਾਲ ਜੀ ਦੇ ਘਰ ਕਰਤਾਰ ਸਿੰਘ ਸਰਾਭਾ ਜੀ ਨੇ ਜਨਮ ਲਿਆ ਸੀ। ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਜੀ ਸਰਾਭੇ ਨੂੰ ਆਪਣਾ ਗੁਰੂ, ਦੋਸਤ , ਸਾਥੀ ਮੰਨਦੇ ਸਨ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਮਾਤਾ ਜੀ ਅਨੁਸਾਰ ਉਹ ਹਮੇਸ਼ਾਂ ਸਰਾਭੇ ਦੀ ਫੋਟੋ ਆਪਣੀ ਜੇਬ ਵਿੱਚ ਰੱਖਦੇ ਹੁੰਦੇ ਸਨ।- ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਮਹਿਜ਼ 19 ਸਾਲ ਦੀ ਉਮਰ ਵਿੱਚ 16 ਨਵੰਬਰ 1915 ਨੂੰ ਲਾਹੌਰ ਵਿਖੇ ਫਾਂਸੀ ਦੇ ਤਖਤੇ ਤੇ ਲਟਕਾ ਦਿੱਤਾ ਗਿਆ ਸੀ। ਗਦਰੀ ਬਾਬਾ ਸੋਹਣ ਸਿੰਘ ਭਕਨਾ ਜੀ, ਲਾਲਾ ਹਰਦਿਆਲ ਜੀ, ਹਰਨਾਮ ਸਿੰਘ ਟੁੰਡੀਲਾਟ, ਆਦਿ ਗ਼ਦਰ ਪਾਰਟੀ ਦੇ ਕਾਰਕੁਨਾਂ ਅਤੇ ਰਾਸ ਬਿਹਾਰੀ ਬੋਸ,ਨਾਲ ਮਿਲ ਕੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਅਹਿਮ ਰੋਲ ਨਿਭਾਇਆ। ਕਰਤਾਰ ਸਿੰਘ ਸਰਾਭਾ ਵਿੱਚ ਅਜੀਬ ਜਿਹੀ ਦ੍ਰਿੜਤਾ, ਊਰਜਾ,ਜੋਸ਼ ,ਲਗਨ ਸੀ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਲਈ।

ਅਜੀਬ ਜਿਹੀ ਗੱਲ ਹੈ ਕਿ 19 ਸਾਲਾਂ ਦੇ ਨੌਜਵਾਨ ਤੋਂ ਬ੍ਰਿਟਿਸ਼ ਸਰਕਾਰ ਇੰਨਾ ਡਰ ਗਈ ਸੀ ਕਿ ਉਸ ਨੂੰ ਫਾਂਸੀ ਦੇ ਦਿੱਤੀ ਗਈ। ਸ਼ਹੀਦ ਕਰਤਾਰ ਸਿੰਘ ਸਰਾਭਾ ਵਰਗੇ ਸੂਰਮੇ ਦੀ ਸੋਚ ਅਤੇ ਸਖਸ਼ੀਅਤ ਨੂੰ ਚੰਦ ਲਾਈਨਾਂ ਵਿਚ ਬਿਆਨ ਕਰਨਾ ਔਖਾ ਹੈ ਜੀ। ਮੇਰੇ ਅਧਿਆਪਕ ਸਾਥੀ ਮੱਖਣ ਸਿੰਘ ਸਿੱਧੂ ਨੇ ਯਾਦ ਕਰਦਿਆਂ ਹੈ ਕਿ," ਜੇ ਸਰਾਭੇ ਵਾਂਗ ਜਿਉਣਾ ਹੋਵੇ ਤਾ ਜ਼ਿੰਦਗੀ ਦੇ ਉਨੀ ਵਰੇ ਹੀ ਬਹੁਤ ਨੇ ।" ਅੱਜ ਦੇ ਦਿਨ 16 ਨਵੰਬਰ ਨੂੰ ਉਨ੍ਹਾਂ ਨੂੰ ਯਾਦ ਕਰਕੇ ਮੇਰੇ ਵਲੋਂ ਇਕ ਛੋਟੀ ਜਿਹੀ ਸ਼ਰਧਾਂਜਲੀ ਦੇਣ ਦੀ ਕੋਸ਼ਿਸ਼ ਹੈ। ਕੌਮ ਦੇ ਨਾਇਕਾਂ ਨੂੰ ਸਮੇਂ-ਸਮੇਂ ਯਾਦ ਕਰਦੇ ਰਹਿਣਾ ਚਾਹੀਦਾ ਹੈ। ਨਮਨ।



ਰਿਪਨਜੋਤ ਕੌਰ ਸੋਨੀ ਬੱਗਾ
9878753423

# ਨਾਰੀ : ਚੇਤਨ - ਚੇਤਨਤਾ



ਹਰਕੀਰਤ ਕੌਰ ਸਭਰਾ
9779118066

ਭਾਰਤ ਵਿੱਚ ਮਾਨਵੀ ਦੇਹ ਵਪਾਰ ਦੀ ਸਮੱਸਿਆ, ਘਰੇਲੂ ਹਿੰਸਾ , ਲਿੰਗ ਵਿਤਕਰਾ, ਭਰੂਣ ਹੱਤਿਆ, ਅਸ਼ਲੀਲਤਾ, ਨਿੱਕੀਆਂ ਬਾਲੜੀਆਂ ਦਾ ਸਰੀਰਕ ਸ਼ੋਸ਼ਣ, ਨਾਰੀ ਸੁਰੱਖਿਆ ਵਰਗੀਆਂ ਕਿੰਨੀਆਂ ਹੀ ਚਣੌਤੀਆਂ ਮੂੰਹ ਅੱਡੀ ਖੜੀਆਂ ਹਨ। ਭਾਰਤ ਦੀਆਂ ਸਰਕਾਰਾਂ ਵੱਲੋਂ ਲਿੰਗ ਅਨੁਪਾਤ ਵਿੱਚ ਕੀਤੇ ਸੁਧਾਰਾਂ ਦੇ ਬਾਵਜੂਦ ਅਮੀਰ ਅਤੇ ਪੜੀ੍ ਲਿਖੀ ਸ਼੍ਰੇਣੀ ਵਿੱਚ ਧੀਆਂ ਦੇ ਕਾਤਲਾਂ ਦੀ ਸੰਖਿਆ ਗਰੀਬ ਲੋਕਾਂ ਨਾਲੋਂ ਕਿਤੇ ਵੱਧ ਹੈ। ਪੁੱਤਰ ਮੋਹ ਤਾਂ ਸਾਰੇ ਦੇਸ਼ਾਂ ਵਿੱਚ ਹੈ ਪਰ ਪੁੱਤਰੀ ਨਫ਼ਰਤ ਸ਼ਾਇਦ ਭਾਰਤ ਤੋਂ ਵੱਧ ਕਿਤੇ ਪ੍ਰਬਲ ਨਹੀਂ ਹੈ । ਪਿਛਲੇ ਤਿੰਨ ਦਹਾਕਿਆਂ ਦੌਰਾਨ ਗਰਭ ਵਿੱਚ ਕੀਤੇ ਬੱਚੀਆਂ ਦੇ ਕਤਲ ਮਨੁੱਖਤਾ ਦੇ ਮੱਥੇ ਤੇ ਕਲੰਕ ਨਹੀਂ ਤਾਂ ਹੋਰ ਕੀ ਹੈ? ਵਿਮੈਨ ਐਂਡ ਚਾਈਲਡ ਡਿਵੈਲਪਮੈਂਟ ਮੰਤਰਾਲੇ ਭਾਵੇਂ ਸਰਵੇਖਣ ਕਰਾ ਕੇ ਕਿੰਨੀ ਵੀ ਜਾਣਕਾਰੀ ਇਕੱਠੀ ਕਿਉਂ ਨਾ ਕਰ ਲੈਣ, ਜਦੋਂ ਤੱਕ ਰੋਕਥਾਮ ਲਈ ਠੋਸ ਹੱਲ ਨਹੀਂ ਲੱਭਦੇ, ਉਦੋਂ ਤੱਕ ਇਹ ਘਿਨੌਣਾ ਜ਼ੁਰਮ ਹੁੰਦਾ ਰਹੇਗਾ। ਛੋਟੀਆਂ ਬਾਲੜੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਜਿੱਥੇ ਰੂਹ ਵਲੂੰਧਰ ਦਿੰਦੀਆਂ ਹਨ, ਉੱਥੇ ਇਹ ਵੀ ਸਬੂਤ ਦਿੰਦੀਆਂ ਹਨ ਕਿ ਭਾਰਤ ਵਿੱਚ ਧੀਆਂ ਸੁਰੱਖਿਅਤ ਨਹੀਂ ਹਨ। ਇਸ ਸ਼੍ਰਿਸ਼ਟੀ ਦੀ ਰਚਨਾ ਵਿੱਚ ਕੁਦਰਤ ਨੇ ਮਰਦ ਅਤੇ ਔਰਤ ਨੂੰ ਸਰਵਉੱਚ ਬਣਾਇਆ ਹੈ ਪਰ ਅੱਜ ਧੀਆਂ ਮੇਰੇ ਦੇਸ਼ ਦੇ ਪੁੱਤਰਾਂ ਤੋਂ ਹੀ ਸਭ ਤੋਂ ਵੱਧ ਅਸੁਰੱਖਿਅਤ ਹਨ। ਅਜਿਹੇ ਮਾਹੌਲ ਵਿੱਚ ਮਾਤਾ ਪਿਤਾ ਕੀ ਕਰਨ? ਪਹਿਲਾਂ ਤਾਂ ਦੇਸ਼ ਤੋਂ ਬਾਹਰ ਦੇ ਲੁਟੇਰੇ, ਜਰਵਾਣੇ ਹੀ ਧੀਆਂ ਨੂੰ ਬੰਦੀ ਬਣਾ ਡੰਗਰਾਂ ਪਸ਼ੂਆਂ ਵਾਂਗ ਵੇਚਦੇ ਸਨ ਪਰ ਅੱਜ ਅਜ਼ਾਦ ਦੇਸ਼ ਵਿੱਚ ਆਪਣਿਆਂ ਹੱਥੋਂ ਵੀ ਧੀਆਂ ਦੀ ਇੱਜ਼ਤ ਨਿਲਾਮ ਹੋ ਰਹੀ ਹੈ। ਇਹ ਕਿਸ ਤਰ੍ਹਾਂ ਦਾ ਆਧੁਨਿਕੀਕਰਨ ਹੈ, ਜਿਸ ਵਿਚਲੇ ਨੰਗੇਜ਼ ਨੇ ਭਾਰਤੀ ਸੰਸਕ੍ਰਿਤਕ ਮੁੱਲਾਂ ਦੇ ਪਰਖਚੇ ਉਡਾ ਦਿੱਤੇ ਹਨ ਅਤੇ ਜਿਸ ਰਾਹੀਂ ਔਰਤ ਇੱਕ ਬਾਜ਼ਾਰੀ ਵਸਤੂ ਹੋ ਨਿਬੜੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਅਸੀਂ ਕਿਹੜੇ ਕਿਹੜੇ ਹੱਥਕੰਡੇ ਅਪਨਾ ਸਕਦੇ ਹਾਂ।

ਜਿੱਥੋਂ ਤੱਕ ਮੈਨੂੰ ਲੱਗਦਾ ਹੈ ਕਿ ਸਭ ਤੋਂ ਪਹਿਲਾਂ ਔਰਤ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਵੇ ਅਤੇ ਸਚਾਈ ਬਿਆਨ ਕਰਨ ਦੀ ਦਲੇਰੀ ਰੱਖਦੀ ਹੋਵੇ। ਅਸ਼ਲੀਲ ਗੀਤਾਂ, ਸਾਹਿਤ, ਚਿੱਤਰਾਂ ਅਤੇ ਜਿਨਸੀ ਟਿੱਪਣੀਆਂ ਤੇ ਕਾਨੂੰਨੀ ਸੈਂਸਰ ਦਾ ਕੰਟਰੋਲ ਹੋਵੇ। ਇਸ ਤੋਂ ਇਲਾਵਾ ਨੈਤਿਕਤਾ ਦੀ ਬਹਾਲੀ ਲਈ ਨੌਜਵਾਨ ਬੱਚਿਆਂ ਲਈ ਟੀ. ਵੀ ਉੱਤੇ ਚਰਿ-ਤਰ ਨਿਰਮਾਣ ਪ੍ਰੋਗਰਾਮ ਉਲੀਕੇ ਜਾਣ । ਕੰਮਕਾਜੀ ਔਰਤਾਂ ਲਈ ਕੰਮਕਾਜੀ ਸਥਾਨਾਂ ਉੱਤੇ ਉਨ੍ਹਾਂ ਲਈ ਸੁਰੱਖਿਅਤ ਮਾਹੌਲ ਸਿਰਜਿਆ ਜਾਵੇ। ਹਰ ਸੰਸਥਾ ਵਿੱਚ ਇੱਕ ਵਿਸ਼ੇਸ਼ ਔਰਤ ਕੌਂਸਲਰ ਹੋਵੇ, ਜੋ ਕਿ ਨਾਰੀ ਸਤਿਕਾਰ ਦੀ ਸਥਾਪਤੀ, ਔਰਤ ਦੀਆਂ ਨਿੱਜੀ ਸ਼ਿਕਾਇਤਾਂ ਦੀ ਭੇਦਦਾਰੀ ਰੱਖਣ ਦੇ ਨਾਲ ਨਾਲ ਸਮੱਸਿਆਵਾਂ ਦਾ ਸਮਾਧਾਨ ਵੀ ਕਰੇ। ਦੇਸ਼ ਦੇ ਕਾਨੂੰਨ ਬਿਨਾ ਕਿਸੇ ਵਿਤਕਰੇ, ਸਿਫਾਰਸ਼, ਸਵਾਰਥ ਦੇ ਔਰਤ ਦੇ ਹੱਥਾਂ ਵਿੱਚ ਇਨਸਾਨ ਦੇਵੇ। ਮੈਂ ਦੇਸ਼ ਦੀਆਂ ਵੇਦ ਰਚੇਤਾ ਨਾਰੀਆਂ, ਨੋਬਲ ਪੁਰਸਕਾਰ ਵਿਜੇਤਾਵਾਂ ਇਸਤਰੀ ਵਿਧਾਇਕਾਂ, ਮਾਈ ਭਾਗੋ, ਮਾਤਾ ਗੁਜਰੀ ਜਿਹੀਆਂ ਦੈਵੀ ਤੇ ਦਲੇਰ ਨਾਰੀਆਂ ਦੀ ਜਨਮਦਾਤੀ ਨਾਰੀ ਅੱਗੇ ਅਰਜੋਈ ਕਰਦੀ ਹਾਂ ਕਿ ਉਹ ਆਪਣਾ ਮੂਲ ਪਛਾਣਦੀ ਹੋਈ ਆਪਣੇ ਦੇਸ਼ ਦੀਆਂ ਮਹਾਨ ਗੋਰਵਮਈ ਪ੍ਰੰਪਰਾਵਾਂ ਨੂੰ ਮੁੜ ਕਾਇਮ ਕਰਨ ਲਈ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਵੀ ਜਾਗੇ ਅਤੇ ਔਰਤਾਂ ਉੱਤੇ ਜੁਲਮ ਕਰਨ ਵਾਲੇ ਮਰਦਾ ਅੰਦਰੋਂ ਮਰ ਚੁੱਕੀ ਮਾਨਵਤਾ ਦੀ ਸੋਚ ਨੂੰ ਬਦਲੇ। ਸੋਚ ਬਦਲੇਗੀ ਤਾਂ ਨਾਰੀ ਸਤਿਕਾਰ ਵਧੇਗਾ। ਨਾਰੀ ਸਤਿਕਾਰ ਵਧੇਗਾ ਤਾਂ ਦੇਸ਼ ਵਧੇਗਾ।



### 14 ਨਵੰਬਰ 2020 ਲਈ ਬਾਲ ਦਿਵਸ ਸਬੰਧੀ ਵਿਸ਼ੇਸ਼

# ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਲੱਗਭੱਗ 4.5 ਫੀਸਦੀ ਵਾਧਾ



ਕੁਲਦੀਪ ਚੰਦ
91-9417563054

ਬੱਚੇ ਸਾਡਾ ਭਵਿੱਖ ਹਨ ਅਤੇ ਜੇਕਰ ਅਸੀਂ ਅਪਣਾ ਭਵਿੱਖ ਸੁਨਿਹਰੀ ਬਣਾਉਣਾਂ ਚਾਹੁੰਦੇ ਹਾਂ ਤਾਂ ਬੱਚਿਆਂ ਨੂੰ ਵਧੀਆ ਖੁਸ਼ਹਾਲ ਬਚਪਨ ਦੇਣਾ ਪਵੇਗਾ ਪਰੰਤੂ ਭਾਰਤ ਸਮੇਤ ਕਈ ਹੋਰ ਦੇਸਾਂ ਵਿੱਚ ਖੁਸ਼ਹਾਲ ਬਚਪਨ ਅਜੇ ਵੀ ਇੱਕ ਸੁਪਨਾ ਹੀ ਹੈ। ਖੁਸ਼ਹਾਲ ਬਚਪਨ ਦੀ ਮਹੱਤਤਾ ਨੂੰ ਵੇਖਦੇ ਹੋਏ ਵਿਸ਼ਵ ਦੇ ਵੱਖ ਵੱਖ ਭਾਗਾਂ ਅਤੇ ਦੇਸਾਂ ਵਿੱਚ ਵੱਖ ਵੱਖ ਮਹੀਨਿਆਂ ਦੀਆਂ ਵੱਖ ਵੱਖ ਮਿਤੀਆਂ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ। ਜੇਕਰ ਬਾਲ ਦਿਵਸ ਦਾ ਇਤਿਹਾਸ ਵੇਖੀਏ ਤਾਂ ਇਸਦੀ ਸ਼ੁਰੂ-ਆਤ ਜੂਨ 1856 ਵਿੱਚ ਮੈਸਚਿਉਸਟੇਸ ਵਿੱਚ ਯੂਨੀਵਰਸਲ ਚਰਚ ਆਫ ਰਿਡਿਉਮਰ ਦੇ ਪਾਦਰੀ ਡਾਕਟਰ ਚਾਰਲਸ ਲਉਨੇਡ ਨੇ ਦੂਜਾ ਐਤਵਾਰ ਨੂੰ ਕੀਤੀ। ਅਧਿਕਾਰਤ ਤੋਰ ਤੇ ਬਾਲ ਦਿਵਸ ਦੀ ਸ਼ੁਰੂਆਤ ਸਾਲ 1929 ਵਿੱਚ ਟੂਰਕੀ ਦੇ ਗਣਤੰਤਰ ਦੁਆਰਾ 23 ਅਪ੍ਰੈਲ ਨੂੰ ਘੋਸ਼ਿਤ ਰਾਸ਼ਟਰੀ ਛੁੱਟੀ ਦੇ ਐਲਾਨ ਨਾਲ ਕੀਤੀ ਗਈ। ਇਸ ਸਬੰਧੀ ਸਮੇਂ ਸਮੇਂ ਤੇ ਕਈ ਅੰਤਰਰਾਸ਼ਟਰੀ ਸੰਸਥਾਵਾਂ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਭਾਰਤ ਵਿੱਚ 14 ਨਵੰਬਰ ਦਾ ਦਿਨ ਜੋਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਹੈ ਬਾਲ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ ਅਤੇ ਇਸਦੀ ਸ਼ੁਰੁਆਤ 14 ਨਵੰਬਰ, 1964 ਨੂੰ ਕੀਤੀ ਗਈ ਹੈ। ਡਾਕ ਵਿਭਾਗ ਵਲੋਂ ਬਾਲ ਦਿਵਸ ਸਬੰਧੀ ਡਾਕ ਟਿਕਟਾਂ ਜਾਰੀ ਕੀਤੀਆਂ ਗਈਆਂ ਹਨ। ਬੇਸ਼ਕ ਪੂਰੇ ਭਾਰਤ ਵਿੱਚ ਹਰ ਸਾਲ 14 ਨਵੰਬਰ ਨੂੰ ਬਾਲ ਦਿਵਸ ਮਨਾਇਆ ਜਾਂਦਾ ਹੈ ਅਤੇ ਵੱਖ ਵੱਖ ਥਾਵਾਂ ਤੇ ਬੱਚਿਆਂ ਦੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ ਪਰ ਸਾਡੇ ਦੇਸ਼ ਵਿੱਚ ਆਮ ਬੱਚਿਆਂ ਦੀ ਖਸਤਾ ਹਾਲਤ ਕਿਸੇ ਤੋਂ ਲੁਕੀ ਨਹੀਂ ਹੈ। ਫਿਲਮੀ ਹੀਰੋ ਅਮੀਰ ਖਾਨ ਨੇ ਵੀ ਅਪਣੇ ਇੱਕ ਪ੍ਰੋਗਰਾਮ ਸਤਿਆਮੇਵ ਜਯਤੇ ਵਿੱਚ ਦੇਸ ਅੰਦਰ ਬੱਚਿਆਂ ਦੀ ਖਸਤਾ ਹਾਲਤ ਬਿਆਨ ਕੀਤੀ ਹੈ। ਭਾਰਤ ਸਰਕਾਰ ਵਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੀ ਮੱਦਦ ਨਾਲ ਹਰ ਸਾਲ ਕਰੌੜਾਂ ਰੁਪਏ ਬੱਚਿਆਂ ਦੇ ਨਾਮ ਤੇ ਖਰਚੇ ਜਾਂਦੇ ਹਨ ਪਰ ਬੱਚਿਆਂ ਦੀ ਹਾਲਤ ਵੇਖਕੇ ਪਤਾ ਲੱਗਦਾ ਹੈ ਕਿ ਇਨ੍ਹਾਂ ਫੰਡਾਂ ਨਾਲ ਕਿਸਦਾ ਵਿਕਾਸ ਹੋ ਰਿਹਾ ਹੈ। ਕਿਸੇ ਹਸਪਤਾਲ ਵਿੱਚ ਆਕਸੀਜਨ ਦੀ ਘਾਟ ਕਾਰਨ ਬੱਚਿਆਂ ਦੀ ਮੋਤ ਹੋਣਾ, ਬੱਚਿਆਂ ਨੂੰ ਅਪਣੇ ਮੰਨੋਰੰਜਨ ਦੇ ਸਾਧਨ ਵਜੋਂ ਵਰਤਣਾ, ਬੱਚਿਆਂ ਦਾ ਭੁੱਖਮਰੀ ਨਾਲ ਮਰਨਾ, ਅਧਿਆਪਕਾਂ ਵਲੋਂ ਹੀ ਵਿਦਿਆਰਥੀਆਂ ਦਾ ਸਰੀਰਕ ਸ਼ੋਸ਼ਣ, ਬੱਚਿਆਂ ਲਈ ਬਣਾਏ ਗਏ ਸੈਲਟਰ ਘਰਾਂ ਵਿੱਚ ਪ੍ਰਬੰਧਕਾਂ ਵਲੋਂ ਇਨ੍ਹਾਂ ਵਿੱਚ ਰਹਿਣ ਵਾਲੇ ਬੱਚਿਆਂ ਦਾ ਸ਼ੋਸ਼ਣ ਵਰਗੀਆਂ ਘਟਨਾਵਾਂ ਬਾਲ ਦਿਵਸ ਸਬੰਧੀ ਪੋਲ ਖੋਲਦੀਆਂ ਹਨ। ਭਾਰਤ ਵਿੱਚ ਲੱਗਭੱਗ 39 ਫਿਸਦੀ ਅਬਾਦੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹੀ ਹੈ। ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ । ਬੇਸ਼ੱਕ ਬਹੁਤੇ ਮਾਮਲੇ ਤਾਂ ਸਾਹਮਣੇ ਹੀ ਨਹੀਂ ਆਂਦੇ ਹਨ। ਸਰਕਾਰੀ ਤੌਰ ਤੇ ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਵਲੋਂ ਜਾਰੀ ਰਿਪੋਰਟ ਅਨੁਸਾਰ ਸਾਲ ਇੱਕ ਸਾਲ ਵਿੱਚ ਹੀ ਬੱਚਿਆ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾਂ ਵਿੱਚ ਲੱਗਭੱਗ 4.5 ਫਿਸਦੀ ਵਾਧਾ ਹੋ ਗਿਆ ਹੈ ਜੋਕਿ ਇੱਕ ਖਤਰਨਾਕ ਸੰਕੇਤ ਹੈ। ਬੱਚਿਆਂ ਨੂੰ ਯੋਨ ਸ਼ੋਸ਼ਣ ਤੋਂ ਬਚਾਉਣ ਲਈ ਬਣਾਏ ਗਏ ਪੋਕਸੋ ਐਕਟ ਅਧੀਨ ਰਜਿਸਟਰਡ ਹੋਏ ਮਾਮਲਿਆਂ ਵਿੱਚ ਵੀ ਲੱਗਭੱਗ 18.9 ਫਿਸਦੀ ਵਾਧਾ ਹੋ ਗਿਆ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਉਰੋ ਅਨੁਸਾਰ ਸਾਲ 2019 ਵਿੱਚ ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਦੇ 148185 ਮਾਮਲੇ ਰਿਪੋਰਟ ਹੋਏ ਹਨ ਅਤੇ ਇਨ੍ਹਾਂ ਵਿੱਚੋਂ 26192 ਮਾਮਲੇ ਪੋਕਸੋ ਐਕਟ ਅਧੀਨ ਰਜਿਸਟਰਡ ਹੋਏ ਹਨ। ਹਰ ਰੋਜ ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਦੇ ਲੱਗਭੱਗ 350 ਮਾਮਲੇ ਸਾਹਮਣੇ ਆਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਲੱਗਭੱਗ 50 ਫਿਸਦੀ ਤੋਂ ਵੀ ਵੱਧ ਅਪਰਾਧਕ ਮਾਮਲੇ ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਮੱਧ ਪ੍ਰਦੇਸ, ਛਤੀਸਗੜ੍ਹ, ਦਿੱਲੀ ਅਤੇ ਪੱਛਮੀ ਬੰਗਾਲ ਵਿੱਚ ਹੀ ਵਾਪਰੇ ਹਨ। ਉੱਤਰ ਪ੍ਰਦੇਸ਼ ਵਿੱਚ 14.8 ਫਿਸਦੀ, ਮੱਧ ਪ੍ਰਦੇਸ ਵਿੱਚ 14.8 ਫਿਸਦੀ, ਮਹਾਂਰਾਸ਼ਟਰ ਵਿੱਚ 13.1 ਫੀਸਦੀ, ਦਿੱਲੀ ਵਿੱਚ 6.1 ਫਿਸਦੀ, ਛਤੀਸਗੜ ਵਿੱਚ 5.1 ਫੀਸਦੀ ਅਤੇ ਪੱਛਮੀ ਬੰਗਾਲ ਵਿੱਚ 5.1 ਫਿਸਦੀ ਅਪਰਾਧਿਕ ਮਾਮਲੇ ਸਾਹਮਣੇ ਆਏ ਹਨ। ਬੱਚਿਆਂ ਨਾਲ ਵਾਪਰਨ ਵਾਲੇ ਅਪਰਾਧਾਂ ਵਿੱਚ ਕਤਲ, ਬਲਾਤਕਾਰ, ਜਿਨਸੀ ਸੋਸਣ, ਬਾਲ ਵਿਆਹ ਆਦਿ ਪ੍ਰਮੁੱਖ ਸਾਮਲ ਹਨ। ਅਜਾਦੀ ਦੇ 73 ਸਾਲਾਂ ਬਾਦ ਵੀ ਸਕੂਲ ਜਾਣ ਵਾਲੀ ਉਮਰ ਦੇ 4 ਬੱਚਿਆਂ ਵਿੱਚੋਂ 01 ਬੱਚਾ ਸਕੂਲ ਨਹੀਂ ਜਾਂਦਾ ਹੈ ਅਤੇ ਸਿਰਫ 32 ਫਿਸਦੀ ਬੱਚੇ ਹੀ ਅਪਣੀ ਸਕੂਲੀ ਪੜ੍ਹਾਈ ਪੂਰੀ ਕਰਦੇ ਹਨ, ਹਰ 08 ਮਿੰਟ ਬਾਦ ਭਾਰਤ ਵਿੱਚ ਇੱਕ ਬੱਚਾ ਲਾਪਤਾ ਹੁੰਦਾ ਹੈ, 06 ਸਾਲ ਤੋਂ ਘੱਟ ਉਮਰ ਦੇ ਲੱਗਭੱਗ 19.8 ਮਿਲੀਅਨ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, 06 ਮਹੀਨੇ ਤੋਂ 05 ਸਾਲ ਦੇ 58 ਫਿਸਦੀ ਬੱਚੇ ਅਨੀਮਿਕ ਹਨ।




ਸਿਰਫ 62 ਫਿਸਦੀ ਬੱਚਿਆਂ ਨੂੰ ਹੀ ਮੁਕੰਮਲ ਟੀਕਾਕਰਣ ਦੀ ਸਹੂਲਤ ਮਿਲਦੀ ਹੈ। ਪੂਰੇ ਵਿਸ਼ਵ ਵਿੱਚ ਹੋਣ ਵਾਲੇ ਬਾਲ ਵਿਆਹਾਂ ਵਿੱਚ ਤੀਜਾ ਹਿੱਸਾ ਭਾਰਤ ਦਾ ਹੀ ਹੈ। ਸਰਕਾਰ ਵਲੋਂ ਬੇਸ਼ੱਕ ਹਰ ਬੱਚੇ ਨੂੰ ਸਿੱਖਿਅਕ ਕਰਨ ਦੇ ਉਦੇਸ਼ ਨਾਲ ਸਿੱਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ ਪਰ ਅੱਜ ਵੀ ਬਹੁਤੇ ਗਰੀਬ ਘਰਾਂ ਦੇ ਬੱਚੇ ਸਕੂਲ ਜਾਣ ਦੀ ਬਜਾਏ ਕੰਮ ਕਰਨਾ, ਕੂੜੇ ਵਿੱਚੋਂ ਕਬਾੜ ਇਕੱਠਾ ਕਰਨਾ, ਭੀਖ ਮੰਗਣਾ, ਆਦਿ ਚੰਗਾ ਸਮਝਦੇ ਹਨ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਲੈਣਾ ਬੇਸ਼ੱਕ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਉਣ ਲਈ ਜ਼ਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ। ਸਰਕਾਰ ਵਲੋਂ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਮੇ-ਸਮੇ ਤੇ ਬਾਲ ਮਜ਼ਦੂਰਾਂ ਬਾਰੇ ਵੀ ਅੰਕੜੇ ਇੱਕਠੇ ਕੀਤੇ ਜਾਂਦੇ ਹਨ ਅਤੇ ਬਾਲ ਮਜਦੂਰੀ ਰੋਕਣ ਲਈ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ ਫਿਰ ਵੀ ਹਰ ਛੋਟੇ ਵੱਡੇ ਸ਼ਹਿਰ, ਕਸਬੇ ਵਿੱਚ ਬਾਲ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਹੋਟਲਾਂ, ਢਾਬਿਆਂ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦ-ਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜ਼ਦੂਰਾਂ ਵਿੱਚ ਜ਼ਿਆਦਾ ਗਿਣਤੀ ਬਾਲ ਮਜ਼ਦੂਰਾਂ ਦੀ ਹੁੰਦੀ ਹੈ। ਇਹਨਾਂ ਬਾਲ ਮਜ਼ਦੂਰਾਂ ਤੋਂ ਜ਼ੋਖਿਮ ਭਰੇ ਕੰਮ ਕਰਵਾਏ ਜਾਂਦੇ ਹਨ ਅਤੇ ਮਜ਼-ਦੂਰੀ ਵੀ ਨਾਂ-ਮਾਤਰ ਦਿਤੀ ਜਾਂਦੀ ਹੈ। ਕਈ ਸਰਕਾਰੀ ਅਧਿ-ਕਾਰੀਆਂ ਵਲੋਂ ਵੀ ਅਪਣੇ ਘਰਾਂ ਵਿੱਚ ਛੋਟੇ-ਛੋਟੇ ਬੱਚਿਆਂ ਤੋਂ ਹੀ ਘਰਾਂ ਦੇ ਕੰਮ ਕਰਵਾਏ ਜਾਂਦੇ ਹਨ। ਇਹਨਾਂ ਬਾਲ ਮਜਦੂਰਾਂ ਨੂੰ ਅਜੇ ਤੱਕ ਬਾਲ ਦਿਵਸ ਦੇ ਦਿਹਾੜ੍ਹੇ ਬਾਰੇ ਕੋਈ ਵੀ ਜਾਣਕ-ਾਰੀ ਨਹੀਂ ਹੈ। ਇਸ ਸਾਲ ਕੋਵਿਡ- 19 ਕਾਰਨ ਵੀ ਬੱਚਿਆਂ ਤੇ ਅਸਰ ਹੋਇਆ ਹੈ। ਹਜਾਰਾਂ ਬੱਚਿਆਂ ਨੂੰ ਸੈਕੜੇ ਕਿਲੋਮੀਟਰ ਸਫਰ ਪੈਦਲ ਚੱਲਣਾ ਪਿਆ ਹੈ ਅਤੇ ਅਸੁਰਖਿੱਅਤ ਹਾਲਤਾਂ ਵਿੱਚ ਰਹਿਣਾ ਪਿਆ ਹੈ। ਇਸ ਕਾਰਨ ਵਿੱਦਿਅਕ ਅਦਾਰਿਆਂ ਵਲੋਂ ਸੂਰੂ ਕੀਤੀ ਗਈ ਆਨਲਾਇਨ ਪੜ੍ਹਾਈ ਤੋਂ ਵੀ ਕਈ ਬੱਚੇ ਬਾਂਝੇ ਰਹਿ ਗਏ ਹਨ। ਸਰਕਾਰ ਵਲੋਂ ਸਕੂਲੀ ਬੱਚਿਆਂ ਅਤੇ ਲੜਕੀਆ ਲਈ ਹਰ ਤਰਾਂ ਦੀਆਂ ਸਿਹਤ ਸੇਵਾਵਾਂ ਮੁੱਫਤ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ ਪਰੰਤੂ ਹਕੀਕਤ ਇਹ ਹੈ ਕਿ ਬਹੁਤੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਪ੍ਰਬੰਧਕਾਂ ਨੂੰ ਵੀ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਸਰਕਾਰੀ ਅਤੇ ਗੈਰ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ ਬੱਚਿਆਂ ਵਿਸ਼ੇਸ਼ ਤੋਰ ਤੇ ਲੜਕੀਆਂ ਨਾਲ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਜਿਨ੍ਹਾਂ ਵਿੱਚ ਅਕਸਰ ਸਕੂਲ ਦੇ ਅਧਿਆਪਕ ਹੀ ਸ਼ਾਮਲ ਹੁੰਦੇ ਹਨ ਅਤਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਬੱਚਿਆਂ ਨਾਲ ਵਾਪਰਨ ਵਾਲੀਆਂ ਅਪਰਾਧਿਕ ਘਟਨਾਵਾ ਸਬੰਧੀ ਬੇਸ਼ੱਕ ਰੋਜਾਨਾਂ ਹਜਾਰਾਂ ਸ਼ਿਕਾਇਤਾਂ ਦਰਜ਼ ਹੁੰਦੀਆਂ ਹਲ ਪ੍ਰੰਤੁ ਬਹੁਤੀਆਂ ਸ਼ਿਕਾਇਤਾਂ ਦਾ ਅਕਸਰ ਹੀ ਰਾਜਨੀਤੀਕਰਣ ਕੀਤਾ ਜਾਂਦਾ ਹੈ ਜਿਸ ਕਾਰਨ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾਂ ਦਾ ਕੋਈ ਠੋਸ ਹੱਲ ਨਹੀਂ ਹੁੰਦਾ ਹੈ ਅਤੇ ਬੱਚਿਆਂ ਦੀਆਂ ਸਮਸਿਆਵਾਂ ਅਤੇ ਸ਼ਿਕਾਇਤਾ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਸਰਕਾਰ ਵਲੋਂ ਬਾਲ ਦਿਵਸ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਵੀ ਅਕਸਰ ਇਨ੍ਹਾਂ ਗਰੀਬ ਬੱਚਿਆਂ ਤੋਂ ਦੂਰ ਹੀ ਰਹਿੰਦੇ ਹਨ ਅਤੇ ਅਜਿਹੇ ਸਮਾਗਮਾਂ ਦਾ ਇਨ੍ਹਾ ਬੱਚਿਆਂ ਨੂੰ ਕੋਈ ਵੀ ਲਾਭ ਨਹੀਂ ਹੁੰਦਾ ਹੈ। ਜੇਕਰ ਸਰਕਾਰ ਦੇਸ਼ ਦਾ ਭਵਿੱਖ ਮੰਨੇ ਜਾਣ ਵਾਲੇ ਬੱਚਿਆਂ ਦਾ ਵਿਕਾਸ ਕਰਨਾ ਚਾਹੁੰਦੀ ਹੈ ਅਤੇ ਬੱਚਿਆਂ ਦੀਆਂ ਸਮੱਸਿਆਵਾਂ ਦਾ ਠੋਸ ਹੱਲ ਕਰਨਾ ਚਾਹੁੰਦੀ ਹੈ ਤਾਂ ਬੱਚਿਆਂ ਦੇ ਵਿਕਾਸ ਲਈ ਅਤੇ ਸਮਸਿਆਵਾਂ ਦੇ ਹੱਲ ਅਤੇ ਸੁਰਖਿੱਆ ਲਈ ਠੋਸ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੀਦੀਆਂ ਹਨ, ਇਨ੍ਹਾਂ ਨੀਤੀਆਂ ਵਿੱਚ ਦੇਰੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਠੋਸ ਕਾਰਵਾਈ ਕਰਨੀ ਚਾਹੀਦੀ ਹੈ। ਬਾਲ ਦਿਵਸ ਦਾ ਦਿਹਾੜਾ ਮਨਾਉਣ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਬੱਚਿਆ ਦੇ ਹੱਕ ਪੂਰੀ ਤਰਾਂ ਸੁਰਖਿਅਤ ਹੋਣਗੇ, ਉਨ੍ਹਾ ਦੀ ਹੋ ਰਹੀ ਲੁਟ ਖਸੁੱਟ ਬੰਦ ਹੋਵੇਗੀ ਅਤੇ ਸਾਰੇ ਬੱਚੇ ਵਿੱਦਿਆ ਹਾਸਲ ਕਰਨਗੇ। ਜੇਕਰ ਸਰਕਾਰ ਨੇ ਸਮੇਂ ਸਿਰ ਬੱਚਿਆਂ ਵਿਸੇਸ ਤੋਰ ਤੇ ਆਮ ਬੱਚਿਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ, ਉਨ੍ਹਾਂ ਦੀ ਸੁਰੱਖਿਆ ਅਤੇ ਵਿਕਾਸ ਲਈ ਜਲਦੀ ਕੋਈ ਠੋਸ ਕਾਰਵਾਈ ਨਾਂ ਕੀਤੀ ਤਾਂ 14 ਨਵੰਬਰ ਨੂੰ ਮਨਾਇਆ ਜਾਣ ਵਾਲਾ ਬਾਲ ਦਿਵਸ ਹੋਰ ਸਮਾਗਮਾਂ ਦੀ ਤਰ੍ਹਾ ਹੀ ਇੱਕ ਖਾਨਾਪੂਰਤੀ ਬਣਕੇ ਰਹਿ ਜਾਵੇਗਾ।

# ਬਲਾਤਕਾਰ ਅਤੇ ਯੋਨ ਸ਼ੋਸ਼ਣ ਪੀੜ੍ਹਤ ਮਹਿਲਾਵਾਂ ਅਤੇ ਬੱਚਿਆਂ ਦੀ ਪਹਿਚਾਣ ਗੁਪਤ ਰੱਖਣ ਸਬੰਧੀ ਜਾਰੀ ਹਦਾਇਤਾਂ ਸਖਤੀ ਨਾਲ ਲਾਗੂ ਦੀ ਮੰਗ ਕੀਤੀ

ਬਲਾਤਕਾਰ ਅਤੇ ਯੋਨ ਸ਼ੋਸ਼ਣ ਪੀੜ੍ਹਤ ਮਹਿਲਾਵਾਂ ਅਤੇ ਬੱਚਿਆਂ ਦੀ ਪਹਿਚਾਣ ਗੁੱਪਤ ਰੱਖਣ ਸਬੰਧੀ ਜਾਰੀ ਹਦਾਇਤਾਂ ਨੂੰ ਸੱਖਤੀ ਨਾਲ ਲਾਗੂ ਕਰਨ ਅਤੇ ਮਾਣਯੋਗ ਸੁਪਰੀਮ ਕੌਰਟ ਦੇ ਫੈਸਲੇ ਅਤੇ ਸਰਕਾਰ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਨਾਂ ਕਰਨ ਵਾਲਿਆਂ ਖਿਲਾਫ ਅਰਪਨ ਸੋਸਾਇਟੀ ਦੇ ਆਗੂਆਂ ਕੁਲਦੀਪ ਚੰਦ, ਪੂਜਾ ਠਾਕੁਰ, ਰੀਤਿਕਾ ਦੇਵੀ, ਮੋਨਿਕਾ ਆਦਿ ਨੇ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸਬੰਧੀ ਅਰਪਨ ਸੋਸਾਇਟੀ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ, ਕੇਂਦਰੀ ਕਨੂੰਨ ਅਤੇ ਨਿਆਂ ਮੰਤਰੀ ਸ਼੍ਰੀ ਰਵੀ ਸ਼ੰਕਰ ਪ੍ਰਸਾਦ, ਕੇਂਦਰੀ ਸਮਾਜਿਕ ਨਿਆਏ ਅਤੇ ਸ਼ਸ਼ੱਕਤੀਕਰਣ ਮੰਤਰੀ ਸ਼੍ਰੀ ਥਾਵਰ ਚੰਦ ਗਹਿਲੋਤ, ਮੈਡਮ ਸਮ੍ਰਿਤੀ ਇਰਾਨੀ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ, ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ਼੍ਰੀ ਪ੍ਰਕਾਸ਼ ਜਾਵੇਡਕਰ, ਸਕੱਤਰ ਪ੍ਰੈਸ ਕਾਂਉਸਿਲ ਆਫ ਇੰਡੀਆ ਆਦਿ ਨੂੰ ਪੱਤਰ ਲਿਖਿਆ ਹੈ ਕਿ ਪਿਛਲੇ ਕੁੱਝ ਮਹੀਨਿਆਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਮਹਿਲਾਵਾਂ ਅਤੇ ਬੱਚਿਆਂ ਨਾਲ ਬਲਾਤਕਾਰ ਅਤੇ ਯੋਨ ਸ਼ੋਸ਼ਣ ਦੀਆਂ ਕਈ ਅਪਰਾਧਿਕ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿੱਚ ਉੱਤਰ ਪ੍ਰਦੇਸ਼ ਦੇ ਹਾਥਰਸ, ਪੰਜਾਬ ਦੇ ਹੁਸ਼ਿਆਰਪੁਰ ਵਿੱਚ ਵਾਪਰੀਆਂ ਅਪਰਾਧਿਕ ਘਟਨਾਵਾਂ ਵਿਸ਼ੇਸ਼ ਤੋਰ ਤੇ ਸ਼ਾਮਿਲ ਹਨ। ਇਨ੍ਹਾਂ ਘਟਨਾਵਾਂ ਦੇ ਖਿਲਾਫ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਕਈ ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਅਤੇ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਸਰਕਾਰੀ ਅਧਿਕਾਰੀਆਂ ਵਲੋਂ ਕਨੂੰਨੀ ਕਾਰਵਾਈ ਕੀਤੀ ਗਈ ਹੈ। ਬਲਾਤਕਾਰ ਅਤੇ ਯੋਨ ਸ਼ੋਸ਼ਣ ਦੀਆਂ ਪੀੜ੍ਹਿਤ ਮਹਿਲਾਵਾਂ ਅਤੇ ਬੱਚਿਆਂ ਸਬੰਧੀ ਜਾਣਕਾਰੀ ਕਈ ਵਾਰ ਉਜਾਗਰ ਹੋਈ ਹੈ। ਕੁੱਝ ਸਮਾਜਿਕ ਅਤੇ ਰਾਜਨੀਤਿਕ ਆਗੂਆਂ ਅਤੇ ਕੁੱਝ ਅਧਿਕਾਰੀਆਂ ਵਲੋਂ ਵੀ ਇਨ੍ਹਾਂ ਪੀੜ੍ਹਿਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਸਬੰਧੀ ਜਾਣਕਾਰੀ ਅਤੇ ਫੋਟੋਆਂ ਉਜਾਗਰ ਕੀਤੀਆਂ ਗਈਆਂ ਹਨ। ਇਸ ਤਰਾਂ ਕਰਨ ਨਾਲ ਮਾਣਯੋਗ ਸੁਪਰੀਮ ਕੌਰਟ ਵਲੋਂ ਰਿੱਟ ਪਟੀਸਨ ਕੇਸ ਨੰਬਰ 565 ਸਾਲ 2012 ਜਿਸਦਾ ਫੈਸਲਾ 11 ਦਸੰਬਰ 2018 ਨੂੰ ਹੋਇਆ ਹੈ ਅਤੇ ਇਸ ਸਬੰਧੀ ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲਿਆ ਦੇ ਮਹਿਲਾ ਸੁਰੱਖਿਆ ਡਵੀਜਨ ਵਲੋਂ ਮਿਤੀ 16 ਜਨਵਰੀ 2019 ਨੂੰ ਵੱਖ ਵੱਖ ਰਾਜਾਂ ਦੇ ਮੁੱਖ ਸਕੱਤਰਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਦੇ ਪ੍ਰਬੰਧਕਾਂ ਨੂੰ ਲਿਖੇ ਪੱਤਰ ਐਫ ਨੰਬਰ 24013/08/ 2015-SC/ST-W (Vol.iii) ਜਿਸਦੀ ਕਾਪੀ ਸਮੂਹ ਰਾਜਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਦੇ ਪ੍ਰਮੁੱਖ ਸਕੱਤਰ ਗ੍ਰਹਿ ਵਿਭਾਗ, ਡਾਇਰੈਕਟਰ ਜਨਰਲ ਆਫ ਪੁਲਿਸ ਨੂੰ ਵੀ ਭੇਜੀ ਗਈ ਹੈ ਰਾਹੀਂ ਜਾਰੀ ਹਦਾਇਤਾਂ ਦੀ ਉਲੰਘਣਾ ਕੀਤੀ ਗਈ ਹੈ। ਮਾਣਯੋਗ ਸੁਪਰੀਮ ਕੌਰਟ ਦੇ ਇਸ ਫੈਸਲੇ ਅਤੇ ਸਰਕਾਰ ਵਲੋਂ ਜਾਰੀ ਹਦਾਇਤਾਂ ਵਿੱਚ ਸਾਫ ਲਿਖਿਆ ਗਿਆ ਹੈ ਕਿ ਕੋਈ ਵੀ ਵਿਅੱਕਤੀ ਕਿਸੇ ਵੀ ਤਰੀਕੇ ਨਾਲ ਬਲਾਤਕਾਰ ਅਤੇ ਯੋਨ ਸ਼ੋਸ਼ਣ ਦੀਆਂ ਪੀੜ੍ਹਿਤ ਮਹਿਲਾਵਾਂ ਅਤੇ ਬੱਚਿਆਂ ਸਬੰਧੀ ਕੋਈ ਵੀ ਅਜਿਹੀ ਜਾਣਕਾਰੀ ਪਬਲਿਸ਼ ਨਹੀਂ ਕਰੇਗਾ ਜਿਸ ਨਾਲ ਉਨ੍ਹਾਂ ਦੀ ਪਹਿਚਾਣ ਉਜਾਗਰ ਹੁੰਦੀ ਹੋਵੇ। ਆਈ ਪੀ ਸੀ ਦੀ ਧਾਰਾ 376,376-ਏ,376-ਏਬੀ,376-ਬੀ,376-ਸੀ, 376-ਡੀ,376-ਡੀਏ, 376-ਡੀਬੀ,376-ਈ ਅਤੇ ਪੋਕਸੋ ਐਕਟ ਅਧੀਨ ਦਰਜ ਮਾਮਲਿਆਂ ਦੀ ਐਫਆਈਆਰ ਪਬਲਿਕ ਡੋਮੇਨ ਤੇ ਅੱਪਲੋਡ ਨਹੀਂ ਕੀਤੀ ਜਾਵੇਗੀ। ਜੇਕਰ ਕੋਈ ਵੀ ਪੀੜ੍ਹਿਤ ਕਰਿਮੀਨਲ ਪ੍ਰੋਸੀਜ਼ਰ ਕੋਡ ਦੀ ਧਾਰਾ 372 ਅਧੀਨ ਅਪੀਲ ਫਾਇਲ ਕਰਦਾ ਹੈ ਤਾਂ ਵੀ ਉਸਦੀ ਪਹਿਚਾਣ ਦੱਸਣਾ ਜਰੂਰੀ ਨਹੀਂ ਹੈ। ਜੇਕਰ ਕਿਸੇ ਅਦਾਲਤ ਜਾਂ ਜਾਂਚ ਏਜੰਸੀ ਵਲੋਂ ਕਿਸੇ ਅਥਾਰਟੀ ਕੋਲ ਪੀੜ੍ਹਿਤ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ ਤਾਂ ਉਸ ਅਥਾਰਟੀ ਦੀ ਜ਼ਿੰਮੇਬਾਰੀ ਹੈ ਕਿ ਉਹ ਇਹ ਸਾਰੀ ਜਾਣਕਾਰੀ ਇੱਕ ਸੀਲਡ ਕਵਰ ਵਿੱਚ ਹੀ ਰੱਖੇ। ਕਿਸੇ ਵੀ ਮਿਤ੍ਰਿਕ ਪੀੜ੍ਹਿਤ ਜਾਂ ਮਾਨਸਿਕ ਤੌਰ ਤੇ ਅਸੰਤੁਲਿਤ ਪੀੜ੍ਹਿਤ ਦੇ ਕਰੀਬੀ ਰਿਸ਼ਤੇਦਾਰ ਵਲੋਂ ਪੀੜ੍ਹਿਤ ਦੀ ਪਹਿਚਾਣ ਆਈਪੀਸੀ ਦੀ ਧਾਰਾ 228 ਏ (2) (ਸੀ) ਮਾਣਯੋਗ ਸੈਸਨ ਜੱਜ ਕੋਲ ਹੀ ਦੱਸੀ ਜਾਵੇਗੀ। ਪੋਕਸੋ ਐਕਟ ਅਧੀਨ ਨਾਬਾਲਗ ਪੀੜ੍ਹਿਤ ਦੀ ਪਹਿਚਾਣ ਬੱਚੇ ਦੀ ਬਿਹਤਰੀ ਨੂੰ ਧਿਆਨ ਵਿੱਚ ਰੱਖਕੇ ਕਿਸੇ ਵਿਸੇਸ ਅਦਾਲਤ ਵਲੋਂ ਹੀ ਇਸਦੀ ਇਜਾਜਤ ਦਿੱਤੀ ਜਾ ਸਕਦੀ ਹੈ।



ਇਸ ਤਰਾਂ ਮਾਣਯੋਗ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਸਰਕਾਰ ਵਲੋਂ ਕਈ ਤਰਾਂ ਦੀਆਂ ਵਿਸੇਸ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਪਰੰਤੂ ਪਿਛਲੇ ਸਮੇਂ ਦੌਰਾਨ ਵਾਪਰੀਆਂ ਕਈ ਅਪਰਾਧਿਕ ਘਟਨਾਵਾਂ ਵਿੱਚ ਕੁੱਝ ਸਮਾਜਿਕ ਤੇ ਰਾਜਨੀਤਿਕ ਆਗੂਆਂ ਅਤੇ ਮੀਡੀਆ ਨਾਲ ਜੁੜ੍ਹੇ ਕੁੱਝ ਵਿਅੱਕਤੀਆਂ ਵਲੋਂ ਪੀੜ੍ਹਿਤ ਪਰਿਵਾਰਾਂ ਦੀ ਵੱਖ ਵੱਖ ਤਰੀਕੇ ਨਾਲ ਪਹਿਚਾਣ ਦਾ ਖੁਲਾਸਾ ਕਰਕੇ ਮਾਣਯੋਗ ਅਦਾਲਤ ਦੇ ਹੁਕਮਾਂ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾਂ ਕੀਤੀ ਗਈ ਹੈ। ਅਜਿਹੇ ਵਿਅਕਤੀਆਂ, ਅਧਿਕਾਰੀਆਂ, ਆਗੂਆਂ ਖਿਲਾਫ ਬਣਦੀ ਕਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਤਰਾਂ ਦੀ ਅਣਗਹਿਲੀ ਨਾਂ ਹੋਵੇ।

**- ਕੁਲਦੀਪ ਚੰਦ**

# ਰਾਸ਼ਟਰਪਤੀ ਟਰੰਪ ਨੇ ਹੋਮਲੈਂਡ ਸਕਿਉਰਿਟੀ ਸਾਈਬਰ ਮੁੱਖੀ ਕ੍ਰਿਸ ਕਰੇਬਸ ਨੂੰ ਕੀਤਾ ਬਰਖਾਸਤ

**ਵਸ਼ਿੰਗਟਨ (ਹੁਸਨ ਲੜੋਆ ਬੰਗਾ)—** ਰਾਸ਼ਟਰਪਤੀ ਡੋਨਾਲਡ ਟਰੰਪ ਹਰ ਉਸ ਅਧਿਕਾਰੀ ਵਿਰੁੱਧ ਕਾਰਵਾਈ ਕਰ ਰਹੇ ਹਨ ਜਿਸ ਨੇ ਚੋਣਾਂ ਵਿਚ ਆਜ਼ਾਦਾਨਾ ਪਹੁੰਚ ਅਪਣਾਈ ਹੈ ਤੇ ਰਿਪਬਲੀਕਨ ਪਾਰਟੀ ਦਾ ਸਾਥ ਦੇਣ ਤੋਂ ਨਾਂਹ ਕਰ ਦਿੱਤੀ ਸੀ। ਟਰੰਪ ਦਾ ਤਾਜ਼ਾ ਸ਼ਿਕਾਰ ਹੋਮਲੈਂਡ ਸਕਿਉਰਿਟੀ ਵਿਭਾਗ ਦਾ ਸਾਇਬਰ ਮੁੱਖੀ ਕ੍ਰਿਸ ਕਰੇਬਸ ਬਣਿਆ ਹੈ। ਲੰਘੀ ਰਾਤ ਟਰੰਪ ਨੇ ਦੋ ਵਾਰ ਟਵੀਟ ਕਰਕੇ ਕ੍ਰਿਸ ਕਰੇਬਸ ਨੂੰ ਬਰਖਾਸਤ ਕਰਨ ਦਾ ਐਲਾਨ ਕੀਤਾ। ਇਨਾਂ ਟਵੀਟਾਂ ਦਾ ਸਿਰਲੇਖ ਹੈ '' ਚੋਣ ਫਰਾਡ ਸਬੰਧੀ ਦਾਅਵਾ ਵਿਵਾਦਤ ਹੈ।'' ਹੋਮਲੈਂਡ ਸਕਿਉਰਿਟੀ ਵਿਭਾਗ ਦੀ ਸਾਈਬਰ ਸਕਿਉਰਿਟੀ ਐਂਡ ਇਨਫਰਾਸਟਰਕਚਰ ਸਕਿਉਰਿਟੀ ਏਜੰਸੀ ਨੇ ਹਾਲ ਹੀ ਵਿਚ ਕਿਹਾ ਸੀ ਕਿ ਆਮ ਚੋਣਾਂ ਅਮਰੀਕੀ ਇਤਿਹਾਸ ਵਿਚ ਸਭ ਤੋਂ ਵਧ ਸੁਰੱਖਿਅਤ ਚੋਣਾਂ ਹਨ। ਏਜੰਸੀ ਨੇ ਆਪਣੇ ਬਿਆਨ ਵਿਚ ਹੋਰ ਸਪੱਸ਼ਟ ਕੀਤਾ ਸੀ ਕਿ '' ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਵੋਟਿੰਗ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ ਜਾਂ ਵੋਟਾਂ ਵਿਚ ਤਬਦੀਲੀ ਕੀਤੀ ਗਈ ਹੈ ਜਾਂ ਚੋਣਾਂ ਸਬੰਧੀ ਹੋਰ ਕਿਸੇ ਕਿਸਮ ਦਾ ਸਮਝੌਤਾ ਕੀਤਾ ਗਿਆ ਹੈ।'' ਏਜੰਸੀ ਦੇ



ਇਸ ਬਿਆਨ ਤੋਂ ਬਾਅਦ ਰਾਸ਼ਟਰਪਤੀ ਟਰੰਪ ਵੱਲੋਂ ਚੋਣਾਂ ਵਿਚ ਧਾਂਦਲੀ ਹੋਣ ਦੀ ਚਲਾਈ ਜਾ ਰਹੀ ਮੁਹਿੰਮ ਨੂੰ ਠਲ ਪੈ ਗਈ ਸੀ। ਕ੍ਰਿਸ ਕਰੇਬਸ ਨੇ ਟਰੰਪ ਦੀ ਕਾਰਵਾਈ ਦੀ ਪੁਸ਼ਟੀ ਕਰਦਿਆਂ ਸੰਖੇਪ ਟਵੀਟ ਵਿਚ ਕਿਹਾ ਹੈ '' ਆਪਣੀ ਸੇਵਾ ਉਪਰ ਮੈਨੂੰ ਮਾਣ ਹੈ। ਅਸੀਂ ਅੱਜ ਨੂੰ ਸੁਰੱਖਿਅਤ ਕਰਕੇ ਕਲ ਸੁਰੱਖਿਅਤ ਕੀਤਾ ਹੈ।'' ਕ੍ਰਿਸ ਦੀ ਬਰਖਾਸਤਗੀ ਉਪੰਰਤ ਡੈਮੋਕਰੈਟਸ ਨੇ ਹੀ ਨਹੀਂ ਬਲਕਿ ਰਿਪਲੀਕਨਾਂ ਨੇ ਵੀ ਟਰੰਪ ਦੇ ਫੈਸਲੇ ਦੀ ਅਚੋਲਨਾ ਕੀਤੀ ਹੈ। ਹਾਊਸ ਇੰਟੈਲੀਜੈਂਸ ਕਮੇਟੀ ਦੇ ਚੇਅਰਮੈਨ ਰਿਪਬ-ਲੀਕਨ ਐਡਮ ਸ਼ਿਫ ਨੇ ਕਿਹਾ ਹੈ ਕਿ ''ਕਰੇਬਸ ਤੇ ਉਸ ਦੇ ਸਟਾਫ਼ ਨੇ ਚੋਣਾਂ ਨੂੰ ਆਜ਼ਾਦਾਨ ਢੰਗ ਨਾਲ ਕਰਵਾਉਣ ਲਈ ਬਹੁਤ ਸਖਤ ਮਿਹਨਤ ਕੀਤੀ ਹੈ। ਉਨਾਂ ਨੇ ਸਮੇਂ-ਸਮੇਂ 'ਤੇ ਅਮਰੀਕੀ ਲੋਕਾਂ ਨੂੰ ਸੂਚਿਤ ਕੀਤਾ ਕਿ ਕੀ ਠੀਕ ਤੇ ਕੀ ਠੀਕ ਨਹੀਂ ਹੈ। ਇਸ ਸੇਵਾ ਲਈ ਸਨਮਾਨ ਦੇਣ ਦੀ ਬਜਾਏ ਟਰੰਪ ਕਰੇਬਸ ਤੇ ਹੋਰ ਅਧਿਕਾਰੀਆਂ ਜਿਨਾਂ ਨੇ ਆਪਣੇ ਫਰਜ ਇਮਾਨਦਾਰੀ ਨਾਲ ਨਿਭਾਏ, ਵਿਰੁੱਧ ਬਦਲੇ ਦੀ ਕਾਰਵਾਈ ਕਰ ਰਿਹਾ ਹੈ।''

# ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪੰਦਰਾਂ ਮਹੀਨੇ ਪਹਿਲਾਂ ਹੀ ਪਰ ਤੋਲਣ ਲੱਗੀਆਂ ਸਿਆਸੀ ਧਿਰਾਂ

ਪੰਜਾਬ 'ਚ ਕਿਸਾਨ ਅੰਦੋਲਨ ਨੇ ਭਾਜਪਾ ਦੇ ਪੰਜਾਬ 'ਚ ਇਕੱਲਿਆਂ ਵਿਧਾਨ ਸਭਾ ਚੋਣਾਂ ਲੜਨ ਦੇ ਸੁਪਨਿਆਂ ਨੂੰ ਬੂਰ ਪਾਇਆ ਹੈ। ਅਕਾਲੀ-ਭਾਜਪਾ ਦਾ ਨਹੁੰ-ਮਾਸ ਦਾ ਰਿਸ਼ਤਾ ਖੇਤੀ ਕਾਨੂੰਨਾਂ ਨੇ ਤੋੜ ਦਿੱਤਾ ਹੈ। ਹਰ ਸਮੇਂ ਭਾਜਪਾ ਦੇ ਸੋਹਲੇ ਗਾਉਣ ਵਾਲੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ (ਬ) ਹੁਣ ਭਾਜਪਾ ਨੂੰ ਕੋਸ ਰਹੀ ਹੈ ਅਤੇ ਪੰਜਾਬ ਵਿੱਚ ਕਿਸਾਨਾਂ ਨਾਲ ਖੜੇ ਹੋਣ ਦਾ ਦਾਅਵਾ ਕਰ ਰਹੀ ਹੈ। ਤਿੰਨ ਦਹਾਕੇ ਅਕਾਲੀ ਦਲ (ਬ) ਅਤੇ ਭਾਜਪਾ ਇਕ ਦੂਜੇ ਦੇ ਸਾਥੀ ਰਹੇ, ਪੂਰਕ ਰਹੇ। ਇਹਨਾਂ ਵਰ੍ਹਿਆਂ ਵਿੱਚ ਕਦੇ ਕਦੇ ਰਿਸ਼ਤਿਆਂ ਵਿੱਚ ਤਰੇੜਾਂ ਵੇਖਣ ਨੂੰ ਮਿਲੀਆਂ ਪਰ "ਟੁੱਟ ਗਈ ਤੜੱਕ ਕਰਕੇ" ਦਾ ਰਿਸ਼ਤਾ ਟੁੱਟਣਾ ਤਾਂ ਸ਼ਾਇਦ ਅਕਾਲੀ ਦਲ (ਬ) ਦੀ ਮਜ਼ਬੂਰੀ ਹੋਵੇ, ਪਰ ਪੰਜਾਬ ਦੇ ਭਾਜਪਾ ਆਗੂਆਂ ਲਈ ਆਪਣੇ ਸੁਪਨੇ ਸਾਧਨ ਦਾ ਸਿਆਸੀ ਪੰਡਿਤ ਇੱਕ ਵੱਡਾ ਮੌਕਾ ਗਰਦਾਨ ਰਹੇ ਹਨ।

ਕਿਸਾਨ ਅੰਦੋਲਨ ਦੌਰਾਨ ਭਾਜਪਾ ਦਾ ਪੰਜਾਬ ਵਿੱਚ ਜੀਊਣਾ ਔਖਾ ਹੋਇਆ ਪਿਆ ਹੈ। ਵੱਡੇ ਆਗੂਆਂ ਦੇ ਘਿਰਾਓ ਹੋ ਰਹੇ ਹਨ, ਪੰਜਾਬ ਦੇ ਕਿਸਾਨ, ਟਰੇਡ ਯੂਨੀਅਨਾਂ ਅਤੇ ਹੋਰ ਧਿਰਾਂ ਖੇਤੀ ਕਾਨੂੰਨਾਂ ਕਾਰਨ ਭਾਜਪਾ ਤੋਂ ਡਾਹਢੇ ਨਾਰਾਜ਼ ਹਨ ਅਤੇ ਕੋਈ ਵੀ ਮੌਕਾ ਇਹੋ ਜਿਹਾ ਨਹੀਂ ਛੱਡ ਰਹੇ, ਜਦੋਂ ਉਹ ਭਾਜਪਾ ਦੀ ਉਪਰਲੀ, ਹੇਠਲੀ ਲੀਡਰਸ਼ਿਪ ਨੂੰ ਪੰਜਾਬ ਤੇ ਪੰਜਾਬੀਆਂ ਦੀ ਹੋਂਦ ਖਤਮ ਕਰਨ ਲਈ ਲਿਆਂਦੇ ਕਾਲੇ ਕਾਨੂੰਨਾਂ ਲਈ ਜੁੰਮੇਵਾਰ ਨਾ ਠਹਿਰਾਉਂਦੇ ਹੋਣ। ਭਾਜਪਾ ਦੇ ਕੁਝ ਆਗੂ ਕਿਸਾਨਾਂ ਦੇ ਵਿਆਪਕ ਵਿਰੋਧ ਕਾਰਨ ਭਾਜਪਾ ਪਾਰਟੀ ਵੀ ਛੱਡ ਰਹੇ ਹਨ। ਪਰ ਭਾਜਪਾ ਇਹਨਾਂ ਕਾਨੂੰਨਾਂ ਨੂੰ ਹੀ ਆਧਾਰ ਬਣਾਕੇ, ਸਮਾਂ ਆਉਂਦਿਆਂ, ਕਿਸਾਨਾਂ ਨਾਲ ਆਪਣੇ ਸੂਬਾਈ ਨੇਤਾਵਾਂ ਰਾਹੀਂ ਇਹੋ ਜਿਹਾ ਸਮਝੌਤਾ ਕਰਨ ਦੀ ਤਾਕ ਵਿੱਚ ਜਾਪਦੀ ਹੈ, ਜਿਸ ਨਾਲ ਉਹ ਆਉਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ, ਸੌਖਿਆ ਲੜ ਸਕੇ ਅਤੇ ਪੰਜਾਬ ਉਤੇ ਆਪਣਾ ਰਾਜ ਕਾਇਮ ਕਰ ਸਕੇ, ਜਿਸ ਉਤੇ ਉਸਦੀ ਵਰ੍ਹਿਆਂ ਪੁਰਾਣੀ ਅੱਖ ਹੈ ਅਤੇ ਲਾਲਸਾ ਵੀ ਹੈ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ 2022 ਫਰਵਰੀ ਵਿੱਚ ਹੋਣੀਆਂ ਹਨ। ਇਹਨਾਂ ਚੋਣਾਂ 'ਚ ਪੰਦਰਾਂ ਮਹੀਨੇ ਬਚੇ ਹਨ। ਪੰਜਾਬ ਦੀ ਹਰ ਸਿਆਸੀ ਧਿਰ ਆਪੋ-ਆਪਣੀ ਰਣਨੀਤੀ ਤਿਆਰ ਕਰ ਰਹੀ ਹੈ। ਭਾਜਪਾ ਬਿਹਾਰ ਜਿੱਤਣ ਤੋਂ ਬਾਅਦ ਦੇਸ਼ ਦੇ ਵੱਡੇ ਪਰ ਮਹੱਤਵਪੂਰਨ ਸੂਬੇ ਪੱਛਮੀ ਬੰਗਾਲ ਅਤੇ ਪੰਜਾਬ 'ਚ ਆਪਣੇ ਰੰਗਾਂ ਦਾ ਪੱਤਾ ਖੇਲਣਾ ਚਾਹੁੰਦੀ ਹੈ। ਪੰਜਾਬ ਲਈ ਉਸਨੇ ਇਕ ਦਲਿਤ ਚਿਹਰਾ ਅਤੇ ਦੂਜਾ ਸਿੱਖ ਚਿਹਰਾ ਸਾਹਮਣੇ ਲਿਆਂਦਾ ਹੈ ਅਤੇ ਇਸ ਨੂੰ ਮਿਸ਼ਨ 2022 ਦਾ ਨਾਮ ਦਿੱਤਾ ਹੈ। ਪੰਜਾਬ 'ਚ ਸਭ ਤੋਂ ਵੱਧ 30 ਫੀਸਦੀ ਵੋਟਰ ਦਲਿਤ ਭਾਈਚਾਰੇ ਦੇ ਹਨ। ਹਰਿਆਣਾ ਤੋਂ ਰਾਜ ਸਭਾ ਮੈਂਬਰ ਦੁਸ਼ੰਅਤ ਕੁਮਾਰ ਗੌਤਮ ਜੋ ਕਿ ਪ੍ਰਭਾਵੀ ਦਲਿਤ ਆਗੂ ਹੈ ਅਤੇ ਜਿਹੜਾ ਭਾਜਪਾ 'ਚ ਕੌਮੀ ਉਪ ਪ੍ਰਧਾਨ ਹੈ, ਨੂੰ ਪੰਜਾਬ ਦੇ ਇਕ ਪ੍ਰਭਾਰੀ ਦੇ ਤੌਰ ਤੇ ਨਿਯੁੱਕਤ ਕੀਤਾ ਹੈ ਅਤੇ ਜੰਮੂ ਕਸ਼ਮੀਰ ਦੇ ਸਿੱਖ ਆਗੂ ਡਾਕਟਰ ਨਰੇਂਦਰ ਸਿੰਘ ਨੂੰ ਉਪ ਪ੍ਰਭਾਰੀ ਬਣਾਇਆ ਹੈ ਜਿਹੜਾ ਪੰਜਾਬ ਦੀ ਸਿਆਸਤ ਅਤੇ ਸਿੱਖ ਸਿਆਸਤ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਭਾਜਪਾ ਜਿਹੜੇ ਮੁੱਖ ਮੁੱਦਿਆਂ ਉੱਤੇ ਕੰਮ ਕਰ ਰਹੀ ਹੈ ਉਹ ਇਹ ਹਨ ਕਿ ਭਾਜਪਾ ਦਾ ਪਿੰਡਾਂ 'ਚ ਕਿਵੇਂ ਪਸਾਰਾ ਕਰਨਾ ਹੈ? ਐਨ ਆਰ ਆਈ (ਪ੍ਰਵਾਸੀ ਪੰਜਾਬੀਆਂ) ਨੂੰ ਕਿਵੇਂ ਆਪਣੇ ਪਾਲੇ ਵਿਚ ਲਿਆਉਣਾ ਹੈ ਅਤੇ ਕਿਸਾਨ ਵੋਟਰਾਂ ਨੂੰ ਕਿਵੇਂ ਖੇਤੀ ਕਾਨੂੰਨਾਂ ਬਾਰੇ ਸਮਝਾਉਣਾ ਹੈ ਅਤੇ ਕਿਵੇਂ ਦਲਿਤ ਵੋਟਰਾਂ 'ਚ ਆਪਣਾ ਪਸਾਰਾ ਕਰਨਾ ਹੈ। ਦਲਿਤ ਵੋਟਰਾਂ ਜਿਹੜੇ ਕਿ ਆਮ ਤੌਰ ਤੇ ਬਸਪਾ ਅਤੇ ਕਾਂਗਰਸ ਦਾ ਵੱਡਾ ਵੋਟ ਬੈਂਕ ਰਹੇ ਹਨ, ਉਹਨਾਂ 'ਚ ਸੰਨ੍ਹ ਲਾਉਣ ਲਈ ਖਾਸ ਕਰਕੇ ਪੰਜਾਬ ਦੇ ਦੁਆਬਾ ਖਿੱਤੇ ਵਿਚ, ਉਸ ਵਲੋਂ ਐੱਸ.ਸੀ. ਸਕਾਲਰਸ਼ਿਪ 'ਚ ਪੰਜਾਬ ਦੇ ਇਕ ਮੰਤਰੀ ਵਲੋਂ ਕਥਿਤ ਘਪਲੇ ਨੂੰ ਲੈਕੇ ਪੰਜਾਬ ਵਿਚ ਵੱਡਾ ਮੁੱਦਾ ਬਣਾਇਆ ਜਾ ਰਿਹਾ ਹੈ। ਪੰਜਾਬ ਦੀ ਕਾਂਗਰਸੀ ਸਰਕਾਰ ਨੂੰ ਘੇਰਿਆ ਜਾ ਰਿਹਾ ਹੈ ਤਾਂ ਕਿ ਭਾਜਪਾ ਦਲਿਤਾਂ ਦੀ ਹਮਦਰਦੀ ਲੈ ਸਕੇ। ਬੀਤੇ ਸਮੇਂ ਵਿੱਚ ਤਾਂ ਪੰਜਾਬ ਦੇ ਵਿਚੋਂ ਉਠੇ ਕਿਸੇ ਵੀ ਪ੍ਰਭਾਵਸ਼ਾਲੀ ਦਲਿਤ ਚਿਹਰੇ ਨੂੰ ਅਕਾਲੀ ਜਾਂ ਕਾਂਗਰਸੀ ਆਪਣੇ ਨਾਲ ਮਿਲਾ ਲਿਆ ਕਰਦੇ ਸਨ ਅਤੇ ਬਸਪਾ ਜੋ ਦਲਿਤਾਂ ਦੀ ਵੱਡੀ ਪਾਰਟੀ ਹੈ, ਉਹ ਆਪਣੀ ਚੰਗੀ ਕਾਰਗੁਜ਼ਾਰੀ ਪੰਜਾਬ 'ਚ ਕਦੇ ਵੀ ਨਹੀਂ ਦਿਖਾ ਸਕੀ।

ਪੰਜਾਬ ਵਿਚ 2022 ਮਿਸ਼ਨ ਨੂੰ ਲੈ ਕੇ ਕਾਂਗਰਸ, ਭਾਜਪਾ, ਬਸਪਾ, ਅਕਾਲੀ ਦਲ (ਬ), ਆਮ ਆਦਮੀ ਪਾਰਟੀ, ਪੰਜਾਬ ਏਕਤਾ ਪਾਰਟੀ, ਅਕਾਲੀ ਦਲ (ਡੈਮੋਕਰੇਟਿਕ), ਲੋਕ ਇਨਸਾਫ ਪਾਰਟੀ ਖੱਬੀਆਂ ਧਿਰਾਂ ਮੈਦਾਨ ਵਿੱਚ ਹੋਣਗੇ। ਸੰਭਾਵਨਾ ਇਸ ਗੱਲ ਦੀ ਬਣੀ ਦਿਸਦੀ ਹੈ ਕਿ ਕਿਉਂਕਿ ਪੰਜਾਬ ਦੇਸ਼ ਦਾ ਸਿਰਫ 13 ਲੋਕ ਸਭਾ ਸੀਟਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸੂਬਾ ਹੋਣ ਦੇ ਬਾਵਜੂਦ ਵੀ, ਦੇਸ਼ ਦੀ ਸੁਰੱਖਿਆ, ਦੇਸ਼ ਦੇ ਅੰਨ ਭੰਡਾਰ ਅਤੇ ਦੇਸ਼ 'ਚ ਵੱਖਰੀ ਸਭਿਆਚਾਰਕ ਪਛਾਣ ਰੱਖਣ ਵਾਲਾ ਹੋਣ ਕਾਰਨ, ਚੋਣਾਂ 'ਚ ਹਰੇਕ ਰਾਸ਼ਟਰੀ ਪਾਰਟੀ 'ਚ ਵੱਡੀ ਮਹੱਹਤਾ ਰੱਖਣ ਵਾਲਾ ਸੂਬਾ ਹੈ। ਪੰਜਾਬ 'ਚ ਰਹਿਣ ਵਾਲੇ ਪੰਜਾਬੀ, ਕਈ ਵਾਰ ਉੱਜੜੇ, ਕਈ ਵਾਰ ਵਸੇ, ਕਈ ਮੁਹਿੰਮਾਂ 'ਚ ਸਮੇਤ ਆਜ਼ਾਦੀ ਦੇ ਵਿਸ਼ੇਸ਼ ਭੂਮਿਕਾ ਨਿਭਾਉਂਦੇ ਰਹੇ ਅਤੇ ਦੇਸ਼ 'ਚ ਐਮਰਜੈਂਸੀ ਸਮੇਂ ਵੱਖਰੀ ਮੋਹਰੀ ਰੋਲ ਨਿਭਾਉਣ ਲਈ ਉਵੇਂ ਹੀ ਜਾਣੇ ਜਾਂਦੇ ਰਹੇ ਹਨ, ਜਿਵੇਂ ਹੁਣ ਪੂਰੇ ਦੇਸ਼ ਵਿੱਚ ਕਿਸਾਨਾਂ ਵਿਰੋਧੀ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਲੋਕ ਸੰਘਰਸ਼ ਵਿੱਢ ਕੇ ਪੂਰੇ ਦੇਸ਼ ਦੇ ਲੋਕਾਂ ਖਾਸ ਕਰਕੇ ਕਿਸਾਨਾਂ ਲਏ ਪ੍ਰਪੱਕਤਾ ਨਾਲ ਲੜਾਈ ਕਰਕੇ ਜਾਣੇ ਜਾ ਰਹੇ ਹਨ। ਉਂਜ ਵੀ ਦੇਸ਼ ਦਾ ਹਰ ਪੱਖੋਂ ਅੱਗੇ ਵਧੂ, ਮੁਕਾਬਲਤਨ ਅਮੀਰ, ਚੰਗੀ ਰਹਿਣੀ ਸਹਿਣੀ ਵਾਲਾ ਸੂਬਾ ਹੋਣ ਕਾਰਨ, ਦੇਸ਼ ਦੀ ਹਰੇਕ ਸਿਆਸੀ ਧਿਰ ਇਸ ਸੂਬੇ ਨੂੰ ਆਪਣੇ ਕਬਜ਼ੇ 'ਚ ਕਰਕੇ ਇਸ ਉਤੇ ਰਾਜ-ਭਾਗ ਚਾਹੁੰਦੀ ਰਹਿੰਦੀ ਹੈ।

ਮੌਜੂਦਾ ਸਿਆਸੀ ਹਾਲਾਤ ਕੁਝ ਇੰਜ ਬਣਦੇ ਜਾ ਰਹੇ ਹਨ ਕਿ ਪੰਜਾਬ ਵਿਚਲੀਆਂ ਅਗਲੀਆਂ ਵਿਧਾਨ ਸੂਬਾਈ ਚੋਣਾਂ ਉਤੇ ਬਿਹਾਰ ਚੋਣਾਂ ਦਾ ਪਰਛਾਂਵਾਂ ਵਿਖਾਈ ਦੇਵੇਗਾ ਅਤੇ ਸਿਆਸੀ ਧਿਰਾਂ ਇਕੱਲੀਆਂ-ਇਕੱਲੀਆਂ ਨਾ ਲੜਕੇ ਸੀਟਾਂ ਦੀ ਲੈ ਦੇ ਕਰਕੇ ਗਠਬੰਧਨ ਕਰਨ ਵੱਲ ਅੱਗੇ ਤੁਰਨਗੀਆਂ।



ਅਕਾਲੀ ਦਲ (ਬ) ਤੋਂ ਨਿਰਾਸ਼ ਹੋਈ ਭਾਜਪਾ, ਸਿੱਖਾਂ 'ਚ ਚੰਗੀ ਸ਼ਾਖ ਰੱਖਣ ਵਾਲੀ ਕਿਸੇ ਧਿਰ, ਸੰਭਵ ਤੌਰ ਤੇ ਆਕਾਲੀ (ਡੈਮੋਕਰੇਟਿਕ) ਨਾਲ ਭਾਈਵਾਲੀ ਵੀ ਕਰ ਸਕਦੀ ਹੈ (ਵੈਸੇ ਜਿਸਦੀ ਸੰਭਾਵਨਾ ਬਹੁਤ ਘੱਟ ਹੈ) ਅਤੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਜਪਾ ਅਤੇ ਬਸਪਾ ਇੱਕ ਪਲੇਟਫਾਰਮ ਉਤੇ ਆਕੇ ਪੰਜਾਬ ਦਾ ਰਾਜ-ਭਾਗ ਹਥਿਆਉਣ ਲਈ ਕਾਰਜਸ਼ੀਲ ਹੋ ਜਾਣ। ਕਾਂਗਰਸ ਅਤੇ ਖੱਬੀਆਂ ਧਿਰਾਂ, ਭਾਜਪਾ ਦਾ ਰੱਥ ਰੋਕਣ ਲਈ ਆਪਸੀ ਜੋੜ-ਮੇਲ ਕਰ ਸਕਦੀਆਂ ਹਨ ਕਿਉਂਕਿ ਬਿਹਾਰ ਵਿੱਚ ਖੱਬੇ ਪੱਖੀ ਧਿਰਾਂ ਨੇ ਜਿੱਥੇ ਮਹਾਂ ਗਠਜੋੜ ਕਾਇਮ ਕਰਨ 'ਚ ਵੱਡੀ ਭੂਮਿਕਾ ਨਿਭਾਈ, ਉਥੇ ਵਿਧਾਨ ਸਭਾ ਦੀਆਂ ਵੱਡੀ ਗਿਣਤੀ ਸੀਟਾਂ ਉਤੇ ਜਿੱਤ ਵੀ ਪ੍ਰਾਪਤ ਕੀਤੀ। ਖੱਬੀਆਂ ਧਿਰਾਂ ਵਿੱਚ ਕਮਿਊਨਿਸਟ ਪਾਰਟੀ, ਕਮਿਊਨਿਸਟ ਪਾਰਟੀ ਮਾਰਕਸੀ, ਕਮਿਊਨਿਸਟ ਪਾਰਟੀ ਮਾਰਕਸੀ-ਲੈਨਿਨ ਸ਼ਾਮਲ ਸਨ। ਬਿਨ੍ਹਾਂ ਸ਼ੱਕ ਕਾਂਗਰਸ ਦੀ ਸਰਕਾਰ ਹੁਣੇ ਹੀ ਚੋਣ ਮੋਡ ਵਿੱਚ ਆ ਚੁੱਕੀ ਹੈ, ਇੱਕ ਪਾਸੇ ਜਿਥੇ ਉਹ ਆਪਣੇ-ਆਪ ਨੂੰ ਕਿਸਾਨ ਹਿਤੈਸ਼ੀ ਦੱਸਣ ਲਈ ਪੂਰਾ ਟਿੱਲ ਲਾ ਰਹੀ ਹੈ, ਉਥੇ ਉਸ ਵਲੋਂ ਕੀਤੇ ਪਹਿਲੇ ਵਾਇਦੇ ਪੂਰੇ ਕਰਨ ਲਈ ਨਿੱਤ ਨਵੀਆਂ ਗ੍ਰਾਂਟਾਂ, ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਅਕਾਲੀ ਦਲ (ਬ) ਜੋ ਇਸ ਵੇਲੇ ਕਿਸਾਨਾਂ ਦੀ ਬੇਵਿਸ਼ਵਾਸੀ ਦਾ ਕਾਰਨ ਬਣ ਚੁੱਕਾ ਹੈ, ਆਪਣੇ ਲਈ ਭਾਈਵਾਲ ਜ਼ਰੂਰ ਤਲਾਸ਼ ਸਕਦਾ ਹੈ। ਇਹ ਭਾਈਵਾਲ ਉਸ ਲਈ ਬਸਪਾ ਵੀ ਹੋ ਸਕਦੀ ਹੈ, ਜਿਸਨੂੰ ਉਹ ਭਾਜਪਾ ਦੇ ਪਾਲੇ ਜਾਣ ਤੋਂ ਰੋਕਣ ਲਈ ਵੱਧ ਸੀਟਾਂ ਆਫ਼ਰ ਕਰ ਸਕਦੀ ਹੈ। ਸਿਆਸੀ ਪੰਡਿਤ ਤਾਂ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ ਕਿ ਅਕਾਲੀਆਂ ਦਲ (ਬ) ਦਾ ਤੇਹ-ਪਿਆਰ ਹਾਲੇ ਭਾਜਪਾ ਨਾਲੋਂ ਖ਼ਤਮ ਨਹੀਂ ਹੋਇਆ। ਜੇਕਰ ਕਿਸਾਨ ਜੱਥੇਬੰਦੀਆਂ ਨਾਲ ਕੇਂਦਰ ਸਰਕਾਰ ਦਾ ਕੋਈ ਨਿ-ਰਣਾਇਕ ਸਮਝੌਤਾ ਹੋ ਜਾਂਦਾ ਹੈ ਤਾਂ ਉਹ ਪਿਛਲਖੁਰੀ ਭਾਜਪਾ ਨਾਲ ਬਰੋਬਰ ਦੀਆਂ ਸੀਟਾਂ ਦੇ ਕੇ ਚੋਣਾਂ ਲੜ ਸਕਦਾ ਹੈ। ਅਤੇ ਭਾਜਪਾ ਅਕਾਲੀ ਦਲ (ਬ) ਦੇ ਬਲਬੂਤੇ ਚੋਣ ਲੜਕੇ, ਜਿਆਦਾ ਸੀਟਾਂ ਲੈਕੇ , ਵੱਡੇ ਭਾਈ ਦੀ ਭੂਮਿਕਾ ਨਿਭਾਕੇ "ਮੁੱਖ ਮੰਤਰੀ" ਦੀ ਦਾਅਵੇਦਾਰ ਬਣ ਸਕਦੀ ਹੈ।

ਆਮ ਆਦਮੀ ਪਾਰਟੀ ਦਿੱਲੀ ਤੋਂ ਬਾਅਦ ਪੰਜਾਬ ਵਿੱਚ ਹੀ ਆਪਣਾ ਭਵਿੱਖ ਵੇਖਦੀ ਹੈ। ਚੋਣ ਮੋਡ ਵਿੱਚ ਆਉਂਦਿਆਂ "ਆਪ" ਨੇ ਆਪਣੇ ਸੰਗਠਨਾਤਮਿਕ ਢਾਂਚੇ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ ਹੈ। ਆਪਣੇ ਪ੍ਰਧਾਨ ਭਗਵੰਤ ਮਾਨ ਅਤੇ ਸੂਬਾ ਇੰਚਾਰਜ ਜਰਨੈਲ ਸਿੰਘ ਦੀ ਅਗਵਾਈ 'ਚ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪਰ ਕਿਸਾਨ ਅੰਦੋਲਨ ਦੌਰਾਨ ਉਸ ਵਲੋਂ ਕੀਤੀਆਂ ਗਲਤੀਆਂ ਉਸਨੂੰ ਕਿਸਾਨਾਂ 'ਚ ਆਪਣਾ ਅਧਾਰ ਬਨਾਉਣ 'ਚ ਔਖਿਆਈਆਂ ਦੇਣਗੀਆਂ। ਇਸ ਵੇਰ, ਪਿਛਲੀ ਚੋਣ ਵਾਂਗਰ ਪ੍ਰਵਾਸੀ ਪੰਜਾਬੀਆਂ ਦਾ ਵੀ ਉਸਨੂੰ ਉਸ ਢੰਗ ਦਾ ਸਹਿਯੋਗ ਪ੍ਰਾਪਤ ਨਹੀਂ ਹੋਏਗਾ, ਕਿਉਂਕਿ ਪ੍ਰਵਾਸੀ ਪੰਜਾਬੀਆਂ ਵਿੱਚ "ਆਮ ਆਦਮੀ ਪਾਰਟੀ" ਦਾ ਅਕਸ ਵੀ ਹੁਣ ਰਿਵਾਇਤੀ ਪਾਰਟੀਆਂ ਕਾਂਗਰਸ, ਭਾਜਪਾ, ਅਕਾਲੀ ਦਲ (ਬ) ਵਰਗਾ ਹੀ ਹੋ ਗਿਆ ਹੈ, ਜਿਹੜੀਆਂ ਸਿਰਫ਼ ਸੱਤਾ ਹਥਿਆਉਣ ਦਾ ਕੰਮ ਕਰਦੀਆਂ ਹਨ ਅਤੇ ਜਿਹੜੀਆਂ ਸਿਆਸਤ ਨੂੰ ਸਮਾਜ ਸੇਵਾ ਵਜੋਂ ਨਹੀਂ ਲੈਂਦੀਆਂ। ਪੰਜਾਬ ਵਿੱਚ ਭਾਵੇਂ "ਲੋਕ ਇਨਸਾਫ਼ ਪਾਰਟੀ" ਦੇ ਬੈਂਸ ਭਰਾ ਅਤੇ "ਪੰਜਾਬ ਏਕਤਾ ਪਾਰਟੀ" ਵਾਲੇ ਸੁਖਪਾਲ ਸਿੰਘ ਖਹਿਰਾ ਸਰਗਰਮ ਹਨ, ਪਰ ਉਹਨਾ ਦੀਆਂ ਸਰਗਰਮੀਆਂ ਦੋ ਤਿੰਨ ਵਿਧਾਨ ਸਭਾ ਹਲਕਿਆਂ ਤੱਕ ਸੀਮਤ ਹਨ ਅਤੇ ਉਹਨਾ ਤੋਂ ਇਹ ਤਵੱਕੋ ਨਹੀਂ ਕੀਤੀ ਜਾਂਦੀ ਕਿ ਉਹ 2022 ਚੋਣਾਂ ਵਿੱਚ ਕੋਈ ਵਿਸ਼ੇਸ਼ ਭੂਮਿਕਾ ਨਿਭਾਉਣ। ਸੰਭਾਵਨਾ ਇਸ ਗੱਲ ਦੀ ਬਣੀ ਹੋਈ ਹੈ ਕਿ ਉਹ ਅਕਾਲੀ ਦਲ (ਡੈਮੋਕ੍ਰੇਟਿਕ) ਨਾਲ ਰਲਕੇ ਅਗਲੀ ਚੋਣ ਲੜਨ, ਕਿਉਂਕਿ ਅਕਾਲੀ ਦਲ (ਬ) ਤੋਂ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਦਲ (ਡੈਮੋਕ੍ਰੇਟਿਕ) ਸਿਆਸੀ ਪਾਰਟੀ ਬਣਾਕੇ ਪੰਜਾਬ 'ਚ ਤੀਜੀ ਧਿਰ ਕਾਇਮ ਕਰਨ ਲਈ ਪੂਰਾ ਟਿੱਲ ਲਾਇਆ ਹੋਇਆ ਹੈ। ਉਹਨਾ ਦਾ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਤੀਜਾ ਫਰੰਟ ਬਨਾਉਣ ਲਈ ਕਾਰਜਸ਼ੀਲ ਹੈ।। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ , ਜੋ ਅਗਲੇ ਛੇ ਮਹੀਨਿਆਂ ਤੱਕ ਹੋਣ ਵਾਲੀ ਹੈ, ਉਸ ਵਿੱਚ ਕਾਬਜ਼ ਧਿਰ ਅਕਾਲੀ ਦਲ (ਬ) ਨੂੰ ਟੱਕਰ ਦੇਣ ਅਤੇ ਬਾਦਲਾਂ ਤੋਂ ਆਜ਼ਾਦ ਕਰਵਾਉਣ ਲਈ ਸੁਖਦੇਵ ਸਿੰਘ ਢੀਂਡਸਾ,ਪ੍ਰਧਾਨ ਅਕਾਲੀ ਦਲ (ਡੈਮੋਕ੍ਰੇਟਿਕ), ਨੇ ਟਕਸਾਲੀ ਅਕਾਲੀ ਧਿਰਾਂ ਅਤੇ ਆਗੂਆਂ ਜਿਹਨਾ ਦੇ ਮੁੱਖੀ ਰਣਜੀਤ ਸਿੰਘ ਬ੍ਰਹਮਪੁਰਾ ਪ੍ਰਧਾਨ ਅਕਾਲੀ ਦਲ (ਟਕਸਾਲੀ), ਰਵੀਇੰਦਰ ਸਿੰਘ ਸਾਬਕਾ ਸਪੀਕਰ ਅਤੇ ਪ੍ਰਧਾਨ ਅਕਾਲੀ ਦਲ 1920, ਭਾਈ ਰਣਜੀਤ ਸਿੰਘ ਸਾਬਕਾ ਜੱਥੇਦਾਰ ਅਕਾਲ ਤਖ਼ਤ, ਬਾਬਾ ਸਰਬਜੋਤ ਸਿੰਘ ਬੇਦੀ ਨੂੰ ਇਕੱਠਿਆਂ ਕਰ ਲਿਆ ਹੈ ਅਤੇ ਇਹਨਾ ਸਭਨਾਂ ਨੇ ਆਪ ਨਿੱਜੀ ਤੌਰ ਤੇ ਵਿਧਾਨ ਸਭਾ ਚੋਣਾਂ ਨਾ ਲੜਨਾ ਤਹਿ ਕੀਤਾ ਹੈ। ਸੁਖਦੇਵ ਸਿੰਘ ਢੀਂਡਸਾ ਆਪ ਚੰਗੇ ਗੁੜ੍ਹੇ ਹੋਏ ਸਿਆਸਤਦਾਨ ਹਨ, ਉਹ ਪ੍ਰਕਾਸ਼ ਸਿੰਘ ਬਾਦਲ ਦੀ ਸੱਜੀ ਬਾਂਹ ਰਹੇ ਹਨ, ਪਰ ਸੁਖਬੀਰ ਸਿੰਘ ਬਾਦਲ ਨੂੰ ਪ੍ਰਕਾਸ਼ ਸਿੰਘ ਬਾਦਲ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਸੰਭਾਲਣ ਅਤੇ ਕਈ ਮਾਮਲਿਆਂ 'ਤੇ ਪਾਰਟੀ ਵਲੋਂ ਗਲਤ ਫ਼ੈਸਲੇ ਲਏ ਜਾਣ ਕਾਰਨ ਉਹ ਕਈ ਹੋਰ ਟਕਸਾਲੀ ਅਕਾਲੀਆਂ ਵਾਂਗਰ ਮਨ 'ਚ ਰੋਸ ਲਈ ਬੈਠੇ ਸਨ ਅਤੇ ਮੌਕੇ ਦੀ ਭਾਲ ਵਿੱਚ ਸਨ ਕਿ ਕਦੋਂ ਅਕਾਲੀ ਦਲ (ਬ) ਦੇ ਕੀਤੇ ਫ਼ੈਸਲਿਆਂ ਸਬੰਧੀ ਨਰਾਜ਼ਗੀ ਦਾ ਤੋੜਾ ਕੱਸਿਆ ਜਾਏ।

ਬਿਨ੍ਹਾਂ ਸ਼ੱਕ ਪੰਜਾਬ ਦੀ ਮੌਜੂਦਾ ਸਰਕਾਰ ਨੇ ਆਪਣੇ ਬਹੁਤੇ ਵਾਇਦੇ ਪੂਰੇ ਨਹੀਂ ਕੀਤੇ। ਕਿਸਾਨ ਕਰਜ਼ਿਆਂ ਦੀ ਮਾਫ਼ੀ ਪੂਰੀ ਨਹੀਂ ਹੋਈ। ਭ੍ਰਿਸ਼ਟਾਚਾਰ ਨੂੰ ਨੱਥ ਨਹੀਂ ਪਈ। ਰੇਤ ਮਾਫੀਆ ਅਤੇ ਹੋਰ ਮਾਫੀਏ ਉਵੇਂ ਹੀ ਕੰਮ ਕਰ ਰਹੇ ਹਨ। ਹਾਕਮ ਸਿਆਸੀ ਲੋਕ ਪ੍ਰਬੰਧਕੀ ਕੰਮਾਂ 'ਚ ਨਿਰਵਿਘਨ ਦਖ਼ਲ ਦਿੰਦੇ ਹਨ, ਜਿਸ ਨਾਲ ਇਨਸਾਫ ਦਾ ਤਰਾਜੂ ਹਿੱਲ ਜਾਂਦਾ ਹੈ। ਵਿਕਾਸ ਦੇ ਕੰਮ ਪੈਸੇ ਦੀ ਤੰਗੀ ਕਾਰਨ ਰਫ਼ਤਾਰ ਨਹੀਂ ਫੜ ਰਹੇ। ਬੇਰੁਜ਼ਗਾਰੀ ਨੇ ਮੂੰਹ ਅੱਡਿਆ ਹੋਇਆ ਹੈ। ਨਸ਼ਿਆਂ ਨੇ ਨੌਜਵਾਨਾਂ ਦੀ ਮੱਤ ਮਾਰੀ ਹੋਈ ਹੈ। ਨੌਜਵਾਨ, ਪ੍ਰਵਾਸੀ ਬਨਣ ਤੋਂ ਮੁੱਖ ਨਹੀਂ ਮੋੜ ਰਿਹਾ। ਪਰ ਕੈਪਟਨ ਸਰਕਾਰ ਵਲੋਂ ਲੋਕ ਸੰਘਰਸ਼ 'ਚ ਕਿਸਾਨਾਂ ਦੇ ਹੱਕ 'ਚ ਭੁਗਤ ਉਸਦੇ ਹੱਕ 'ਚ ਗਈ ਹੈ। ਪੰਜਾਬ ਦੇ ਪਾਣੀਆਂ 'ਤੇ ਵੀ ਉਸਨੇ ਸਾਰੀਆਂ ਸਿਆਸੀ ਧਿਰਾਂ ਨੂੰ ਮੁੱਠ ਕੀਤਾ ਹੈ। ਐਸ ਸੀ ਵਿਦਿਆਰਥੀਆਂ ਲਈ ਸ਼ਕਾਲਰਸ਼ਿਪ ਸਕੀਮ ਵੀ ਸੂਬਾ ਸਰਕਾਰ ਨੇ ਪਾਸ ਕੀਤੀ ਹੈ। ਆਮ ਲੋਕ ਮਹਿਸੂਸ ਕਰਨ ਲੱਗ ਪਏ ਹਨ ਕਿ ਕੇਂਦਰ ਦੀ ਸਰਕਾਰ, ਪੰਜਾਬ ਸਰਕਾਰ ਉਤੇ ਆਰਥਿਕ ਨਾਕੇਬੰਦੀ ਕਰਕੇ ਉਸਨੂੰ ਫੇਲ੍ਹ ਕਰਨਾ ਚਾਹੁੰਦੀ ਹੈ। ਇਸ ਕਰਕੇ ਕਾਂਗਰਸ ਦਾ ਭੈੜਾ ਪ੍ਰਭਾਵ ਹੋਣ ਦੇ ਬਾਵਜੂਦ ਵੀ ਅਗਲੇ ਪੰਜ ਸਾਲਾਂ ਲਈ ਉਸਦੀ ਵਾਪਿਸੀ ਤੋਂ ਸਿਆਸੀ ਪੰਡਿਤ ਇਨਕਾਰ ਨਹੀਂ ਕਰਦੇ।



ਗੁਰਮੀਤ ਪਲਾਹੀ
91-98158-02070

2022 ਦੀਆਂ ਚੋਣਾਂ ਦੇ ਮੁੱਦਿਆਂ 'ਚ ਵੱਡਾ ਮੁੱਦਾ ਖੇਤੀ ਕਾਨੂੰਨ ਤਾਂ ਹੋਣਗੇ ਹੀ, ਭਾਵੇਂ ਕਿ ਇਸ ਮੁੱਦੇ ਨੂੰ ਹੱਲ ਕਰਨ ਲਈ ਅਤੇ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਕੁਝ ਰਾਹਤਾਂ ਦੇਣ ਦਾ ਭਾਜਪਾ ਦੀ ਕੇਂਦਰ ਸਰਕਾਰ ਐਲਾਨ ਦੇਵੇ, ਪਰ ਕਿਸਾਨ ਇਹਨਾ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਿਨ੍ਹਾਂ ਸ਼ਾਂਤ ਨਹੀਂ ਹੋਣਗੇ। ਸੂਬਾ ਸਰਕਾਰ ਵਲੋਂ ਕਰਵਾਇਆ ਜਾ ਰਿਹਾ ਵਿਕਾਸ, ਰੁਜ਼ਗਾਰ ਦੇਣ ਲਈ ਕੀਤੇ ਯਤਨ ਅਤੇ ਨਵੇਂ ਉਲੀਕੇ ਪ੍ਰਾਜੈਕਟ ਤਾਂ ਕਾਂਗਰਸ ਵਲੋਂ ਪ੍ਰਚਾਰੇ ਹੀ ਜਾਣਗੇ। ਪਰ ਨਾਲ ਦੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਸਬੰਧੀ ਘਟਨਾਵਾਂ ਅਤੇ ਇਸ ਸਬੰਧੀ ਅਕਾਲੀ ਦਲ (ਬ) ਸਰਕਾਰ ਦਾ ਰੋਲ ਚਰਚਾ ਦਾ ਵਿਸ਼ਾ ਰਹੇਗਾ।

ਆਮ ਆਦਮੀ ਪਾਰਟੀ ਸਮੇਤ ਹੋਰ ਵਿਰੋਧੀ ਧਿਰਾਂ ਐਸ ਸੀ ਸਕਾਲਰਸ਼ਿਪ ਘੁਟਾਲੇ ਅਤੇ ਦਲਿਤਾਂ ਉਤੇ ਹੋ ਰਹੇ ਜ਼ੁਲਮਾਂ ਨੂੰ ਲੋਕਾਂ ਸਾਹਮਣੇ ਲਿਆਉਣਗੀਆਂ ਅਤੇ ਕੈਪਟਨ ਸਰਕਾਰ ਦੀ ਅਫ਼ਸਰਸ਼ਾਹੀ-ਬਾਬੂਸ਼ਾਹੀ ਸਰਕਾਰ ਉਤੇ ਤਿੱਖੇ ਹਮਲੇ ਵੀ ਕਰਨਗੀਆਂ। ਬੇਰੁਜ਼ਗਾਰੀ ਦਾ ਮੁੱਦਾ ਵੀ ਸੂਬੇ 'ਚ ਭੱਖੇਗਾ।

ਇਹ ਠੀਕ ਹੈ ਕਿ ਕੋਵਿਡ-19 ਦੌਰਾਨ ਕੈਪਟਨ ਸਰਕਾਰ ਸੰਜੀਦਗੀ ਨਾਲ ਲੋਕਾਂ ਨੂੰ ਸੂਬੇ 'ਚ ਸੁਰੱਖਿਅਤ ਰੱਖਣ ਅਤੇ ਸੁਵਿਧਾਵਾ ਦੇਣ ਲਈ ਯਤਨਸ਼ੀਲ ਰਹੀ ਹੈ, ਪਰ ਸੂਬੇ 'ਚ ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾਉਣ ਵਰਗੇ ਕਿਰਤ ਕਾਨੂੰਨ ਮਨਸੂਖ ਕਰਨੇ, ਮਾਫੀਏ ਨੂੰ ਵਧਣ-ਫੁਲਣ ਦੇਣਾ ਅਤੇ ਪੁਲਿਸ ਨੂੰ ਇਸ ਦੌਰਾਨ ਖੁਲ੍ਹਾਂ ਦੇਈ ਰੱਖਣਾ, ਚਰਚਾ 'ਚ ਰਹੇਗਾ। ਪੰਜਾਬ ਦੇ ਪਾਣੀਆਂ ਦੇ ਮਾਮਲੇ 'ਚ ਪੰਜਾਬੀ ਨਾਲ ਕੇਂਦਰ ਸਰਕਾਰਾ ਵਲੋਂ ਕੀਤਾ ਧੱਕਾ, ਵਿਧਾਨ ਸਭਾ 'ਚ ਖੇਤੀ ਕਾਨੂੰਨ ਰੱਦ ਕਰਨ ਉਪਰੰਤ ਰਾਜਪਾਲ ਨੂੰ ਭਾਜਪਾ ਤੋਂ ਬਿਨ੍ਹਾਂ ਸਭਨਾਂ ਪਾਰਟੀਆਂ ਵਲੋਂ ਇਕੱਠਿਆਂ ਮਿਲਣਾ, ਉਪਰੰਤ ਆਮ ਆਦਮੀ ਪਾਰਟੀ ਤੇ ਅਕਾਲੀ ਦਲ (ਬ) ਵਲੋਂ ਰਾਸ਼ਟਰਪਤੀ ਨੂੰ ਨਾ ਮਿਲਣ ਜਾਣਾ ਅਤੇ ਰਾਸ਼ਟਰਪਤੀ ਵਲੋਂ ਸੂਬੇ ਦੇ ਚੁਣੇ ਹੋਏ ਵਿਧਾਇਕਾਂ ਸਮੇਤ ਮੁੱਖ ਮੰਤਰੀ ਦੇ, ਨਾ ਮਿਲਣਾ ਚੋਣਾਂ 'ਚ ਵੱਡਾ ਮੁੱਦਾ ਬਣਿਆ ਦਿਸੇਗਾ। ਬਿਨ੍ਹਾਂ ਸ਼ੱਕ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ ਅਤੇ ਕੋਵਿਡ-19 ਦੌਰਾਨ ਸੰਘੀ ਸਰਕਾਰਾਂ ਦੀ ਸੰਘੀ ਘੁੱਟਕੇ ਸੂਬਿਆਂ ਦੇ ਅਧਿਕਾਰ ਕੇਂਦਰ ਸਰਕਾਰ ਵਲੋਂ ਖੋਹੇ ਜਾਣਾ ਵੀ ਪੰਜਾਬ ਵਿਧਾਨ ਸਭਾ ਚੋਣਾਂ 'ਚ ਮੁੱਖ ਮੁੱਦੇ ਬਨਣਗੇ।

ਇਥੇ ਇਹ ਗੱਲ ਕਰਨੀ ਕੁਥਾਵੀਂ ਨਹੀਂ ਹੋਵੇਗੀ ਕਿ ਪੰਜਾਬ ਵਿੱਚ ਸੰਘਰਸ਼ ਕਰ ਰਹੀ ਕਿਰਸਾਨੀ ਵਿਚੋਂ ਨਵੀਂ ਸਿਆਸੀ ਲੀਡਰਸ਼ਿਪ ਪੈਦਾ ਹੋ ਸਕਦੀ ਹੈ, ਜਿਹੜੀ ਪੰਜਾਬ ਦੇ ਮੁੱਦਿਆਂ, ਮਸਲਿਆਂ ਨੂੰ ਲੈ ਕੇ ਪੰਜਾਬ ਦੇ ਲੋਕ ਉਭਾਰ ਨੂੰ ਆਪਣੇ ਹੱਕ 'ਚ ਭੁੰਨਾ ਸਕਦੀ ਹੈ, ਪਰ ਇਹ ਤਦੇ ਸੰਭਵ ਹੋਏਗਾ ਜੇਕਰ ਕਿਸਾਨ ਨੇਤਾ ਜਾਂ ਇਸ ਲਹਿਰ ਨਾਲ ਜੁੜੇ ਲੋਕ ਆਪਣਾ ਹੁਣ ਵਾਲਾ ਸਿਆਸੀ ਪਿਛੋਕੜ ਭੁਲਾ ਕੇ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਇਕਮੁੱਠ ਕਰਕੇ ਸਿਆਸੀ ਚੇਤਨਾ ਨਾਲ, ਘੱਟੋ-ਘੱਟ ਪ੍ਰੋਗਰਾਮ, ਜਿਸ ਵਿੱਚ ਪੰਜਾਬ ਦੇ ਪਾਣੀਆਂ, ਸੂਬਿਆਂ ਨੂੰ ਵੱਧ ਅਧਿਕਾਰ, ਪੰਜਾਬ ਲਈ ਰਾਜਧਾਨੀ, ਕਾਲੇ ਖੇਤੀ ਕਾਨੂੰਨਾਂ ਦੀ ਵਾਪਿਸੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਾਫੀਏ ਦੇ ਖਾਤਮੇ ਦੇ ਮੁੱਦੇ ਤਹਿ ਕਰਕੇ ਇਕੋ ਪਲੇਟਫਾਰਮ 'ਤੇ ਅੱਗੇ ਵਧਣ।

# ਦਿੱਲੀ 'ਚ ਦੁਬਾਰਾ ਫਿਰ ਲੱਗ ਸਕਦਾ ਹੈ ਲੌਕਡਾਊਨ

**ਨਵੀਂ ਦਿੱਲੀ-** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਨੂੰ ਕੇਂਦਰ ਤੋਂ ਉਨ੍ਹਾਂ ਬਾਜ਼ਾਰ ਵਾਲੇ ਇਲਾਕਿਆਂ ਵਿੱਚ ਤਾਲਾਬੰਦੀ ਕਰਨ ਦੇ ਅਧਿਕਾਰੀ ਦੀ ਮੰਗ ਕੀਤੀ ਹੈ, ਜਿਹੜੇ ਕੋਵਿਡ-19 ਦਾ 'ਹੌਟਸਪੌਟ' ਬਣ ਸਕਦੇ ਹਨ। ਉਨ੍ਹਾਂ 200 ਲੋਕਾਂ ਦੇ ਵਿਆਹ ਸਮਾਰੋਹ ਵਿਚ ਸ਼ਾਮਲ ਹੋਣ ਦੇ ਆਦੇਸ਼ ਨੂੰ ਵਾਪਸ ਲੈਣ ਦੀ ਬੇਨਤੀ ਵੀ ਕੀਤੀ। ਮੀਡੀਆ ਨੂੰ ਆਨਲਾਈਨ




ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਸਰਕਾਰ ਨੇ ਉਪ ਰਾਜਪਾਲ ਨੂੰ ਪ੍ਰਸਤਾਵ ਭੇਜਿਆ ਹੈ ਕਿ ਉਹ 200 ਦੀ ਬਜਾਏ ਸਿਰਫ 50 ਲੋਕਾਂ ਨੂੰ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਦੇਵੇ। ਉਨ੍ਹਾਂ ਇਹ ਮੰਗ ਵੀ ਕੀਤੀ ਕਿ ਸੰਭਾਵੀ ਹੌਟਸਪਾਟ ਬਾਜ਼ਾਰ ਵਾਲੇ ਇਲਾਕਿਆਂ ਵਿੱਚ ਤਾਲਾਬੰਦੀ ਕਰਨ ਦੇ ਅਧਿਕਾਰ ਵੀ ਰਾਜ ਸਰਕਾਰ ਨੂੰ ਦਿੱਤੇ ਜਾਣ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਘੱਟੋ ਘੱਟ ਸਮਰਥਨ ਮੁੱਲ ਅਤੇ ਵੱਧ ਤੋਂ ਵੱਧ ਪ੍ਰਚੂਨ ਮੁੱਲ ਦੀ ਅਸਲੀਅਤ

ਘੱਟੋ ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਇੱਕ ਖੇਤੀਬਾੜੀ ਉਤਪਾਦ ਕੀਮਤ ਹੈ ਜੋ ਭਾਰਤ ਸਰਕਾਰ ਦੁਆਰਾ ਕਿਸਾਨੀ ਤੋਂ ਸਿੱਧੇ ਖੇਤੀਬਾੜੀ ਉਤਪਾਦ ਖਰੀਦਣ ਲਈ ਨਿਰਧਾਰਤ ਕੀਤੀ ਜਾਂਦੀ ਹੈ । ਭਾਰਤ ਸਰਕਾਰ ਸਾਲ ਵਿਚ ਦੋ ਵਾਰੀ 2 3 ਚੀਜ਼ਾਂ ਦੀ ਕੀਮਤ ਤੈਅ ਕਰਦੀ ਹੈ। ਇਹ ਰੇਟ ਕਿਸਾਨ ਦੀ ਫਸਲ ਦੇ ਘੱਟੋ ਘੱਟ ਮੁਨਾਫਿਆਂ ਦੀ ਰਾਖੀ ਲਈ ਹੈ। ਪਰ ਕਿਸਾਨ ਨੂੰ ਦੋ ਚਾਰ ਮੁੱਖ ਫ਼ਸਲਾਂ ਤੋਂ ਬਿਨਾਂ ਬਾਕੀ ਫ਼ਸਲਾਂ ਇਸ ਤੈਅ ਘੱਟੋ-ਘੱਟ ਸਮਰਥਨ ਮੁੱਲ ਤੋਂ ਵੀ ਘੱਟ ਮੁੱਲ ਤੇ ਵੇਚਣੀਆਂ ਪੈਦੀਆਂ ਹਨ। ਇਹੀ ਕਾਰਨ ਹੈ ਕਿ ਕਿਸਾਨ ਫ਼ਸਲੀ ਵਿਭਿੰਨਤਾ ਅਪਣਾਉਣ ਤੋਂ ਕੰਨੀ ਕਤਰਾਉਂਦੇ ਹਨ ਕਿਉਂਕਿ ਜਾਂ ਤਾਂ ਉਨ੍ਹਾਂ ਦੀ ਵਿਭਿੰਨ ਫ਼ਸਲ ਦਾ ਮੰਡੀਕਰਨ ਨਹੀਂ ਹੁੰਦਾ ਜੇ ਹੁੰਦਾ ਹੈ ਤਾਂ ਕੀਮਤ ਪੂਰੀ ਨਹੀਂ ਮਿਲਦੀ। ਦੂਜੇ ਪਾਸੇ ਤਿਆਰ ਤੇ ਪੈਕਟ ਬੰਦ ਉਤਪਾਦਾਂ ਲਈ ਵੱਧ ਤੋਂ ਵੱਧ ਪ੍ਰਚੂਨ ਕੀਮਤ (ਐਮ. ਆਰ. ਪੀ.) ਇੱਕ ਨਿਰਮਾਤਾ ਦੀ ਗਣਨਾ ਕੀਤੀ ਕੀਮਤ ਹੈ ਜੋ ਕਿ ਸਭ ਤੋਂ ਵੱਧ ਕੀਮਤ ਹੈ ਜੋ ਭਾਰਤ ਵਿੱਚ ਵੇਚੇ ਗਏ ਉਤਪਾਦ ਲਈ ਵਸੂਲ ਕੀਤੀ ਜਾ ਸਕਦੀ ਹੈ। ਹਾਲਾਂਕਿ ਨਿਰਮਾਤਾ ਦੁਆਰਾ ਿ ਨਰਧਾਰਤ ਕੀਤੀ ਕੀਮਤ ਸਿਰਫ ਇਕ ਸਿਫਾਰਸ਼ ਹੁੰਦੀ ਹੈ ਇਹ ਕਾਨੂੰਨ ਦੁਆਰਾ ਲਾਗੂ ਨਹੀਂ ਹੁੰਦੀ ਰਿਟੇਲਰ ਐਮਆਰਪੀ ਤੋਂ ਘੱਟ ਵਿੱਚ ਉਤਪਾਦ ਵੇਚਣ ਦੀ ਚੋਣ ਕਰ ਸਕਦੇ ਹਨ। ਭਾਰਤ ਵਿਚ ਸਾਰੇ ਪ੍ਰਚੂਨ ਉਤਪਾਦਾਂ ਨੂੰ ਐਮਆਰਪੀ ਨਾਲ ਮਾਰਕ ਕਰਨਾ ਲਾਜ਼ਮੀ ਹੈ। ਦੁਕਾਨਾਂ ਗਾਹਕਾਂ ਤੋਂ ਐਮਆਰਪੀ ਤੋਂ ਵੱਧ ਪੈਸੇ ਨਹੀਂ ਲੈ ਸਕਦੀਆਂ। ਕੁਝ ਦੁਕਾਨਾਂ ਆਪਣੇ ਗਾਹਕਾਂ ਨੂੰ ਆਪਣੇ ਵੱਲ ਖਿੱਚਣ ਲਈ ਐਮਆਰਪੀ ਤੋਂ ਥੋੜ੍ਹੀ ਜਿਹੀ ਘੱਟ ਕੀਮਤ ਵਸੂਲ ਕਰਦੀਆਂ ਹਨ। ਪਰ ਕੁਝ ਦੂਰ-ਦੁਰਾਡੇ ਇਲਾਕਿਆਂ ਵਿੱਚ ਸੈਰ-ਸਪਾਟਾ ਸਥਾਨਾਂ ਅਤੇ ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਇਕ ਉਤਪਾਦ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ, ਖਪਤਕਾਰਾਂ ਤੋਂ ਅਕਸਰ ਗੈਰ ਕਾਨੂੰਨੀ ਢੰਗ ਨਾਲ ਐਮਆਰਪੀ ਤੋਂ ਵੱਧ ਸ਼ੁਲਕ ਲਏ ਜਾਂਦੇ ਹਨ।

ਅਸੀਂ ਅਕਸਰ ਵੇਖਦੇ ਹਾਂ ਕਿ ਵੱਡੇ ਵੱਡੇ ਬ੍ਰਾਂਡ ਐਮ. ਆਰ. ਪੀ. ਤੇ 20 ਪ੍ਰਤੀਸ਼ਤ ਤੋਂ ਲੈ ਕੇ 70 ਪ੍ਰਤੀਸ਼ਤ ਤੱਕ ਡਿਸਕਾਉਂਟ ਦਾ ਐਲਾਨ ਕਰਦੇ ਰਹਿੰਦੇ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਉਹ ਲਾਗਤ ਅਤੇ ਮੁਨਾਫ਼ੇ ਤੋਂ ਕਿੰਨੀ ਜ਼ਿਆਦਾ ਕੀਮਤ ਮਾਰਕ ਕਰਦੇ ਹਨ ਕਿਉਂਕਿ ਉਸ ਸਮੇਂ ਵੀ ਉਹ ਕੁਝ ਕਮਾ ਕੇ ਹੀ ਵੇਚ ਰਹੇ ਹੁੰਦੇ ਹਨ। ਇਸ ਲਈ ਐਮ. ਐਸ. ਪੀ. ਦੇ ਨਾਲ ਨਾਲ ਸਾਨੂੰ ਸਰਕਾਰ ਤੋਂ ਐਮ. ਆਰ. ਪੀ. ਨਿਰਧਾਰਿਤ ਕਰਨ ਦਾ ਵੀ ਕੋਈ ਪੈਮਾਨਾ ਬਣਾਉਣ ਦੀ ਮੰਗ ਕਰਨੀ ਚਾਹੀਦੀ ਹੈ।

**ਚਾਨਣ ਦੀਪ ਸਿੰਘ ਔਲਖ 9876888177**

# ਮਨੁੱਖ ਤੋਂ ਦੂਰ



ਪ੍ਰਿੰਸੀਪਲ ਪ੍ਰੇਮਲਤਾ
91-98143-41746

ਜੰਗਲ ਦੇ ਹਾਥੀਆਂ ਵਿੱਚ ਇੱਕ ਬੱਚਾ ਹਾਥੀ ਰਾਜੂ, ਪਿਆਰ ਅਤੇ ਮਨੋਰੰਜਨ ਦੇ ਇੱਕ ਖਿਡੌਣੇ ਵਾਂਗ ਸੀ। ਵੱਡੇ ਹਾਥੀ ਰਾਜੂ ਨੂੰ ਸਦਾ ਆਪਣੇ ਝੁੰਡ ਦੇ ਵਿਚਕਾਰ ਰੱਖਦੇ ਸਨ। ਇੱਕ ਦਿਨ ਜਦੋਂ ਰਾਜੂ ਇੱਕ ਵੱਡੇ ਟੋਏ ਵਿੱਚ ਡਿੱਗ ਗਿਆ ਤਾਂ ਝੁੰਡ ਦੇ ਹਾਥੀ ਘੇਰਾ ਬਣਾਕੇ ਉਸਨੂੰ ਬਾਹਰ ਕੱਢਣ ਦੀ ਵਿਉਂਤ ਬਣਾਉਣ ਲੱਗੇ। ਹਾਥੀਆਂ ਨੇ ਟੋਏ ਦਾ ਇੱਕ ਕਿਨਾਰਾ ਪੂਰੀ ਤਰਾਂ ਮਿੱਧ ਕੇ ਪੌੜੀ ਵਾਂਗ ਬਣਾ ਲਿਆ। ਇੱਕ ਵੱਡਾ ਹਾਥੀ ਥੱਲੇ ਉਤਰਿਆ, ਰਾਜੂ ਨੂੰ ਆਪਣੀ ਸੁੰਡ ਨਾਲ਼ ਉੱਪਰ ਵੱਲ ਧੱਕਿਆ, ਉੱਪਰ ਖੜ੍ਹੇ ਇੱਕ ਹਾਥੀ ਨੇ ਰਾਜੂ ਦੀ ਸੁੰਡ ਵਿੱਚ ਸੁੰਡ ਫਸਾ ਕੇ, ਉੱਪਰ ਵੱਲ ਨੂੰ ਖਿੱਚਿਆ, ਰਾਜੂ ਦੇ ਉੱਪਰ ਆਉਣ ਤੇ ਹਾਥੀਆਂ ਦੇ ਸਾਂਹ ਵਿੱਚ ਸਾਂਹ ਆਏ। ਹੁਣ ਰਾਜੂ ਦੀ ਮਾਂ ਉਸਨੂੰ ਸਦਾ ਆਪਣੇ ਅੰਗ-ਸੰਗ ਰੱਖਦੀ ਸੀ।

ਸ਼ਿਕਾਰੀਆਂ ਦੀ ਭੈੜੀ ਨਜ਼ਰ ਰਾਜੂ ਉੱਪਰ ਪੈ ਚੁੱਕੀ ਸੀ। ਕਈ ਦਿਨਾਂ ਦੀ ਵਿਉਂਤਬੰਦੀ ਤੋਂ ਬਾਅਦ ਉਹ ਰਾਜੂ ਨੂੰ ਹਾਥੀਆਂ ਦੇ ਝੁੰਡ ਤੋਂ ਨਿਖੇੜਨ ਵਿੱਚ ਕਾਮਯਾਬ ਹੋ ਗਏ। ਰਾਜੂ ਨੂੰ ਵੱਡੇ ਟੈਂਪੂ ਵਿੱਚ ਲੱਦ ਕੇ ਆਪਣੇ ਟਿਕਾਣੇ ਤੇ ਲੈ ਗਏ। ਫੇਰ ਪੂਰੇ ਇੱਕ ਲੱਖ ਵਿੱਚ ਫੇਰੀ ਵਾਲੇ ਲੈ ਗਏ। ਉੱਧਰ ਹਾਥੀਆਂ ਦੇ ਝੁੰਡ ਨੇ, ਰਾਜੂ ਦੇ ਵਿਛੋੜੇ ਕਾਰਨ ਖਾਣਾ-ਪੀਣਾ ਛੱਡ ਰੱਖਿਆ ਸੀ। ਕਈ ਦਿਨਾਂ ਦੀ ਮਾਯੂਸੀ ਤੋਂ ਬਾਅਦ ਝੁੰਡ ਚੱਲਣ-ਫਿਰਨ ਲੱਗਿਆ।

ਰਾਜੂ ਦੀ ਸਿਖਲਾਈ ਸ਼ੁਰੂ ਹੋ ਚੁੱਕੀ ਸੀ। ਉਹ ਮੂਹਰਲੀਆਂ ਲੱਤਾਂ, ਉੱਪਰ ਵੱਲ ਚੁੱਕ ਕੇ ਖੜਾ ਹੋਣ ਲੱਗ ਪਿਆ। ਫੇਰ ਉਹ ਸੁੰਡ ਨਾਲ਼ ਫੁੱਟਬਾਲ ਤੇ ਕਿੱਕ ਮਾਰਨ ਲੱਗ ਪਿਆ। ਉਹ ਮਾਲਕ ਲਈ ਚੰਗੀ ਕਮਾਈ ਕਰਨ ਲੱਗ ਪਿਆ ਸੀ। ਬੱਚਿਆਂ ਦੀ ਮਨਪਸੰਦ ਸਵਾਰੀ ਵੀ ਬਣ ਜਾਂਦਾ ਸੀ। ਉਸਨੂੰ ਤਮਾਸ਼ਾ ਦਿਖਾਉਂਦੇ ਕਈ ਸਾਲ ਲੰਘ ਗਏ। ਹੁਣ ਉਹ ਜੰਗਲ ਨੂੰ ਪੂਰੀ ਤਰ੍ਹਾਂ ਭੁੱਲ ਗਿਆ ਸੀ।

ਫੇਰੀਵਾਲਿਆਂ ਤੋਂ, ਰਾਜੂ ਨੂੰ ਇੱਕ ਸ਼ਰਾਬੀ ਦੁੱਗਣੇ ਪੈਸਿਆਂ ਚ ਖਰੀਦ ਕਰਕੇ ਲੈ ਗਿਆ। ਵਧੀਆ ਖੇਡ ਦਿਖਾਉਣ ਲਈ ਜਿੱਥੇ ਸ਼ਰਾਬੀ ਆਪ ਸ਼ਰਾਬ ਪੀਂਦਾ ਸੀ, ਉੱਥੇ ਰਾਜੂ ਨੂੰ ਵੀ ਪਿਲਾਉਣ ਲੱਗ ਪਿਆ। ਰਾਜੂ ਦੇ ਖੇਡ ਦਿਖਾਉਣ ਅਤੇ ਸਵਾਰੀ ਕਰਵਾਉਣ ਦੀ ਪ੍ਰਕ੍ਰਿਆ ਪੂਰੀ ਤਰ੍ਹਾਂ ਵਿਗੜ ਗਈ। ਸ਼ਰਾਬੀ ਨੂੰ ਰਾਜੂ ਦੀ ਗਲਤੀ ਕਾਰਨ ਕਈ ਵਾਰ ਹਰਜਾਨਾ ਭਰਨਾ ਪਿਆ।

ਜਦੋਂ ਸ਼ਰਾਬੀ ਨਸ਼ੇ ਵਿੱਚ ਟੁੱਨ ਹੋ ਜਾਂਦਾ ਸੀ ਤਾਂ ਰਾਜੂ ਨੇੜੇ ਦੇ ਇਲਾਕੇ ਵਿੱਚ ਇਕੱਲਾ ਹੀ ਨਿਕਲ ਜਾਂਦਾ ਸੀ। ਜਦੋਂ ਭੁੱਖਾ ਹੁੰਦਾ ਤਾਂ ਉਹ ਕੂੜੇ ਦੇ ਢੇਰ ਵਿੱਚੋਂ ਕੂੜਾ ਖਾ ਕੇ ਆਪਣਾ ਢਿੱਡ ਭਰ ਲੈਂਦਾ ਸੀ। ਇੱਕ ਦਿਨ ਜਦੋਂ ਭੁੱਖ ਨੇ ਉਸਨੂੰ ਸਤ-ਾਇਆ ਤਾਂ ਉਸਨੇ ਕੇਲਿਆਂ ਦੀ ਰੇਹੜੀ ਉੱਪਰ ਹਮਲਾ ਬੋਲ ਦਿੱਤਾ। ਗੱਲ ਥਾਣੇ ਤੱਕ ਪਹੁੰਚ ਗਈ। ਸ਼ਰਾਬੀ ਨੂੰ ਫੇਰ ਹਰਜਾਨਾ ਭਰਨਾ ਪਿਆ।

ਹੁਣ ਸ਼ਰਾਬੀ ਨੇ ਰਾਜੂ ਦੀ ਲੱਤ ਨੂੰ ਕਿੱਲਾਂ ਵਾਲੇ ਸੰਗਲ ਨਾਲ਼ ਘਰ ਦੇ ਪਿਛਲੇ ਪਾਸੇ ਬੰਨ੍ਹ ਦਿੱਤਾ। ਦੁਨੀਆਂ ਚੱਲਦੀ-ਫਿਰਦੀ ਸੀ, ਪਰ ਰਾਜੂ ਉੱਥੇ ਦਾ ਉੱਥੇ ਬੰਨ੍ਹਿਆਂ ਖੜਾ ਰਹਿੰਦਾ। ਉਸਦੀ ਇੱਕੋ ਹੀ ਪੇਸ਼ ਚੱਲਦੀ ਸੀ, ਖੁੱਲ੍ਹ ਕੇ ਰੋ ਲੈਂਦਾ ਸੀ। ਗਰਮੀ, ਫੇਰ ਮੀਂਹ, ਫੇਰ ਅੱਤ ਦੀ ਸਰਦੀ ਸਭ ਉੱਪਰ ਦੀ ਲੰਘਦੇ ਜਾਂਦੇ। ਖਾਣ ਨੂੰ ਵੀ ਬਹੁਤ ਘੱਟ ਮਿਲਦਾ ਸੀ। ਮੂੰਹ ਉੱਪਰ ਮੱਖੀਆਂ ਨੇ ਡੇਰਾ ਜਮਾ ਰੱਖਿਆ ਸੀ। ਸਭ ਨੂੰ ਇੰਜ ਲੱਗਦਾ ਸੀ, ਪਸ਼ੂ ਹੈ, ਪਸ਼ੂਆਂ ਨੂੰ ਤਾਂ ਬੰਨ੍ਹ ਕੇ ਹੀ ਰੱਖਿਆ ਜਾਂਦਾ ਹੈ। ਆਂਢ-ਗੁਆਂਢ ਦੇ ਲੋਕ ਬਚੀਆਂ-ਖੁਚੀਆਂ ਸਬਜ਼ੀਆਂ ਉਸ ਅੱਗੇ ਪਾ ਜਾਂਦੇ ਸਨ। ਹੁਣ ਉਸਨੂੰ ਅਚੰਭੇ ਨਾ਼ਲ ਦੇਖਣ ਵਾਲਾ ਕੋਈ ਨਹੀਂ ਸੀ। ਜਦੋਂ ਕੋਈ ਵਿਅਕਤੀ ਰਾਜੂ ਦੇ ਨਜ਼ਦੀਕ ਆਉਂਦਾ ਤਾਂ ਅੱਖਾਂ ਦੇ ਅੱਥਰੂਆਂ ਨਾ਼ਲ ਹੀ ਆਪਣੀ ਗੱਲ ਸੁਣਾਉਣਾ ਚਾਹੁੰਦਾ ਹੁੰਦਾ ਸੀ। ਇੱਕੋ ਥਾਂ ਉੱਪਰ ਬੰਨ੍ਹੇ ਨੂੰ ਦਸ ਸਾਲ ਬੀਤ ਚੁੱਕੇ ਸਨ। ਹੁਣ ਤਾਂ ਖੜੇ ਹੋਣ ਦੀ ਵੀ ਹਿੰਮਤ ਖ਼ਤਮ ਹੋ ਚੁੱਕੀ ਸੀ।

ਅੱਤ ਦੇ ਨਸ਼ੇ ਕਾਰਨ ਸ਼ਰਾਬੀ ਦੀ ਆਤਮਾ ਮਰ ਚੁੱਕੀ ਸੀ, ਉਹ ਇੱਕ ਜਿੱਦੀ ਅਤੇ ਕਲੇਸ਼ੀ ਬਣ ਚੁੱਕਾ ਸੀ। ਕੋਈ ਉਸਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਕਰਦਾ ਸੀ।

ਇੱਕ ਦਿਨ ਇੱਕ ਜੰਗਲੀ ਜੀਵ ਪ੍ਰੇਮੀ ਦੀ ਨਜ਼ਰ ਇਸ ਹਾਥੀ ਉੱਪਰ ਪਈ ਤਾਂ ਉਸਨੇ ਹਾਥੀ ਨੂੰ ਅਜ਼ਾਦ ਕਰਵਾਉਣ ਦਾ ਬੀੜਾ ਚੁੱਕ ਲਿਆ। ਜਦੋਂ ਜੰਗਲੀ ਜੀਵ ਪ੍ਰੇਮੀ ਸੰਗਠਨ ਦੇ ਮੈਂਬਰਾਂ ਨੇ ਸ਼ਰਾਬੀ ਨਾ਼ਲ ਗੱਲ ਕੀਤੀ ਤਾਂ ਉਸਨੇ ਹਾਥੀ ਨੂੰ ਅਜ਼ਾਦ ਕਰਨ ਦੇ ਦੁੱਗਣੇ ਪੈਸੇ ਮੰਗ ਲਏ।

ਸੰਗਠਨ ਨੇ ਫ਼ੈਸਲਾ ਕੀਤਾ ਹਾਥੀ ਨੂੰ ਕੋਰਟ ਰਾਹੀਂ ਛੁਡਾਇਆ ਜਾਵੇ। ਕਿਸੇ ਨੇ ਸੱਚ ਹੀ ਕਿਹਾ ਹੈ: ਕਾਨੂੰਨ ਅੰਨ੍ਹਾ ਹੁੰਦਾ ਹੈ। ਇਹ ਤਰਸ ਨਹੀਂ ਕਰਦਾ। ਕਾਨੂੰਨੀ ਪ੍ਰਕ੍ਰਿਆ ਨੂੰ ਚੱਲਦਿਆਂ ਇੱਕ ਸਾਲ ਲੰਘ ਗਿਆ। ਆਖੀਰ ਵਿੱਚ ਰਾਜੂ ਨੂੰ ਅਜ਼ਾਦ ਕਰਨ ਦਾ ਫ਼ੈਸਲਾ ਹੋਇਆ।

ਸੰਗਠਨ ਦੇ ਮੈਂਬਰ ਆਪਣੇ ਨਾ਼ਲ ਪਸ਼ੂਆਂ ਦੇ ਡਾਕਟਰ ਨੂੰ ਲੈ ਕੇ, ਰਾਜੂ ਨੂੰ ਅਜ਼ਾਦ ਕਰਵਾਉਣ ਪਹੁੰਚ ਗਏ। ਬੇੜੀ ਦੀਆਂ ਕਿੱਲਾਂ, ਰਾਜੂ ਦੇ ਮਾਸ ਦੇ ਅੰਦਰ ਤੱਕ ਖੁੱਭੀਆਂ ਸਨ। ਕਿੱਲਾਂ ਨੂੰ ਆਪ੍ਰੇਸ਼ਨ ਨਾ਼ਲ ਕੱਢਿਆ ਗਿਆ।

ਕਈ ਦਿਨਾਂ ਦੀ ਪੌਸ਼ਟਿਕ ਖੁਰਾਕ ਤੋਂ ਬਾਅਦ ਰਾਜੂ ਖੜਾ ਹੋ ਸਕਿਆ। ਇੱਕਵਾਰ ਫੇਰ ਉਸਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ, ਲੱਗਦਾ ਸੀ ਕਹਿ ਰਿਹਾ ਹੋਵੇ, ਮੈਨੂੰ ਮਨੁੱਖਾਂ ਤੋਂ ਦੂਰ ਜੰਗਲ ਵਿੱਚ ਛੱਡ ਆਵੋ।

ਜਦੋਂ ਰਾਜੂ ਚੰਗੀ ਤਰਾਂ ਚੱਲਣ-ਫਿਰਨ ਲੱਗ ਪਿਆ ਤਾਂ ਸੰਗਠਨ ਦੇ ਮੈਂਬਰਾਂ ਨੇ ਉਸਨੂੰ ਜੰਗਲ ਦੇ ਵਿਚਕਾਰ ਛੱਡ ਦਿੱਤਾ। ਜਦੋਂ ਸੰਗਠਨ ਦੇ ਮੈਂਬਰਾਂ ਨੇ ਪਿੱਛੇ ਮੁੜਕੇ ਦੇਖਿਆ ਤਾਂ ਰਾਜੂ ਉੱਚੀ-ਉੱਚੀ ਚੀਕ ਰਿਹਾ ਸੀ, ਜਿਵੇਂ ਆਪਣੀ ਭਾਸ਼ਾ ਵਿੱਚ ਮਾਂ-ਮਾਂ-ਮਾਂ ਕਹਿ ਰਿਹਾ ਹੋਵੇ।

# ਫਤਿਹਪੁਰ- ਦੋ ਨਾਬਾਲਗ ਭੈਣਾਂ ਦੀ ਹੱਤਿਆ ਕਰਕੇ ਲਾਸ਼ ਤਲਾਬ ਵਿਚ ਸੁੱਟੀ, ਰੇਪ ਦਾ ਸ਼ੱਕ



ਫਤਿਹਪੁਰ ਦੇ ਐਡੀਸ਼ਨਲ ਪੁਲਿਸ ਮੁਖੀ (ਏ. ਐਸ. ਪੀ.) ਰਾਜੇਸ਼ ਕੁਮਾਰ ਨੇ ਦੱਸਿਆ ਕਿ ਅਸੋਧਰ ਥਾਣਾ ਖੇਤਰ ਦੇ ਇਕ ਪਿੰਡ ਵਿਚ ਅਨੁਸੂਚਿਤ ਵਰਗ ਦੇ ਇਕ ਵਿਅਕਤੀ ਦੀਆਂ ਦੋ ਨਾਬਾਲਗ ਬੇਟੀਆਂ (12 ਸਾਲਾ ਅਤੇ 8 ਸਾਲਾ) ਦੀਆਂ ਲਾਸ਼ਾਂ ਜੰਗਲ ਵਿਚ ਇਕ ਤਲਾਬ ਤੋਂ ਮਿਲੀਆਂ ਹਨ। ਸੋਮਵਾਰ ਨੂੰ ਦੋਵਾਂ ਲੜਕੀਆਂ ਦੀ ਕਥਿਤ ਹੱਤਿਆ ਕਰਕੇ ਲਾਸ਼ਾਂ ਇਕ ਤਲਾਬ ਵਿਚ ਸੁੱਟ ਦਿੱਤੀਆਂ ਗਈਆਂ। ਪੁਲਿਸ ਮੁਤਾਬਕ ਦੋਵੇਂ ਬੱਚੀਆਂ ਦੀਆਂ ਅੱਖਾਂ ਤੇ ਸੱਟ ਦੇ ਨਿਸ਼ਾਨ ਵੀ ਸਨ। ਪੁਲਿਸ ਨੇ ਦੱਸਿਆ ਕਿ ਬੱਚੀਆਂ ਜੰਗਲ ਵਿਚ ਚਣੇ ਦਾ ਸਾਗ ਤੋੜਨ ਲਈ ਗਈਆਂ ਸਨ ਅਤੇ ਲਾਸ਼ਾਂ ਦੇਰ ਰਾਤ ਤਲਾਬ ਵਿਚ ਮਿਲੀਆਂ। ਫਤਿਹਪੁਰ ਦੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਰਾਤੀ ਕਰੀਬ 9 ਵਜੇ ਸੂਚਨਾ ਮਿਲੀ ਅਤੇ ਪੁਲਿਸ ਨੇ ਲਾਸ਼ਾਂ ਬਰਾਮਦ ਕਰਕੇ ਪੋਸਟ ਮਾਰਟਮ ਲਈ ਭੇਜ ਦਿੱਤੀਆਂ ਹਨ। ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਬੇਟਾ ਆਪਣੇ ਪਿਤਾ ਦੀ ਲਾਸ਼ ਨੂੰ ਫਰੀਜ਼ਰ 'ਚ ਰੱਖ ਕੇ 17 ਸਾਲ ਪੈਨਸ਼ਨ ਲੈਂਦਾ ਰਿਹਾ



**ਪੈਰਿਸ–** ਫਰਾਂਸ ਦੇ ਵਾਲ ਦਾ ਮਾਰੀਨ ਨਾਂ ਦੇ ਇਲਾਕੇ ਵਿੱਚ ਇੱਕ ਆਦਮੀ ਆਪਣੇ ਮਰੇ ਹੋਏ ਪਿਤਾ ਦੀ ਲਾਸ਼ ਨੂੰ ਫਰੀਜ਼ਰ ਵਿੱਚ ਫਰੀਜ਼ ਕਰਕੇ ਸਤਾਰਾਂ ਸਾਲ ਤੱਕ ਉਸ ਦੀ ਪੈਨਸ਼ਨ ਲੈਂਦਾ ਰਿਹਾ ਅਤੇ ਆਲੇ ਦੁਆਲੇ ਸਰਕਾਰੇ ਦਰਬਾਰੇ ਕਿਸੇ ਨੂੰ ਭਿਣਕ ਤੱਕ ਨਾ ਪੈਣ ਦਿੱਤੀ। ਸਿਵਲ ਮਹਿਕਮੇ ਦੇ ਕਾਗਜ਼ਾਂ ਵਿੱਚ ਉਹ ਹੁਣ ਤੱਕ ਵੀ ਜਿੰਦਾ ਸੀ।ਉਸ ਦੇ ਪਿਤਾ ਨੂੰ ਬਿਜਲੀ ਮਹਕਿਮੇ ਵਿੱਚ ਉਚ ਡਿਗਰੀ ਅਫਸਰ ਹੋਣ ਕਾਰਨ 3500 ਯੂਰੋ ਦੇ ਕਰੀਬ ਮਹੀਨਾਵਾਰ ਪੈਨਸ਼ਨ ਮਿਲਦੀ ਸੀ। ਜਿਹੜੀ ਹੁਣ ਤੱਕ ਸੱਤ ਲੱਖ ਯੂਰੋ ਦੇ ਕਰੀਬ ਬਣਦੀ ਹੈ। ਉਸ ਦੀ ਲਾਸ਼ ਬੌਕਸ ਵਿੱਚ ਰੱਖੇ ਹੋਏ ਫਰੀਜ਼ਰ ਵਿੱਚੋਂ ਮਿਲੀ ਹੈ। ਫੋਰੈਂਸਿਕ ਮਾਹਰਾਂ ਦੇ ਮੁਤਾਬਕ ਇਸ ਤੂਰਾਂ ਲਗਦਾ ਸੀ ਕਿ ਜਿਵੇਂ ਲਾਸ਼ ਨੂੰ ਕਈ ਜਗ੍ਹਾ ਉਪਰ ਅਦਲਾ ਬਦਲੀ ਕੀਤੀ ਗਈ ਹੈ। ਪੁਲਿਸ ਇਹ ਵੀ ਜਾਨਣ ਦੀ ਕੋਸ਼ਿਸ ਕਰ ਰਹੀ ਹੈ ਕਿ ਕਿਤੇ ਇਸ ਦਾ ਕਤਲ ਤਾਂ ਨਹੀ ਕੀਤਾ ਗਿਆ ਸੀ।ਪਰ ਹਾਲੇ ਤੱਕ ਇਸ ਤਰ੍ਹਾ ਦਾ ਕੋਈ ਸਬੂਤ ਨਹੀ ਮਿਲਿਆ। ਡਾਕਟਰ ਉਸ ਦੇ ਮੌਤ ਦੀ ਅਸਲ ਤਰੀਕ ਲੱਭਣ ਦੀ ਕੋਸ਼ਿਸ਼ ਰਹੇ ਹਨ। ਉਸ ਦਾ ਬੇਟਾ ਆਪਣੀ ਛੋਟੀ ਬੱਚੀ ਤੇ ਔਰਤ ਸਮੇਤ ਅਰਾਮ ਨਾਲ ਜੋੜੇ ਦੇ ਰੂਪ ਵਿੱਚ ਰਹਿ ਰਿਹਾ ਸੀ।

# ਕੀ ਪ੍ਰਵਾਸੀ ਸਿੱਖਾਂ ਦੀ ਬਣਾਈ ਜਾ ਰਹੀ ਇੱਕ ਹੋਰ 'ਕਾਲੀ ਸੂਚੀ'?

**ਨਵੀਂ ਦਿੱਲੀ –** ਜਰਮਨੀ 'ਚ ਭਾਰਤੀ ਕੌਂਸਲ ਵਲੋਂ ਉੱਥੇ ਰਹਿੰਦੇ ਸਿੱਖਾਂ ਦੇ ਉੱਚ ਤਰਜੀਹ 'ਤੇ ਅੰਕੜੇ ਇਕੱਠੇ ਕਰਨ ਦਾ ਮਾਮਲਾ ਉਸ ਵੇਲੇ ਭਖ ਗਿਆ ਜਦੋਂ ਕੁਝ ਸਰਗਰਮ ਕਾਰਕੁਨਾਂ ਵਲੋਂ ਇਕ ਧਰਮ ਵਿਸ਼ੇਸ਼ ਨੂੰ ਆਧਾਰ ਬਣਾ ਕੇ ਚਲਾਈ ਇਸ ਕਵਾਇਦ ਦੀ ਨੁਕਤਾਚੀਨੀ ਕੀਤੀ ਗਈ। ਸਿੱਖ ਭਾਈਚਾਰੇ 'ਚ ਉਸ ਦੇ ਖ਼ਦਸ਼ੇ ਨੂੰ ਉਨ੍ਹਾਂ ਖ਼ਿਲਾਫ਼ ਬਣਾਈ ਕਾਲੀ ਸੂਚੀ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ ਹਾਲਾਂਕਿ ਸਰਕਾਰ ਦਾ ਕਹਿਣਾ ਹੈ ਕਿ ਇਹ ਕਵਾਇਦ ਸਿਰਫ਼ ਜਰਮਨੀ 'ਚ ਨਹੀਂ ਸਗੋਂ ਵਿਸ਼ਵ ਭਰ 'ਚ ਚਲਾਈ ਜਾ ਰਹੀ ਹੈ। ਸਾਰੇ ਭਾਰਤੀ ਦੂਤਘਰਾਂ ਅਤੇ ਕੌਂਸਲਾਂ ਨੂੰ ਉਨ੍ਹਾਂ ਦੇ ਇਲਾਕਿਆਂ ਦੇ ਸਿੱਖਾਂ ਦੀ ਸੂਚੀ ਬਣਾਉਣ ਨੂੰ ਕਿਹਾ ਹੈ। ਉਨ੍ਹਾਂ ਦੇਸ਼ਾਂ 'ਚ ਵਿਸ਼ੇਸ਼ ਤੌਰ 'ਤੇ ਜਿੱਥੇ ਸਿੱਖਾਂ ਦੀ ਗਿਣਤੀ ਜ਼ਿਆਦਾ ਹੈ। ਵਿਦੇਸ਼ ਮੰਤਰਾਲੇ ਮੁਤਾਬਿਕ ਇਸ ਸੂਚੀ ਦਾ ਮਕਸਦ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਕਰਨਾ ਹੈ। ਕੌਂਸਲ ਵਲੋਂ ਭੇਜੀ ਈ-ਮੇਲ 'ਚ ਕਿਹਾ ਗਿਆ ਕਿ ਮੰਤਰਾਲਾ ਜਰਮਨੀ 'ਚ ਰਹਿ ਰਹੇ ਸਿੱਖ ਭਾਈਚਾਰੇ ਦੇ ਅੰਕੜੇ ਇਕੱਠੇ ਕਰ ਰਿਹਾ ਹੈ। ਕੌਂਸਲ ਨੇ ਸਬੰਧਿਤ ਸੰਸਥਾ ਨੂੰ ਉਨ੍ਹਾਂ ਦੇ ਇਲਾਕੇ 'ਚ ਰਹਿ ਰਹੇ ਸਿੱਖਾਂ ਦੇ ਨਾਂਅ ਅਤੇ ਪਤੇ ਦੀ ਸੂਚੀ ਬਣਾਉਣ ਨੂੰ ਕਿਹਾ ਜੋ ਕਿ ਅੱਗੇ ਮੰਤਰਾਲੇ ਨੂੰ ਭੇਜੀ ਜਾ ਸਕੇ। 19 ਅਕਤੂਬਰ ਨੂੰ ਈ-ਮੇਲ 'ਚ ਇਸ ਸੂਚੀ ਨੂੰ ਉੱਚ ਤਰਜੀਹ 'ਤੇ ਰੱਖਦਿਆਂ ਇਸ ਦਾ ਜਵਾਬ ਦੇਣ ਨੂੰ ਕਿਹਾ ਗਿਆ।

ਇਹ ਮਾਮਲਾ ਉਸ ਸਮੇਂ ਸੁਰਖੀਆਂ 'ਚ ਆਇਆ ਜਦੋਂ ਯੂਰਪ 'ਚ ਰਹਿਣ ਵਾਲੀ, ਪੇਸ਼ੇ ਤੋਂ ਵਕੀਲ ਅਤੇ ਸਮਾਜਿਕ ਕਾਰਕੁਨ ਡਾ: ਰਿਤੁਮਬਰਾ ਮਾਨਵੀ ਨੇ ਇਸ ਈ-ਮੇਲ 'ਤੇ ਸਵਾਲ ਉਠਾਏ ਜਿਸ ਈ-ਮੇਲ ਦੇ ਪੁਸ਼ਟ ਹੋਣ ਬਾਰੇ ਹੈਮਬਰਗ ਦੇ ਕੌਂਸਲ ਜਨਰਲ ਮਦਨ ਲਾਲ ਰੋਜ਼ਰ ਨੇ ਵੀ ਤਸਦੀਕ ਕੀਤੀ।

# ਵਿਆਹ ਦੇ ਝਗੜੇ- ਹੁਣ ਕੇਸ ਕਰਨ ਵਾਲੀ ਤਰੀਕ ਤੋਂ ਹੀ ਮਿਲੇਗਾ ਗੁਜ਼ਾਰਾ ਭੱਤਾ

ਨਵੀਂ ਦਿੱਲੀ – ਸੁਪਰੀਮ ਕਰੋਟ ਨੇ ਵਿਆਹੁਤਾ ਵਿਵਾਦ ਮਾਮਲਿਆਂ 'ਚ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਲੋਂ ਅੰਤ੍ਰਿਮ ਮੁਆਵਜ਼ੇ ਤੇ ਗੁਜ਼ਾਰਾ ਭੱਤੇ ਦੀ ਰਾਸ਼ੀ ਦੇ ਨਿਰਧਾਰਨ 'ਚ ਇਕਰੂਪਤਾ ਲਿਆਉਣ ਦੇ ਇਰਾਦੇ ਨਾਲ ਵਿਸਥਾਰਤ ਦਿਸ਼ਾ-ਨਿਰਦੇਸ਼ ਤੈਅ ਕੀਤੇ ਹਨ। ਇਸ ਮੁਤਾਬਕ ਜਿਸ ਦਿਨ ਮੁਕੱਦਮਾ ਦਾਖ਼ਲ ਹੋਵੇਗਾ, ਉਸੇ ਦਿਨ ਤੋਂ ਹੀ ਗੁਜ਼ਾਰਾ ਭੱਤੇ ਦਾ ਭੁਗਤਾਨ ਕੀਤਾ ਜਾਵੇਗਾ।



ਜਸਟਿਸ ਇੰਦੂ ਮਲਹੋਤਰਾ ਤੇ ਜਸਟਿਸ ਆਰ ਸੁਭਾਸ਼ ਰੈਡੀ ਦੇ ਬੈਂਚ ਨੇ ਕਿਹਾ ਹੈ ਕਿ ਓਵਰਲੈਪਿੰਗ ਅਧਿਕਾਰ ਖੇਤਰ ਤੇ ਆਪਾ ਵਿਰੋਧੀ ਆਦੇਸ਼ਾਂ ਦੀ ਸਮੱਸਿਆ ਤੋਂ ਨਿਕਲਣ ਲਈ ਕੁਝ ਨਿਰਦੇਸ਼ ਦੇਣ ਦੀ ਲੋੜ ਸੀ। ਸੁਪਰੀਮ ਕੋਰਟ ਨੇ ਓਵਰਲੈਪਿੰਗ ਅਧਿਕਾਰ ਖੇਤਰ, ਅੰਤ੍ਰਿਮ ਗੁਜ਼ਾਰਾ ਭੱਤੇ ਦਾ ਭੁਗਤਾਨ, ਗੁਜ਼ਾਰਾ ਭੱਤੇ ਦੀ ਰਾਸ਼ੀ ਨਿਰਧਾਰਤ ਕਰਨ ਦਾ ਆਧਾਰ, ਗੁਜ਼ਾਰਾ ਭੱਤੇ ਦੇ ਭੁਗਤਾਨ ਦੀ ਤਰੀਕ ਦਾ ਨਿਰਧਾਰਨ ਤੇ ਗੁਜ਼ਾਰਾ ਭੱਤੇ ਦੇ ਆਦੇਸ਼ਾਂ 'ਤੇ ਅਮਲ ਵਰਗੇ ਬਿੰਦੂਆਂ 'ਤੇ ਦਿਸ਼ਾ ਨਿਰਦੇਸ਼ ਤੈਅ ਕੀਤੇ ਹਨ। ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੇ ਇਕ ਵਿਆਹੁਤਾ ਮਾਮਲੇ 'ਚ ਇਹ ਫੈਸਲਾ ਸੁਣਾਇਆ। ਇਸ ਮਾਮਲੇ 'ਚ ਆਈਪੀਸੀ ਦੀ ਧਾਰਾ 125 ਦੇ ਤਹਿਤ ਪਤਨੀ ਤੇ ਬੇਟੇ ਲਈ ਗੁਜ਼ਾਰਾ ਭੱਤੇ ਦਾ ਸਵਾਲ ਉਠਾਇਆ ਗਿਆ ਸੀ।

ਬੈਂਚ ਨੇ ਕਿਹਾ ਕਿ ਗੁਜ਼ਾਰੇ ਭੱਤੇ ਲਈ ਜਿਸ ਤਰੀਕ ਨੂੰ ਅਰਜ਼ੀ ਦਾਖ਼ਲ ਕੀਤੀ ਜਾਵੇਗੀ, ਉਸੇ ਤਰੀਕ ਤੋਂ ਗੁਜ਼ਾਰਾ ਭੱਤੇ ਦਾ ਭੁਗਤਾਨ ਕਰਨਾ ਪਵੇਗਾ। ਗੁਜ਼ਾਰਾ ਭੱਤੇ ਦੀ ਰਕਮ ਤੈਅ ਕਰਦੇ ਸਮੇਂ ਸਬੰਧਤ ਅਦਾਲਤ ਇਸ ਫ਼ੈਸਲੇ 'ਚ ਤੈਅ ਆਧਾਰਾਂ 'ਤੇ ਵਿਚਾਰ ਕਰੇਗੀ। ਹਾਲਾਂਕਿ ਜੇ ਇਹ ਪਹਿਲੂ ਹੀ ਪੂਰੇ ਨਹੀਂ ਹਨ ਤੇ ਸਬੰਧਤ ਅਦਾਲਤ ਆਪਣੇ ਵਿਸ਼ੇਸ਼ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਕਿਸੇ ਹੋਰ ਪਹਿਲੂ 'ਤੇ ਵੀ ਵਿਚਾਰ ਕਰ ਸਕਦੀ ਹੈ, ਜਿਹੜਾ ਉਸ ਨੂੰ ਪੇਸ਼ ਮਾਮਲੇ ਦੇ ਤੱਥਾਂ 'ਤੇ ਹਾਲਾਤ 'ਚ ਪ੍ਰਸੰਗਕ ਲੱਗਦਾ ਹੋਵੇ। ਅਦਾਲਤ ਨੇ ਕਿਹਾ ਕਿਹਾ ਕਿ ਇਹ ਫ਼ੈਸਲਾ ਜਾਗਰੂਕਤਾ ਪੈਦਾ ਕਰਨ ਤੇ ਅਮਲ ਲਈ ਸਾਰੀਆਂ ਜ਼ਿਲ੍ਹਾਂ ਅਦਾਲਤਾਂ, ਕੁਟੁੰਬ ਅਦਾਲਤਾਂ, ਅਦਾਲਤੀ ਮੈਜਿਸਟ੍ਰੇਟਾਂ ਦੀਆਂ ਅਦਾਲਤਾਂ ਦੀ ਵੈਬਸਾਈਟ 'ਤੇ ਦਿਖਾਇਆ ਜਾਵੇਗਾ।

# ਅਮਰੀਕਾ ਵਿੱਚ ਟਰੰਪ ਦੀ "ਮੈਂ ਨਾ ਮਾਨੂੰ" ਤੇ ਭਾਰਤ ਦੇ ਬਿਹਾਰ ਸੂਬੇ ਵਿੱਚ "ਈਵੀ ਐਮ" ਰਾਹੀਂ ਚੋਣ ਜਿੱਤਣ ਦੇ ਚਰਚੇ!

ਅਮਰੀਕਾ ਦੇ ਸਾਢੇ ਸੱਤ ਕਰੋੜ ਲੋਕਾਂ ਨੇ 'ਜੋ ਬਾਇਡਨ' ਨੂੰ ਵੋਟਾਂ ਪਾ ਕੇ ਦੇਸ਼ ਦਾ ਰਾਸ਼ਟਰਪਤੀ ਅਤੇ ਭਾਰਤੀ ਮੂਲ ਦੀ 'ਕਮਲਾ ਹੈਰਿਸ' ਨੂੰ ਉਪ ਰਾਸ਼ਟਰਪਤੀ ਵਜੋਂ ਚੁਣ ਲਿਆ ਹੈ।ਪਰ ਦੇਸ਼ ਦੇ ਪਹਿਲੇ ਰਾਸ਼ਟਰਪਤੀ ਮਿਸਟਰ ਟਰੰਪ ਜੋ ਲਗ ਭਗ ਚਾਰ ਸਾਲ ਗੱਦੀ ਸੰਭਾਲਣ ਉਪਰੰਤ ਆਪਣੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਦੇਸ਼ ਵਿੱਚ ਲੋਕਾਂ ਦੇ ਰੋਹ ਦਾ ਸ਼ਿਕਾਰ ਬਣੇ ਹੋਏ ਸਨ, ਉਨ੍ਹਾਂ ਨੂੰ ਗੱਦੀ ਤੋਂ ਲਾਹ ਦਿੱਤਾ ਹੈ। ਪਰ ਉਹ ਲੋਕਾਂ ਵਲੋਂ ਦਿੱਤੇ ਇਤਨੇ ਵੱਡੇ ਫ਼ਤਵੇ ਨੂੰ ਵੀ ਮੰਨਣ ਲਈ ਤਿਆਰ ਨਹੀਂ। "ਮੈਂ ਨਾ ਮਾਨੂੰ" ਵਾਲੀਆਂ ਝੱਲ ਗਲੱਲੀਆਂ ਹਰਕਤਾਂ ਕਰਕੇ ਪਿਛਲੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ ਤੇ ਹਾਸੇ, ਟਿੱਚਕਰਾਂ ਦਾ ਵਿਸ਼ਾ ਵੀ ਬਣੇ ਹੋਏ ਹਨ। ਹਰ ਬੁੱਧੀਮਾਨ ਇਨਸਾਨ ਭਲੀ ਭਾਂਤ ਜਾਣਦਾ ਹੈ ਕਿ ਸਿਖਰਾਂ ਦੀ ਹੈਂਕੜਬਾਜੀ ਕਰਨ ਦਾ ਹਸ਼ਰ ਤੇ ਅੰਤ ਇਸੇ ਤਰਾਂ ਨਾਲ ਹੁੰਦਾ ਆਇਆ ਹੈ। ਜੋ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਹੁਣ ਹੋ ਗੁਜ਼ਰਿਆ ਹੈ। ਅਸਲ ਵਿੱਚ ਡੋਨਾਲਡ ਟਰੰਪ ਦੀ ਗੂੜ੍ਹੀ ਮਿੱਤਰਤਾ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਵੀ ਜੱਗ ਜ਼ਾਹਰ ਰਹੀ ਹੈ। ਇਨ੍ਹਾਂ ਦੋਹਾਂ ਦੇ ਸੁਭਾਅ ਤੇ ਨੀਤੀਆਂ ਵਿੱਚ ਕਾਫ਼ੀ ਹੱਦ ਤਕ ਸਮਾਨਤਾ ਹੈ। ਜਿਸ ਤੇ ਝਾਤ ਮਾਰਨੀ ਵੀ ਬੜੀ ਜਰੂਰੀ ਬਣਦੀ ਹੈ ਤਾਂ ਕਿ ਸੰਸਾਰ ਦੇ ਲੋਕ ਸਪਸ਼ਟ ਰੂਪ ਵਿੱਚ ਇਨ੍ਹਾਂ ਬਾਰੇ ਜਾਣ ਸਕਣ। ਮਿਸਟਰ ਟਰੰਪ ਜਿੱਦੀ ਤੇ ਸਿਖਰਾਂ ਦੇ ਝੂਠ ਬੋਲਣ ਵਾਲੇ ਸ਼ਾਸਕ ਸਨ ਤੇ ਮੋਦੀ ਸਾਹਿਬ ਵੀ ਇਨ੍ਹਾਂ ਵਰਗੇ ਜਿੱਦੀ ਤੇ ਝੂਠੇ ਹਨ ਇਹ ਤਾਂ ਇੰਨਾ ਮਹਾਨ ਝੂਠ ਤਕ ਬੋਲ ਜਾਂਦੇ ਹਨ ਕਿ ਬਿਨਾਂ ਤੱਥ ਜਾਣੇ ਝੱਟ ਹੀ ਇਤਿਹਾਸ ਤਕ ਨੂੰ ਵੀ ਬਦਲ ਕੇ ਰੱਖ ਦਿੰਦੇ ਹਨ ਤੇ ਫਿਰ ਉਸ ਦੀ ਸ਼ਰਮ ਤਕ ਵੀ ਮਹਿਸੂਸ ਨਹੀਂ ਕਰਦੇ। ਇਸ ਕਰਕੇ ਇਨ੍ਹਾਂ ਦੀ ਭਾਰਤੀ ਜਨਤਾ ਪਾਰਟੀ ਨੂੰ ਹਿਟਲਰ ਦੇ ਰਾਜ ਵਿੱਚ ਰਹੇ ਇਕ ਮੰਤਰੀ "ਗੋਬਲ" ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਜਿਸ ਦਾ ਇਹ ਮੰਨਣਾ ਸੀ ਕਿ "ਸੌ ਵਾਰ ਝੂਠ ਬੋਲੋ ਉਹ ਫਿਰ ਇਕ ਦਿਨ ਸੱਚ ਵਿੱਚ ਤਬਦੀਲ ਹੋ ਜਾਂਦਾ ਹੈ"ਟਰੰਪ ਵੀ ਕਹਿੰਦਾ ਸੀ ਕਿ "ਅਮਰੀਕਾ ਸਿਰਫ ਅਮਰੀਕੀਆਂ ਦਾ" ਹੈ ਤੇ ਮੋਦੀ ਸਾਹਿਬ ਵੀ ਇਹ ਕਹਿੰਦੇ ਹਨ ਕਿ ਭਾਰਤ ਭਾਵ "ਹਿੰਦੋਸਤਾਨ ਸਿਰਫ ਹਿੰਦੂਆਂ ਦਾ" ਹੈ। ਟਰੰਪ ਦੇ ਰਾਜ ਸਮੇਂ ਅਮਰੀਕਾ ਦੇ ਨਾਗਰਿਕਾਂ "ਕਾਲਿਆਂ" ਨਾਲ ਰੱਜ ਕੇ ਵਿਤਕਰਾ ਹੀ ਨਹੀਂ ਸੀ ਕੀਤਾ ਗਿਆ ਬਲਕਿ ਉਨ੍ਹਾਂ ਦੇ ਵਰਗ ਦੇ ਕਈ ਲੋਕਾਂ ਦੇ ਕੱਤਲ ਵੀ ਇਨ੍ਹਾਂ ਦੇ ਰਾਜ ਵਿੱਚ ਹੋਏ ਸਨ। ਜਿਸ ਵਿਰੁੱਧ ਸਾਰੇ ਅਮਰੀਕਾ ਵਿੱਚ ਸਾਰੇ ਲੋਕਾਂ ਨੇ ਰਲ ਕੇ ਵੱਡੇ ਵੱਡੇ ਰੋਸ ਮੁਜ਼ਾਹਰੇ ਵੀ ਕੀਤੇ ਸਨ। ਇਹੋ ਕੁਝ ਮੋਦੀ ਸਾਹਿਬ ਆਪਣੇ ਰਾਜ ਕਾਲ ਵਿੱਚ ਪਿਛਲੇ ਛੇ ਸਾਲਾਂ ਤੋਂ ਭਾਰਤ ਵਿੱਚ ਕਰਦੇ ਆ ਰਹੇ ਹਨ। ਉਨ੍ਹਾਂ ਦੀਆ ਅੱਖਾਂ ਵਿੱਚ ਮੁਸਲਮਾਨ, ਸਿੱਖ, ਹੋਰ ਘੱਟ ਗਿਣਤੀਆਂ ਤੇ ਦਲਿਤ ਆਦਿ ਸਭ ਰੜਕਦੇ ਹਨ। ਉਹ ਸਭ ਨੂੰ ਹਿੰਦੂ ਬਣਾਉਣਾ ਚਾਹੁੰਦੇ ਹਨ। ਸੰਸਾਰ ਦੇ ਲੋਕ ਚੰਗੀ ਤਰਾਂ ਜਾਣਦੇ ਹਨ ਕਿ ਉਨ੍ਹਾਂ ਨੇ ਮੁਸਲਮਾਨਾਂ ਨਾਲ ਕੀ ਨਹੀਂ ਭੈੜੇ ਤੋਂ ਭੈੜਾ ਵਰਤਾਉ ਕੀਤਾ? ਜੰਮੂ ਕਸ਼ਮੀਰ ਵਿੱਚ ਉਨ੍ਹਾਂ ਦੇ ਬੁਨਿਆਦੀ ਹੱਕ ਪਿਛਲੇ ਡੇਢ ਸਾਲਾਂ ਤੋਂ ਸਰਕਾਰ ਨੇ ਖੋਹ ਰੱਖੇ ਹਨ।ਇਸ ਤਰਾਸਦੀ ਦੀ ਮਾਰ ਨੂੰ ਹਾਲੇ ਤਕ ਉਥੋਂ ਦੇ ਮੁਸਲਿਮ ਭਾਈਚਾਰੇ ਦੇ ਲੋਕ ਝੱਲਦੇ ਆ ਰਹੇ ਹਨ । ਮੋਦੀ ਦੀ ਸਰਕਾਰ ਜਿਸ ਦੀ ਵਾਗਡੋਰ ਕੱਟੜ ਹਿੰਦੂ ਜਥੇਬੰਦੀ ਰ ਸ ਸ ਦੇ ਕੋਲ ਹੈ। ਉਹ ਮੁਸਲਮਾਨਾਂ ਨੂੰ ਬੁਰੀ ਤਰਾਂ ਸਬਕ ਸਿਖਾਉਣ ਤੋਂ ਬਾਅਦ ਆਪਣੀ ਅਗਲੀ ਰਣਨੀਤੀ ਅਨੁਸਾਰ ਹੁਣ ਸਿੱਖਾਂ ਨੂੰ ਸਬਕ ਸਿਖਾਉਣ ਲਈ ਪੰਜਾਬ ਦੇ ਕਿਸਾਨਾਂ ਤੇ ਵੀ ਹਮਲਾ ਬੋਲਿਆ ਹੋਇਆ ਹੈ। ਪੰਜਾਬ ਜਿਹੜਾ 'ਖੇਤੀ ਪ੍ਰਧਾਨ ਸੂਬਾ' ਹੈ ਜਿਥੋਂ ਦੀ ਬਹੁ ਗਿਣਤੀ ਸਿੱਖ ਵਸੋਂ ਹੈ ਜੋ ਕਿ ਘੱਟ ਗਿਣਤੀਆਂ ਵਿੱਚ ਵੀ ਆਉਂਦੇ ਹਨ। ਪੰਜਾਬ ਦੇ ਕਿਸਾਨ ਪਿਛਲੇ ਦੋ ਮਹੀਨਿਆਂ ਤੋਂ ਉਨ੍ਹਾਂ ਬਿੱਲਾਂ ਨੂੰ ਵਾਪਿਸ ਕਰਾਉਣ ਲਈ ਜਬਰਦਸਤ ਸੰਘਰਸ਼ ਕਰਦੇ ਆ ਰਹੇ ਹਨ। ਭਾਜਪਾ ਸਰਕਾਰ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਉਨ੍ਹਾਂ ਕੋਲੋਂ ਖੋਹ ਕੇ ਵੱਡੇ ਅਜਾਰੇਦਾਰਾਂ ਨੂੰ ਦੇਣਾ ਚਾਹੁੰਦੀ ਹੈ। ਜਿਸ ਕਰਕੇ ਪੰਜਾਬ ਦੇ ਸਾਰੇ ਕਿਸਾਨ ਆਪਣੀ, ਆਪਣੇ ਬੱਚਿਆਂ ਦੇ ਭਵਿੱਖ ਦੀ ਲੜਾਈ ਨੂੰ 'ਜਿੰਦਗੀ', 'ਮੌਤ' ਦੀ ਆਰ ਪਾਰ ਦੀ ਲੜਾਈ ਜਾਣ ਕੇ ਲੜਦੇ ਆ ਰਹੇ ਹਨ। ਜਿਸ ਵਿੱਚ ਉਨ੍ਹਾਂ ਦੇ ਛੋਟੇ ਨੰਨੇ ਮੁੰਨੇ ਬੱਚਿਆਂ ਤੋਂ ਲੈ ਕੇ 90-92 ਸਾਲ ਤਕ ਦੇ ਬਜ਼ੁਰਗ ਔਰਤਾਂ ਤੇ ਮਰਦ ਕਿਸਾਨ ਵੀ ਸ਼ਾਮਲ ਹਨ। ਇਸ ਲੜਾਈ ਵਿੱਚ ਕਿਸਾਨਾਂ ਦੇ ਨਾਲ ਪੰਜਾਬ ਦਾ ਹਰ ਵਰਗ ਡੱਟ ਕੇ ਖੜੋ ਗਿਆ ਹੈ, ਜੇ ਇਹ ਆਖ ਲਿਆ ਜਾਵੇ ਕਿ ਇਹ ਲੜਾਈ ਹੁਣ ਕਿਸਾਨਾਂ ਦੀ ਨਾ ਹੋ ਕੇ ਸਮੁੱਚੇ "ਪੰਜਾਬੀਆਂ"ਦੀ ਬਣ ਗਈ ਹੈ, ਤਾਂ ਗਲਤ ਨਹੀਂ ਹੋਵੇਗਾ। ਪੰਜਾਬ ਵਿੱਚ ਰੇਲ ਗੱਡੀਆਂ ਦੀ ਆਵਾਜਾਈ ਕੇਂਦਰ ਸਰਕਾਰ ਦੀ ਕਿਸਾਨ ਮਾਰੂ ਨੀਤੀ ਕਾਰਨ ਠੱਪ ਪਈ ਹੈ। ਰੇਲ ਟਰੈਕ ਖਾਲੀ ਪਏ ਹਨ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਮਾਲ ਗੱਡੀਆਂ ਨਹੀਂ ਚਲਾ ਰਹੀ। ਇਕ ਪਾਸੇ ਕਿਸਾਨ ਜਥੇਬੰਦੀਆਂ ਨੂੰ ਗਲ ਬਾਤ ਦਾ ਸੱਦਾ ਦੇ ਕੇ ਉਨ੍ਹਾਂ ਦੀ ਜਾਇਜ਼ ਗੱਲ ਨਹੀਂ ਮੰਨ ਰਹੀ। ਉਹ ਮਸਲਾ ਹੱਲ ਕਰਨ ਦੀ ਥਾਂ ਤੇ ਚਲਾਕੀ ਨਾਲ ਮੀਟਿੰਗਾਂ ਦਾ ਸਿਲਸਿਲਾ ਤੋਰੀ ਰੱਖ ਕੇ ਪੰਜਾਬ ਦਾ ਅਰਥਚਾਰਾ ਵਿਗਾੜ ਰਹੀ ਹੈ। ਪੰਜਾਬ ਵਿੱਚ ਗੱਡੀਆਂ ਨਾ ਚਲਣ ਕਰਕੇ ਪੰਜਾਬ ਵਿੱਚ ਕੋਇਲੇ ਦਾ ਸੰਕਟ, ਖਾਦਾਂ, ਨਿੱਤ ਵਰਤੋਂ ਦੀਆਂ ਚੀਜ਼ਾਂ ਦੀ ਥੁੜ ਪੈਦਾ ਕਰਕੇ ਇਕ ਪਾਸੇ ਪੰਜਾਬ ਦੇ ਲੋਕਾਂ ਵਿੱਚ ਕਿਸਾਨਾਂ ਪ੍ਰਤੀ ਰੋਸ ਪੈਦਾ ਕਰ ਰਹੀ ਹੈ ਦੂਜੇ ਪਾਸੇ ਕਿਸਾਨਾਂ ਦੇ ਸੰਘਰਸ਼ ਨੂੰ ਹੋਰ ਲਮਕਾ ਕੇ ਉਨ੍ਹਾਂ ਨੂੰ ਵੀ ਸਾਹ ਸਤੇ ਕਰਕੇ, ਕਿਸਾਨ ਜਥੇਬੰਦੀਆਂ ਵਿੱਚ ਫੁੱਟ ਪੁਆ ਕੇ ਉਹ ਇਸ ਸੰਘਰਸ਼ ਦਾ ਭੋਗ ਵੀ ਪਾਉਣਾ ਚਾਹੁੰਦੀ ਹੈ। ਜਿਨ੍ਹਾਂ ਸੰਘਰਸ਼ ਲੰਮਾ ਹੁੰਦਾ ਹੈ ਉਸ ਦੇ ਨਤੀਜੇ ਮਾਰੂ ਸਾਬਤ ਹੁੰਦੇ ਹਨ ।ਇਸ ਸਾਜ਼ਿਸ਼ ਨੂੰ ਕਿਸਾਨਾਂ ਨੂੰ ਸਮਝਣ ਦੀ ਜਰੂਰਤ ਹੈ। ਦਿੱਲੀ ਵਿਖੇ 12 ਨਵੰਬਰ ਨੂੰ ਹੋਈ ਮੀਟਿੰਗ ਵਿੱਚ ਕੋਈ ਗੱਲ ਸਿਰੇ ਨਾ ਲੱਗਣ ਕਰਕੇ ਕਿਸਾਨ 26-27 ਨਵੰਬਰ ਨੂੰ ਦਿੱਲੀ ਘੇਰਨ ਜਾ ਰਹੇ ਹਨ। ਦੂਸਰੇ ਪਾਸੇ ਅਮਰੀਕਾ ਦੇ ਲੋਕਾਂ ਨੂੰ ਦੇਸ਼ ਪਹਿਲਾਂ ਹੈ। ਉਹ ਕੀ ਚੰਗਾ ਤੇ ਕੀ ਮਾੜਾ ਹੈ ਇਸ ਤੇ ਪਾਰਖੂ ਨਜ਼ਰ ਰਖਦੇ ਹਨ। ਇਸੇ ਕਰਕੇ ਉਨ੍ਹਾਂ ਨੇ ਟਰੰਪ ਨੂੰ ਗੱਦੀ ਤੋਂ ਲਾਹ ਮਾਰਿਆ ਹੈ ।ਪਰ ਜਿਸ ਤਰਾਂ ਦਾ ਭਾਰਤ ਦੀਆ ਚੋਣਾਂ ਵਿੱਚ ਵਰਤਾਰਾ ਹੋ ਰਿਹਾ ਹੈ। ਉਹ ਦੇਸ਼ ਲਈ ਬੜੀ ਭਿਆਨਕ ਖ਼ਤਰੇ ਦੀ ਘੰਟੀ ਹੈ। ਹੁਣੇ ਹੀ ਬਿਹਾਰ ਸਮੇਤ ਕੁਝ ਰਾਜਾਂ ਵਿੱਚ ਚੋਣਾਂ ਹੋਈਆਂ ਹਨ ਤੇ ਬੀ ਜੇ ਪੀ ਦਾ ਲੋਕਾਂ ਵਲੋਂ ਸਖ਼ਤ ਵਿਰੋਧ ਕਰਨ ਦੇ ਬਾਵਜੂਦ ਹਰਿਆਣਾ ਨੂੰ ਛੱਡ ਕੇ ਬਾਕੀ ਸਭ ਪ੍ਰਾਂਤਾਂ ਵਿੱਚ ਭਾਜਪਾ ਦੀ ਜਿੱਤ ਹੋਈ ਹੈ। ਜਿਸ ਨੇ ਦੇਸ਼ ਦੇ ਵੋਟ ਤੰਤਰ ਤੇ ਬੜੇ ਗੰਭੀਰ ਸੁਆਲ ਖੜੇ ਕਰ ਦਿੱਤੇ ਹਨ। ਹੁਣੇ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਇਹ ਦਸ ਰਹੀਆਂ ਹਨ ਕਿ ਜੇ ਬਿਹਾਰ ਵਿੱਚ ਪਿਛਲੀ ਭਾਜਪਾ ਦੀ ਗੱਠਜੋੜ ਵਾਲੀ ਨਿਤੀਸ਼ ਦੀ ਸਰਕਾਰ ਸਮੇਂ ਹਜ਼ਾਰਾਂ ਕਰੋੜ ਰੁਪਏ ਦੇ ਕਈ ਪੁਲ ਜੋ ਉਦਘਾਟਨ ਤੋਂ ਪਹਿਲਾਂ ਜਾਂ ਕੁਝ ਦਿਨਾਂ ਬਾਅਦ ਟੁੱਟ ਜਾ ਡਿੱਗ ਜਾਣ, ਜਿਨ੍ਹਾਂ ਉੱਤੇ ਚਿੰਤਕ ਲੋਕਾਂ ਵਲੋਂ ਸਖ਼ਤ ਸੁਆਲ ਉਠਾਏ ਗਏ ਹੋਣ, ਕਰੋਨਾ ਮਹਾਂਮਾਰੀ ਵਿੱਚ ਲੱਖਾਂ ਬਿਹਾਰ ਦੇ ਮਜ਼ਦੂਰ ਜੋ ਦੂਜੇ ਰਾਜਾਂ ਵਿੱਚ ਰੁਜ਼ਗਾਰ ਲਈ ਗਏ ਹੋਏ ਸਨ।ਕਰੋਨਾ ਬਿਮਾਰੀ ਕਾਰਨ ਉਨ੍ਹਾਂ ਦੇ ਰੁਜ਼ਗਾਰ ਖੁੱਸ ਜਾਣ ਕਾਰਨ ਮੁੜ ਆਪਣੇ ਪਿਤਰੀ ਘਰ ਬਿਹਾਰ ਦੇ ਪਿੰਡਾਂ ਵਿੱਚ ਭੁੱਖੇ ਤਿਹਾਏ ਹਜ਼ਾਰਾਂ ਮੀਲਾਂ ਦਾ ਫਾਸਲਾ ਪੈਦਲ, ਸਾਈਕਲਾਂ ਤੇ ਤਹਿ ਕਰਕੇ ਗਏ ਸਨ ਤੇ ਕਈ ਅਧਵਾਟੇ ਹੀ ਬਿਮਾਰੀ ਕਾਰਨ, ਰੇਲ ਗੱਡੀਆਂ ਹੇਠ ਆ ਕੇ ਕੁਚਲੇ ਜਾਣ ਕਾਰਨ, ਸੜਕੀ ਦੁਰਘਟਨਾਵਾਂ ਕਾਰਨ ਆਪਣੀ ਮੰਜ਼ਲ ਤੇ ਪਹੁੰਚਣ ਤੋਂ ਪਹਿਲਾਂ ਹੀ ਛੋਟੇ ਛੋਟੇ ਬੱਚਿਆਂ ਸਮੇਤ ਰੱਬ ਨੂੰ ਪਿਆਰੇ ਹੋ ਗਏ ਹੋਣ । ਇਹੋ ਜਿਹੀਆਂ ਹਾਲਤਾਂ ਵਿੱਚ ਵੀ ਜਦੋਂ ਕੇਂਦਰ ਦੀ ਭਾਜਪਾ ਸਰਕਾਰ ਤੇ ਬਿਹਾਰ ਦੀ ਨਿਤੀਸ਼ ਭਾਜਪਾ ਸਰਕਾਰ ਉੱਤੇ ਵੱਡੇ ਵੱਡੇ ਪ੍ਰਸ਼ਨ ਚਿੰਨ੍ਹ ਲਗੇ ਹੋਣ, ਇਸ ਸਭ ਕੁਝ ਦੇ ਬਾਵਜੂਦ,ਲੋਕਾਂ ਨਾਲ ਵੱਡੇ ਧਰੋਹ, ਬੇਇਨਸਾਫ਼ੀਆਂ ਤੇ ਸਿਖਰਾਂ ਦਾ ਧੱਕਾ ਕਰਨ ਵਾਲੀ ਉਹ ਹੀ ਸਰਕਾਰ ਫਿਰ ਜਿੱਤ ਜਾਵੇ ਤਾਂ ਲੋਕਾਂ ਦੇ ਜਿਹਨ ਵਿੱਚ ਸੁਆਲ ਉੱਠਣੇ ਕੁਦਰਤੀ ਹਨ। ਇਸੇ ਕਰਕੇ ਪ੍ਰਾਂਤਾਂ ਦੀਆਂ ਰਾਜਨੀਤਕ ਪਾਰਟੀਆਂ ਤੇ ਲੋਕਾਂ ਵਲੋਂ ਚੋਣਾਂ ਤੋਂ ਪਹਿਲਾਂ ਹੀ ਈ ਵੀ ਐਮ ਤੇ ਕਿੰਤੂ ਪ੍ਰੰਤੂ ਕਰਨਾ ਸ਼ੁਰੂ ਕੀਤਾ ਹੋਇਆ ਸੀ ਜੋ ਹੁਣ ਉਨ੍ਹਾਂ ਦੇ ਸੱਚ ਵਿੱਚ ਤਬਦੀਲ ਹੋ ਗਿਆ ਹੈ। ਉਨ੍ਹਾਂ ਦੀ ਇਹ ਧਾਰਨਾ ਬਣ ਗਈ ਹੈ ਕਿ ਭਾਜਪਾ ਸਿਰਫ਼ ਤੇ ਸਿਰਫ਼ ਈ. ਵੀ. ਐਮ. ਦੀ ਬਦੌਲਤ ਹੀ ਜਿੱਤਦੀ ਆ ਰਹੀ ਹੈ। ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਲੋਕ ਸਭਾ ਦੀਆਂ ਚੋਣਾਂ 2019 ਹੋਈਆਂ ਸਨ ਤਾਂ ਉਸ ਤੋਂ ਪਹਿਲਾਂ ਦੇਸ਼ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਕੇਂਦਰ ਸਰਕਾਰ ਤੋਂ ਮੰਗ ਕਰ ਰਹੀਆਂ ਸਨ ਕਿ ਵੋਟਾਂ ਮਤਦਾਨ ਪੱਤਰਾਂ ਰਾਹੀਂ ਕਰਾਈਆਂ ਜਾਣ। ਪਰ ਉਨ੍ਹਾਂ ਦੀ ਗੱਲ ਨਾ ਚੋਣ ਕਮਿਸ਼ਨ, ਨਾ ਸਰਬ ਉੱਚ ਅਦਾਲਤ, ਇਥੋਂ ਤਕ ਕਿ ਦੇਸ਼ ਦੇ ਰਾਸ਼ਟਰਪਤੀ ਤਕ ਨੇ ਵੀ ਨਹੀਂ ਸੀ ਮੰਨੀ। ਜਦੋਂ ਕਿ ਉਸ ਸਮੇਂ ਵੀ ਭਾਰਤੀ ਜਨਤਾ ਪਾਰਟੀ ਚੋਣਾਂ ਤੋਂ ਪਹਿਲਾਂ ਹੀ ਗੱਜ ਵੱਜ ਕੇ ਕਹਿੰਦੀ ਆ ਰਹੀ ਸੀ ਕਿ ਉਹ ਲੋਕ ਸਭਾ ਚੋਣਾਂ ਵਿੱਚ 300 ਤੋਂ ਵਧੇਰੇ ਸੀਟਾਂ ਲੈ ਕੇ ਜਿੱਤੇਗੀ ਤੇ ਹੋਇਆ ਵੀ ਇੰਝ ਹੀ, ਉਸ ਨੂੰ 302 ਸੀਟਾਂ ਮਿਲੀਆਂ ਸਨ।ਹੁਣ ਸੁਆਲ ਉੱਠਦਾ ਹੈ ਕਿ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੇ ਅਧੀਨ ਸਾਰੀਆਂ ਖੁਫ਼ੀਆ ਏਜੰਸੀਆਂ ਪਿਛਲੇ ਪੰਜ ਸਾਲਾਂ ਤੋਂ ਚਲਦੀਆਂ ਆ ਰਹੀਆਂ ਸਨ। ਉਹ ਸਰਕਾਰ ਨੂੰ ਰਿਪੋਰਟ ਤਾਂ ਜਰੂਰ ਦੇਂਦੀਆਂ ਹੋਣਗੀਆਂ ਕਿ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਭਾਰੀ ਬਹੁ ਮੱਤ ਲੈ ਕੇ ਜਿੱਤੇਗੀ। ਤਾਂ ਫਿਰ ਭਾਰਤ ਦੀ ਸਰਕਾਰ ਨੂੰ ਕਾਹਦਾ ਡਰ ਸੀ ਕਿ ਵੋਟਾਂ ਚਾਹੇ 'ਈ ਵੀ ਐਮ' ਨਾਲ ਹੋਣ ਜਾਂ ਫਿਰ 'ਮਤਦਾਨ' ਰਾਹੀਂ! ਉਨ੍ਹਾਂ ਨੇ ਤਾਂ ਜਿੱਤ ਹੀ ਜਾਣਾ ਹੈ। ਉਨ੍ਹਾਂ ਨੂੰ ਵਿਰੋਧੀ ਪਾਰਟੀਆਂ ਦੀ ਗਲ ਨੂੰ ਮੰਨ ਲੈਣਾ ਚਾਹੀਦਾ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਦੀਆਂ ਸਾਰੀਆਂ ਵਿਰੋਧੀ ਰਾਜਨੀਤਕ ਪਾਰਟੀਆਂ ਦੀ ਈ. ਵੀ. ਐਮ. ਰਾਹੀਂ ਵੋਟਾਂ ਨਾ ਕਰਾਉਣ ਦੀ ਗਲ ਤਾਂ ਕੀ ਸਵੀਕਾਰ ਕਰਨੀ ਸੀ । ਵੀ. ਵੀ. ਪੈਡ ਰਾਹੀ 5% ਵੋਟਾਂ ਦਾ ਮਿਲਾਣ ਕਰਾਉਣ ਤਕ ਦੀ ਗਲ ਵੀ ਨਾ ਪ੍ਰਵਾਨ ਕੀਤੀ ਗਈ। ਈ. ਵੀ. ਐਮ. ਰਾਹੀਂ ਵੋਟਾਂ ਕਰਾਉਣਾ ਸੰਸਾਰ ਦੇ ਵਿਕਸਤ ਦੇਸ਼ਾਂ ਜਾਪਾਨ, ਅਮਰੀਕਾ, ਇੰਗਲੈਂਡ, ਕਨੇਡਾ ਆਦਿ ਬਹੁਤ ਸਾਰੇ ਦੇਸ਼ ਪਹਿਲਾਂ ਇਸ ਪ੍ਰਣਾਲੀ ਨੂੰ ਲਾਗੂ ਕਰ ਕੇ ਵੇਖ ਚੁੱਕੇ ਹਨ। ਇਸ ਵਿੱਚ ਖ਼ਾਮੀਆਂ ਹੋਣ ਕਾਰਨ ਉਹ ਮੁੜ ਮਤਦਾਨ ਰਾਹੀਂ ਚੋਣਾਂ ਕਰਾਉਣ ਤੇ ਆ ਗਏ ਹਨ। ਫਿਰ ਸਮਝ ਨਹੀਂ ਆ ਰਹੀ ਕਿ ਭਾਰਤ ਦੀ ਸਰਕਾਰ ਇਸ ਈ .ਵੀ .ਐਮ. ਰਾਹੀਂ ਵੋਟਾਂ ਕਰਾਉਣ ਲਈ ਕਿਉਂ ਬਜ਼ਿਦ ਹੈ? ਉਹ ਦੇਸ਼ ਦੀਆਂ ਵਿਰੋਧੀ ਪਾਰਟੀਆਂ ਵਲੋਂ ਬਾਰ ਬਾਰ ਮੰਗ ਕਰਨ ਤੇ ਕਿ ਵੋਟਾਂ ਮਤਦਾਨ ਰਾਹੀਂ ਕਰਾਈਆਂ ਜਾਣ ਦੀ ਮੰਗ ਨੂੰ ਕਿਉਂ ਨਹੀਂ ਸਵੀਕਾਰਦੀ? ਜੋ ਇਹ ਸਾਬਤ ਕਰ ਰਿਹਾ ਹੈ ਕਿ ਇਸ ਵੋਟ ਤੰਤਰ ਵਿੱਚ ਵੱਡਾ ਘਾਲਾ ਮਾਲਾ ਜਰੂਰ ਕੀਤਾ ਜਾਂਦਾ ਹੋਵੇਗਾ।ਇਹ ਸਭ ਤਰਕ ਪੈਦਾ ਹੋ ਰਹੇ ਸ਼ੱਕਾਂ ਨੂੰ ਸਚਾਈ ਵਿੱਚ ਤਬਦੀਲ ਕਰਦੇ ਹਨ ਕਿ ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਜਾਂ ਫਿਰ ਵਿਧਾਨ ਸਭਾ ਦੀਆਂ ਚੋਣਾਂ ਜਿਤਾਉਣ ਵਿੱਚ ਈ ਵੀ ਐਮ ਹੀ ਸਹਾਈ ਹੈ। ਹੁਣੇ ਹੀ ਰ ਸ ਸ ਦੇ ਮੁੱਖੀ ਮੋਹਨ ਭਾਗਵਤ ਦਾ ਬਿਆਨ ਜੋ ਦੁਸਹਿਰੇ ਮੌਕੇ ਉਨ੍ਹਾਂ ਨੇ ਦਿੱਤਾ ਹੈ ਕਿ ਭਾਰਤ ਦੇ ਸਾਰੇ 135 ਕਰੋੜ ਵਾਸੀ ਸਾਰੇ ਹਿੰਦੂ ਹਨ। ਉਹ ਮੁਸਲਮਾਨਾਂ, ਸਿੱਖਾਂ ਤੇ ਹੋਰ ਘੱਟ ਗਿਣਤੀਆਂ ਸਭ ਨੂੰ ਵੀ ਜਬਰੀ ਹਿੰਦੂ ਦੱਸ ਰਹੇ ਹਨ। ਅਸਲ ਵਿੱਚ ਰ ਸ ਸ ਇਹ ਟੀਚਾ ਮਿਥੀ ਬੈਠੀ ਹੈ ਕਿ ਅਗਲੀਆਂ ਲੋਕ ਸਭਾ ਦੀਆਂ ਚੋਣਾਂ ਤੋਂ ਤੁਰੰਤ ਬਾਅਦ ਸੰਨ 2025 ਤਕ ਸਾਰੇ ਭਾਰਤ ਨੂੰ "ਹਿੰਦੂ ਰਾਸ਼ਟਰ" ਬਣਾਉਣਾ ਹੈ। ਉਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਕਰ ਉਨ੍ਹਾਂ ਕੋਲ ਪ੍ਰਾਂਤਾਂ ਦੀਆਂ ਵਧੇਰੇ ਵਿਧਾਨ ਸਭਾਵਾਂ ਹੋਣਗੀਆਂ ਤਾਂ ਹੀ ਉਨ੍ਹਾਂ ਦੇ ਰਾਜ ਸਭਾ ਵਿੱਚ ਵੱਧ ਮੈਂਬਰ ਹੋ ਸਕਣਗੇ। ਫਿਰ ਹੀ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਰੱਲ ਕੇ ਬਹੁ ਸੰਮਤੀ ਨਾਲ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੇ ਸਮਰੱਥ ਹੋ ਸਕਣਗੇ। ਇਸ ਸਮੇਂ ਉਨ੍ਹਾਂ ਕੋਲ ਰਾਜ ਸਭਾ ਦੇ ਮੈਂਬਰ ਘੱਟ ਹਨ ਜਿਸ ਕਾਰਨ ਉਹ ਦੇਸ਼ ਦੇ ਸੰਵਿਧਾਨ ਨੂੰ ਨਹੀਂ ਬਦਲ ਸਕੇ। ਸਰਕਾਰ ਹਰ ਹੀਲੇ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ ਨੂੰ ਪੂਰਾ ਕਰਕੇ ਦੇਸ਼ ਦੇ ਸੰਵਿਧਾਨ ਨੂੰ "ਹਿੰਦੂ ਰਾਸ਼ਟਰ" ਵਾਲਾ ਬਣਾ ਸਕਦੀ ਹੈ। ਇਸ ਲਈ ਸੂਬਿਆਂ ਦੀਆਂ ਵਿਧਾਨ ਸਭਾਵਾਂ ਨੂੰ ਹਰ ਹੀਲੇ ਵੱਧ ਤੋਂ ਵੱਧ ਜਿੱਤਣਾ ਉਨ੍ਹਾਂ ਦੀ ਸਮੇਂ ਦੀ ਮਜਬੂਰੀ ਬਣ ਗਈ ਹੈ।ਉਸ ਨਿਸ਼ਾਨੇ ਨੂੰ ਸਾਹਮਣੇ ਰੱਖ ਕੇ ਸਰਕਾਰ ਈ ਵੀ ਐਮ ਰਾਹੀਂ ਦੇਸ਼ ਤੇ ਕਬਜਾ ਕਰਕੇ 'ਤਾਨਾਸ਼ਾਹੀ' ਰਾਜ ਨੂੰ ਚਲਾਉਣਾ ਚਾਹੁੰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਜੇ ਕਰ ਸਾਰੇ ਐਗਜ਼ਿਟ ਪੋਲ ਇਹ ਕਹਿਣ ਕਿ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਜਿੱਤ ਰਹੀ ਹੈ ਤਾਂ ਉਹ ਸਾਰੇ ਦੇ ਸਾਰੇ ਐਗਜ਼ਿਟ ਪੋਲ ਸੱਚ ਮੁੱਚ ਠੀਕ ਸਾਬਤ ਹੁੰਦੇ ਹਨ ਪਰ ਜੇ ਸਾਰੇ ਦੇ ਸਾਰੇ ਚੋਣ ਸਰਵੇਖਣ ਇਹ ਦਸ ਰਹੇ ਹੋਣ ਕਿ ਬਿਹਾਰ ਵਿੱਚ ਮਹਾਂ ਗੱਠਜੋੜ ਭਾਰੀ ਜਿੱਤ ਪ੍ਰਾਪਤ ਕਰ ਰਿਹਾ ਹੈ ਤੇ ਉਹ ਸਭ ਝੂਠੇ ਹੋ ਜਾਣ ਅਤੇ ਫਿਰ ਜਿੱਤ ਭਾਰਤੀ ਜਨਤਾ ਪਾਰਟੀ ਦੀ ਹੀ ਹੋ ਜਾਵੇ ਤਾਂ ਲੋਕਾਂ ਦੇ ਮਨਾਂ ਵਿੱਚ ਕਿਸੇ ਪਰਕਾਰ ਦੇ ਸ਼ਕ ਦੀ ਗੁੰਜਾਇਸ਼ ਬਾਕੀ ਨਹੀਂ ਰਹਿ ਜਾਂਦੀ ਕਿ ਇਹ ਸਭ ਕੁਝ ਈ ਵੀ ਐਮ ਨਾਲ ਛੇੜ੍ਹ ਛਾੜ੍ਹ ਕਰਕੇ ਹੀ ਹੋਇਆ ਹੈ।

ਦੇਸ਼ ਦੀ ਸਰਬ ਉੱਚ ਅਦਾਲਤ ਦੇ ਕੁਝ ਉਘੇ ਵਕੀਲਾਂ, ਚਿੰਤਕਾਂ, ਮਾਹਰਾਂ ਦੀਆਂ ਸੋਸ਼ਲ ਸਾਈਟ ਤੇ ਵਾਇਰਲ ਹੋ ਰਹੀ ਵੀ ਡੀ ਓਜ ਜਿਸ ਵਿੱਚ ਉਹ ਇਹ ਕਹਿ ਰਹੇ ਹਨ ਕਿ ਜਿੰਨਾ ਚਿਰ ਦੇਸ਼ ਦੇ ਵਾਸੀ ਵੋਟਾਂ ਦਾ ਖਹਿੜ੍ਹਾ ਈ. ਵੀ. ਐਮ. ਤੋਂ ਨਹੀਂ ਛੁਡਾਉਂਦੇ, ਉਨ੍ਹਾਂ ਚਿਰ ਦੇਸ਼ ਦਾ ਕੁਝ ਵੀ ਠੀਕ ਹੋਣ ਵਾਲਾ ਨਹੀਂ।ਇਸ ਲਈ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕ ਝੂਠ ਹੋ ਕੇ ਈ. ਵੀ. ਐਮ .ਵਿਰੁੱਧ ਮਜਬੂਤ ਅਵਾਜ ਉਠਾਉਣ ਦੇ ਨਾਲ ਵਿਸ਼ੇਸ਼ ਯੋਜਨਾ ਬਣਾਉਣੀ ਪਵੇਗੀ ਤਾਂ ਹੀ ਭਾਰਤੀ ਜਨਤਾ ਪਾਰਟੀ ਵਲੋਂ ਮਕਾਰੀ ਨਾਲ ਉਸਾਰੇ ਜਾ ਰਹੇ ਇਸ ਮਹੱਲ ਨੂੰ ਢਹਿ ਢੇਰੀ ਕੀਤਾ ਜਾ ਸਕਦਾ ਹੈ।



ਜੰਗ ਸਿੰਘ
91-94170-95965

# ਹੈਲੀਕਾਪਟਰ ਘੁਟਾਲੇ 'ਚ ਆਇਆ ਸਲਮਾਨ ਖੁਰਸ਼ੀਦ ਤੇ ਕਮਲਨਾਥ ਦੇ ਬੇਟੇ ਦਾ ਨਾਂ

**ਨਵੀਂ ਦਿੱਲੀ–** ਅਗਸਤਾ ਵੈਸਟਲੈਂਡ ਹੈਲੀਕਾਪਟਰ ਖ਼ਰੀਦ ਘੁਟਾਲੇ ਦਾ ਜਿੰਨ ਕਾਂਗਰਸ ਦਾ ਪਿੱਛਾ ਨਹੀਂ ਛੱਡ ਰਿਹਾ। ਘੁਟਾਲੇ 'ਚ ਸ਼ਮੂਲੀਅਤ ਦੇ ਮੁਲਜ਼ਮਾਂ 'ਚ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਦਾ ਭਾਣਜਾ ਰਤੁਲ ਪੁਰੀ ਪਹਿਲਾਂ ਹੀ ਗ੍ਰਿਫ਼ਤਾਰ ਹੋ ਚੁੱਕਾ ਹੈ ਤੇ ਫ਼ਿਲਹਾਲ ਜ਼ਮਾਨਤ 'ਤੇ ਹੈ। ਹੁਣ ਮੁਲਜ਼ਮ ਰਾਜੀਵ ਸਕਸੈਨਾ ਨੇ ਈਡੀ ਦੇ ਸਾਹਮਣੇ ਦਿੱਤੇ ਬਿਆਨ 'ਚ ਕਮਲਨਾਥ ਦੇ ਬੇਟੇ ਬਕੁਲ ਨਾਥ ਤੇ ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦਾ ਨਾਂ ਲਿਆ ਹੈ। ਵੈਸੇ ਸਲਮਾਨ ਖੁਰਸ਼ੀਦ ਨੇ ਘੁਟਾਲੇ ਨਾਲ ਕਿਸੇ ਤਰ੍ਹਾਂ ਦੇ ਸਬੰਧ ਤੋਂ ਸਾਫ਼ ਇਨਕਾਰ ਕੀਤਾ ਹੈ ਪਰ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਫ਼ੌਜੀ ਖ਼ਰੀਦ ਘੁਟਾਲਿਆਂ 'ਚ ਕਾਂਗਰਸ ਦੀ ਪੁਰਾਣੀ ਸ਼ਮੂਲੀਅਤ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਜਨਤਾ ਦੇ ਸਾਹਮਣੇ ਇਸਦਾ ਜਵਾਬ ਦੇਣਾ ਪਵੇਗਾ।

ਈਡੀ ਦੇ ਸਾਹਮਣੇ ਦਿੱਤੇ ਲਗਪਗ ਇਕ ਹਜ਼ਾਰ ਸਫ਼ਿਆਂ ਦੇ ਆਪਣੇ ਬਿਆਨ 'ਚ ਰਾਜੀਵ ਸਕਸੈਨਾ ਨੇ ਸੌਦੇ 'ਚ ਲਈ ਗਈ ਦਲਾਲੀ ਦੀ ਰਕਮ ਨੂੰ ਭਾਰਤ ਪਹੁੰਚਾਉਣ 'ਚ ਆਪਣੀ ਸ਼ਮੂਲੀਅਤ ਮੰਨੀ ਹੈ। ਰਾਜੀਵ ਸਕਸੈਨਾ ਨੂੰ ਜਨਵਰੀ 2019 'ਚ ਦੁਬਈ ਤੋਂ ਹਵਾਲਗੀ ਜ਼ਰੀਏ ਭਾਰਤ ਲਿਆਂਦਾ ਗਿਆ ਸੀ। ਜਾਂਚ 'ਚ ਸਹਿਯੋਗ ਨੂੰ ਦੇਖਦੇ ਹੋਏ ਈਡੀ ਨੇ ਪਹਿਲਾਂ ਉਸਨੂੰ ਸਰਕਾਰੀ ਗਵਾਹ ਬਣਾਇਆ ਸੀ ਪਰ ਬਾਅਦ 'ਚ ਪਤਾ ਲੱਗਾ ਕਿ ਸਕਸੈਨਾ ਘੁਟਾਲੇ ਨਾਲ ਜੁੜੇ ਅਹਿਮ ਤੱਥ ਲੁਕਾ ਰਿਹਾ ਹੈ। ਇਸ ਤੋਂ ਬਾਅਦ ਈਡੀ ਨੇ ਉਸਨੂੰ ਸਰਕਾਰੀ ਗਵਾਹ ਤੋਂ ਹਟਾ ਕੇ ਮੁਲਜ਼ਮ ਬਣਾਉਣ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ। ਘੁਟਾਲੇ ਨਾਲ ਕਿਹੜੇ ਸਿਆਸਤਦਾਨਾਂ ਨੂੰ ਲਾਭ ਮਿਲਣ ਦੇ ਈਡੀ ਦੇ ਸਿੱਧੇ ਸਵਾਲ ਦਾ ਜਵਾਬ ਦਿੰਦੇ ਹੋਏ ਰਾਜੀਵ ਸਕਸੈਨਾ ਨੇ ਕਿਹਾ ਕਿ ਇੰਟਰਸਟੇਲਰ ਟੈਕਨਾਲੋਜੀਜ਼ ਲਿਮਟਿਡ ਤਕ ਘੁਟਾਲੇ ਦੀ ਰਕਮ ਪਹੁੰਚੀ ਸੀ। ਸੁਸ਼ੇਨ ਮੋਹਨ ਗੁਪਤਾ ਦੀ ਇਸ ਕੰਪਨੀ ਦਾ ਸੰਚਾਲਨ ਗੌਤਮ ਖੇਤਾਨ ਕਰਦਾ ਸੀ। ਈਡੀ ਸੁਸ਼ੇਨ ਮੋਹਨ ਗੁਪਤਾ ਤੇ ਗੌਤਮ ਖੇਤਾਨ ਦੋਵਾਂ ਨੂੰ



ਗ੍ਰਿਫ਼ਤਾਰ ਕਰ ਚੁੱਕੀ ਹੈ ਤੇ ਦੋਵੇਂ ਜ਼ਮਾਨਤ 'ਤੇ ਹਨ। ਸਕਸੈਨਾ ਦੇ ਮੁਤਾਬਕ ਸੁਸ਼ੇਨ ਮੋਹਨ ਗੁਪਤਾ ਤੇ ਗੌਤਮ ਖੇਤਾਨ ਗੱਲਬਾਤ 'ਚ ਘੁਟਾਲੇ ਦਾ ਲਾਭ ਲੈਣ ਵਾਲੇ ਸਿਆਸਤਦਾਨਾਂ 'ਚ 'ਏਪੀ' ਦਾ ਨਾਂ ਲੈਂਦੇ ਸਨ। ਸਕਸੈਨਾ ਦੇ ਮੁਤਾਬਕ 'ਏਪੀ' ਦਾ ਇਸਤੇਮਾਲ ਅਹਿਮਦ ਪਟੇਲ ਲਈ ਕੀਤਾ ਜਾਂਦਾ ਸੀ। ਸਕਸੈਨਾ ਨੇ ਇਹ ਵੀ ਕਿਹਾ ਕਿ ਇੰਟਰਸਟੇਲਰ ਟੈਕਨਾਲੋਜੀਜ਼ ਤੇ ਗਲੋਬਲ ਸਰਵਿਸਿਜ਼ ਦੇ ਜ਼ਰੀਏ ਦਲਾਲੀ ਦੀ ਰਕਮ ਮੋਜਰ ਬੀਅਰ ਤੇ ਆਪਟਿਮਾ ਇਨਵੈਸਟਮੈਂਟ ਤਕ ਪਹੁੰਚਦੀ ਸੀ, ਜਿਹੜੀ ਰਤੁਲ ਪੁਰੀ ਤੇ ਉਸਦੇ ਪਰਿਵਾਰ ਦੀ ਕੰਪਨੀ ਹੈ।

ਆਪਣੇ ਬਿਆਨ 'ਚ ਰਾਜੀਵ ਸਕਸੈਨਾ ਨੇ ਇਕ ਹੋਰ ਕੰਪਨੀ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦਾ ਨਾਂ ਲਿਆ। ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਤੋਂ ਰਾਜੀਵ ਸਕਸੈਨਾ ਤੇ ਸੁਸ਼ੇਨ ਮੋਹਨ ਗੁਪਤਾ ਕੋਲ ਬ੍ਰਿਜ ਫੰਡਿੰਗ ਦੇ ਜ਼ਰੀਏ ਪੈਸਾ ਪਹੁੰਚਦਾ ਸੀ। ਸਕਸੈਨਾ ਦੇ ਮੁਤਾਬਕ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦੀ ਮੈਨੇਜਮੈਂਟ ਕਮਲਨਾਥ ਦੇ ਬੇਟੇ ਬਕੁਲ ਨਾਥ ਲਈ ਜੌਨ ਡਾਕੇਟਰੀ ਸੰਭਾਲਦਾ ਸੀ। ਇਸ ਤਰ੍ਹਾਂ ਇੰਟਰਸਟੇਲਰ ਟੈਕਨਾਲੋਜੀ ਤੇ ਗਲੋਬਲ ਸਰਵਿਸਿਜ਼ ਦਾ ਇਸਤੇਮਾਲ ਪ੍ਰਿਸਟਾਈਨ ਰਿਵਰ ਇਨਵੈਸਟਮੈਂਟ ਦੇ ਕਰਜ਼ ਦੇ ਮੁੜ ਭੁਗਤਾਨ ਲਈ ਕੀਤਾ ਜਾਂਦਾ ਸੀ।

ਜ਼ਿਕਰਯੋਗ ਹੈ ਕਿ 3600 ਕਰੋੜ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਖ਼ਰੀਦ 'ਚ ਘੁਟਾਲੇ 'ਚ ਆਪਣੀ ਤਾਜ਼ਾ ਚਾਰਜਸ਼ੀਟ 'ਚ ਸੀਬੀਆਈ ਨੇ ਦਲਾਲੀ ਦੀ ਰਕਮ ਨੂੰ ਲਾਭਪਾਤਰੀਆਂ ਤਕ ਪਹੁੰਚਾਉਣ 'ਚ ਰਾਜੀਵ ਸਕਸੈਨਾ ਦੀ ਭੂਮਿਕਾ ਦਾ ਵਿਸਥਾਰਤ ਵੇਰਵਾ ਦਿੱਤਾ ਹੈ। 17 ਸਤੰਬਰ ਨੂੰ ਦਾਖ਼ਲ ਸੀਬੀਆਈ ਦੀ ਪੂਰਕ ਚਾਰਜਸ਼ੀਟ ਦੇ ਮੁਤਾਬਕ ਇੰਟਰਸਟੇਲਰ ਟੈਕਨਾਲੋਜੀਜ਼ ਦਾ 99.9 ਫ਼ੀਸਦੀ ਸ਼ੇਅਰ ਰਾਜੀਵ ਸਕਸੈਨਾ ਨੇ 2000 'ਚ ਖ਼ਰੀਦ ਲਿਆ ਸੀ।

ਸੀਬੀਆਈ ਨੂੰ ਇਟਲੀ ਤੇ ਮਾਰੀਸ਼ਸ ਤੋਂ ਮਿਲੀ ਸਰਕਾਰੀ ਜਾਣਕਾਰੀ ਦੇ ਮੁਤਾਬਕ ਅਗਸਤਾ ਵੈਸਟਲੈਂਡ ਤੋਂ ਇੰਟਰਸਟੇਲਰ ਟੈਕਨਾਲੋਜੀਜ਼ ਦੇ ਖਾਤੇ 'ਚ 1.24 ਕਰੋੜ ਯੂਰੋ ਦੀ ਰਕਮ ਆਈ ਸੀ, ਜਿਸਨੂੰ ਬਾਅਦ 'ਚ ਵਿਚੋਲਿਆਂ ਤਕ ਪਹੁੰਚਾਇਆ ਗਿਆ। ਇਸੇ ਤਰ੍ਹਾਂ ਰਾਜੀਵ ਸਕਸੈਨਾ ਦੀਆਂ ਚਾਰ ਕੰਪਨੀਆਂ 'ਚ ਗਲੋਬਲ ਸਰਵਿਸਿਜ਼ ਤੋਂ ਨੌਂ ਲੱਖ 48 ਹਜ਼ਾਰ ਯੂਰੋ ਦਿੱਤੇ ਗਏ ਸਨ। ਰਾਜੀਵ ਸਕਸੈਨਾ ਦਾ ਬਿਆਨ ਸਾਹਮਣੇ ਆਉਣ ਤੋਂ ਬਾਅਦ ਰਵੀਸ਼ੰਕਰ ਪ੍ਰਸਾਦ ਨੇ ਕਾਂਗਰਸ 'ਤੇ ਹਮਲਾ ਕਰਦੇ ਹੋਏ ਕਿਹਾ ਕਿ ਜੀਪ ਘੁਟਾਲੇ ਤੋਂ ਲੈ ਕੇ ਬੋਫੋਰਸ ਘੁਟਾਲਾ, ਸਬਮਰੀਨ ਘੁਟਾਲਾ ਤੇ ਅਗਸਤਾ ਵੈਸਟਲੈਂਡ ਘੁਟਾਲੇ ਤਕ ਕਾਂਗਰਸੀ ਨੇਤਾਵਾਂ ਨੂੰ ਫਾਇਦਾ ਪਹੁੰਚਾਏ ਬਿਨਾਂ ਕੋਈ ਵੀ ਕੰਮ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜਦੋਂ ਵੀ ਅਸੀਂ ਰੱਖਿਆ ਸੌਦੇ 'ਚ ਕਿਸੇ ਘੁਟਾਲੇ ਦੀ ਸੋਚਦੇ ਹਾਂ, ਤਾਂ ਕਾਂਗਰਸ ਦੇ ਕਿਸੇ ਨੇਤਾ ਦਾ ਨਾਂ ਸਾਹਮਣੇ ਆ ਜਾਂਦਾ ਹੈ।

# ਬਿਹਾਰ ਵਿੱਚ ਹਾਰ?

ਲੱਗਦਾ ਸੀ ਬਹੁਤਿਆਂ ਨੂੰ ਪਾਏ ਗਾ ਬਿਹਾਰ ਮੋੜਾ
ਤੋੜੇ ਗਾ ਹੰਕਾਰ ਇਹੋ ਸੋਚਾਂ ਸੀ ਵਿਚਾਰੀਆਂ ।

ਬੜਾ ਹੀ ਅਜੀਬ ਵੋਟਾਂ ਵਾਲਾ ਅਲਜਬਰਾ ਐ
ਗੁਣਾ ਤੇ ਘਟਾਉ ਤਕਸੀਮਾਂ ਨੇ ਨਿਆਰੀਆਂ।

ਦੇਖ ਕੇ ਤੇਜੱਸਵੀ ਦਾ ਤੇਜ ਆਗੂ ਸੋਚੀਂ ਪਏ
ਤੇਜੀ ਨਾਲ ਕਿੱਦਾਂ ਉਹਨੇ ਭਰੀਆਂ ਉਡਾਰੀਆਂ।

ਖੁਸ਼ ਪੂਰਾ ਹੋਇਆ ਭਾਵੇਂ ਜਗਿਆ 'ਚਿਰਾਗ' ਨਾ
ਤੇਲ ਜਿਹਨੂੰ ਦਿੱਤਾ ਸੀਗਾ 'ਭਗਵੇਂ' ਖਿਡਾਰੀਆਂ।

ਸੀਪੀਆਈ ਐਮ ਨਾਲੇ 'ਪੰਜਾ' ਤੇ ਉਵੈਸੀ ਜਿੱਤੇ
ਵੋਟਰਾਂ ਨੇ ਸੋਚਾਂ 'ਚਾਰੇ ਪਾਸੇ' ਨੂੰ ਖਿਲਾਰੀਆਂ।

ਸਾਰਿਆਂ ਨੂੰ ਗੱਫੇ ਦਿੱਤੇ ਕੱਟਾ-ਕੱਟੀ ਕੱਢਿਆ ਨਾ
ਫਾਸ਼ੀਵਾਦੀਆਂ ਨੂੰ ਗਲ਼ ਪਾ ਲਿਆ ਬਿਹਾਰੀਆਂ !

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



# ਉਜਾਲਾ

ਦਿਨ ਨੂੰ ਚਮਕੇ ਸੂਰਜ, ਰਾਤ ਨੂੰ ਚੰਨ ਤੇ ਤਾਰੇ,
ਸੂਰਜ ਦਿੰਦਾ ਗਰਮੀ, ਤੇ ਠੰਡ ਹੈ ਚੰਨ ਦੁਆਰੇ ।

ਵਿੱਚ ਅਸਮਾਨ ਜਾ ਕੇ ਇਨ੍ਹਾਂ ਹੈ ਡੇਰਾ ਲਾਇਆ,
ਧਰਤੀ ਉਤੇ ਵਾਰੋ ਵਾਰੀ ਦਿਨ, ਰਾਤ ਬਣਾਇਆ।

ਘੋਰ ਬਦਲ ਆ ਲਕੋਂਦੇ ਦਿਸਦੀ ਸ਼ਾਨ ਨਿਰਾਲੀ,
ਚੁੱਕ ਪਾਣੀ ਸਮੁੰਦਰਾਂ ਚੋਂ ਕਰਦੇ ਨੇ ਹਰਿਆਲੀ ।

ਚੰਦ ਤੇ ਧਰਤੀ ਘੁੰਮਣ ਪਰ ਸੂਰਜ ਹੈ ਸਥਾਈ,
ਖ਼ਲਕਤ ਵੇਖ ਇਨ੍ਹਾਂ ਨੂੰ ਲੈਂਦੀ ਰਹੇ ਅੰਗੜਾਈ।

ਧਰਤੀ ਤੇ ਫੁੱਲ,ਫਲ,ਪੌਦੇ ਨਜ਼ਰ ਇਨ੍ਹਾਂ ਤੇ ਲਾਈ,
ਕੋਹਾਂ ਦੂਰ ਬੈਠ ਇਨ੍ਹਾਂ ਨੇ ਸੋਹਣੀ ਧਰਤ ਸਜਾਈ।

ਧਰਤੀ, ਚੰਨ ਤੇ ਸੂਰਜ ਦਾ ਬੜਾ ਸੰਬੰਧ ਨਿਰਾਲਾ,
ਸੂਰਜ ਦੇਵੇ ਚਮਕ ਚੰਨ ਨੂੰ, ਕਰੇ ਧਰਤ ਉਜਾਲਾ।

ਸੰਬੰਧ ਪ੍ਰਕ੍ਰਿਤੀ ਵੇਖ ਜੇ ਬੰਦਾ ਕੁਝ ਸਮਝ ਬਣਾਵੇ,
ਉਜਾਲਾ ਇਕ ਦੂਜੇ ਨੂੰ ਹੀ ਉਜਲਾ ਭਵਿਖ ਸਜਾਵੇ ।

**ਰਬਿੰਦਰ ਸ਼ਰਮਾ**
919814667682

# ਸੰਪਰਦਾਇਕਤਾ

ਬਹੁਤ ਮੁਸ਼ਕਿਲ ਨਾਲ
ਆਪਣੇ ਪਿੰਡ, ਕਸਬੇ, ਸ਼ਹਿਰ ਵਿੱਚੋਂ
ਮੇਹਨਤ ਤੇ ਜੱਦੋ-ਜਹਿਦ ਨਾਲ
ਕੱਢੀ ਸੀ ਸੰਪਰਦਾਇਕਤਾ ।

ਘਟਿਆ ਸੀ ਪਾੜਾ
ਕੁਝ ਮਿਟਿਆ ਸੀ ਪੁਆੜਾ
ਰਾਮ ਤੇ ਰਹੀਮ ਦਾ
ਚੰਗੇ ਮਾੜੇ ਨਸੀਬ ਦਾ
ਟੋਪੀ ਤੇ ਬੋਦੀ ਦਾ
ਦਿਲਾਂ ਦੇ ਕ੍ਰੋਧੀ ਦਾ
ਗੀਤਾ ਤੇ ਕੁਰਾਨ ਦਾ
ਧਰਮਾਂ 'ਚ' ਭਗਵਾਨ ਦਾ ।



ਰੇਸ਼ਮਾਂ ਤੇ ਲਾਜ਼ੋ
ਨੂਰਾਂ ਤੇ ਪ੍ਰੀਤੋ
ਇੱਕਠੀਆਂ ਬੈਠ
ਦੁੱਖ ਸੁਖ ਫੋਲਦੀਆਂ
ਸਮਝ ਕੇ ਇਨਸਾਨੀਅਤ
ਸੰਪਰਦਾਇਕਤਾ ਨੂੰ ਬੋਲਦੀਆਂ ।

ਸਿਆਸ਼ੀ ਲੀਡਰਾਂ
ਧਰਮ ਦੇ ਪਲੀਡਰਾਂ
ਹਜ਼ਮ ਨਾਂ ਹੋਈ ਗੱਲ
ਚਿੰਤਾ ਵਧੀ ਪੱਲ-ਪੱਲ
ਦਿੱਤਾ ਪੁੱਠਾ ਗੇੜਾ
ਪਾਇਆ ਫਿਰ ਵਖੇਰਾ
ਧਰਮ ਤੇ ਵੋਟਾਂ ਦੇ ਖੇਲ
ਮੁਕਾਇਆ ਆਪਸੀ ਮੇਲ ।

ਰਾਮ ਤੇ ਰਹੀਮ ਫਿਰ ਵੰਡੇ
ਚਲ ਗਏ ਗੋਲੀਆਂ, ਡੰਡੇ
ਲਹੂ-ਲੁਹਾਣ ਮਾਨਵਤਾ
ਉਜਾੜੀ ਸਮਾਨਤਾ
ਝਾਕਦੀ ਰਹੀ ਮਿੱਤਰਤਾ
ਫਿਰ ਆਈ ਸੰਪਰਦਾਇਕਤਾ।

# ਉਪਦੇਸ਼ ਦਸਮ ਪਿਤਾ ਜੀ ਦਾ

ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ
ਕਰ ਗਏ ਇਸ ਦੁਨੀਆਂ 'ਚੋਂ ਕਮਾਲ
ਧਰਮ ਦੀ ਖਾਤਰ ਇਕ ਨਹੀਂ ਛੱਡਿਆ
ਵਾਰ ਗਏ ਗੁਰੂ ਜੀ ਚਾਰੇ ਲਾਲ।

ਕਰ ਗਏ ਅਹਿਸਾਨ ਸਿੱਖਾਂ ਦੇ ਉਤੇ
ਜਿਸ ਦੀ ਮਿਲਦੀ ਨਹੀਂ ਮਿਸਾਲ
ਦੇਹ ਗੁਰੂ ਦੀ ਗੁਰੂ ਗ੍ਰੰਥ ਸਾਹਿਬ ਜੀ
ਗੁਰੂ ਗੱਦੀ ਉਤੇ ਗਏ ਬਿਠਾਲ।

ਆਨ ਸ਼ਾਨ ਸਿੱਖਾਂ ਦੀ ਵਧਾ ਗਏ
ਸਿਰ ਉਤੇ ਦੇ ਗਏ ਦਸਤਾਰ
ਵਿਚਰੀਏ ਜਦ ਦੁਨੀਆਂ ਦੇ ਅੰਦਰ
ਦੇਖ ਕਿ ਸਾਨੂੰ ਕਹਿਣ ਸਰਦਾਰ।

ਜਾਤ ਪਾਤ ਨਹੀਂ ਤੁਹਾਡੀ ਕੋਈ
ਉਚ ਨੀਚ ਸਭ ਬਰਾਬਰ ਹੋਈ
ਘੋਲ ਪਤਾਸੇ ਅੰਮ੍ਰਿਤ ਤਿਆਰ ਕੀਤਾ
ਵਿਚੋਂ ਬਾਟੇ ਰਲ ਸਾਰਿਆਂ ਪੀਤਾ।

ਸਿੰਘ ਦੀ ਸ਼ਾਨ ਨਿਰਾਲੀ ਸਭ ਕਹਿੰਦੇ
ਵਿੱਚ ਦੁਨੀਆਂ ਬਹੁਤ ਮਾਣ ਨਾਲ ਰਹਿੰਦੇ
ਸਿੰਘ ਇਜ਼ ਕਿੰਗ ਬਹੁਤ ਮਾਣ ਨਾਲ ਕਹਾਉਣ
ਨਿਰਮਾਤਾ ਫਿਲਮਾਂ ਇਸ ਨਾਅ ਤੇ ਬਣਾਉਣ।

ਸ਼ੋਭਾ ਹੁੰਦੀ ਚੰਗੇ ਕੰਮਾਂ ਦੇ ਨਾਲ
ਜਾਤ ਦਾ ਮਾਣ ਕਰਨ ਗਵਾਰ
ਗੱਲ ਨਹੀਂ ਕਰਦਾ ਕਿਸੇ ਨੂੰ ਲਾ ਕੇ
ਓਟ ਬਾਣੀ ਦੀ ਲੈ ਲਵੋ ਜਾ ਕੇ।

ਅੱਜ ਕੱਲ੍ਹ ਵੱਡੇ ਸਿੱਖ ਅਖਵਾਉਂਦੇ
ਨਾਮ ਦੇ ਨਾਲੋਂ ਸਿੰਘ ਕਟਵਾਉਂਦੇ
ਜਾਤ ਹੈ ਉਚੀ ਅਸੀ ਹਾਂ ਅੱਗੇ
ਸਿੰਘ ਦੇ ਨਾਲ ਪਤਾ ਕਿਵੇਂ ਲੱਗੇ।

'ਸਿੰਘ ਕਟਵਾ ਕਿ ਗੋਤਾਂ' ਲਾਉਂਦੇ
ਉਪਦੇਸ਼ ਗੁਰੂ ਦਾ ਮਿੱਟੀ 'ਚ ਮਿਲਾਉਂਦੇ
ਸ਼ਕਤੀ ਸਾਡੀ ਜੇ ਚੱਲੀਏ ਨਾਲ
ਗੁਰੂ ਗੋਬਿੰਦ ਸਿੰਘ ਜੀ ਦੇ ਹਾਂ ਲਾਲ।

ਗੋਤਾਂ-ਨਾਂਵਾਂ ਨਾਲ ਨਾ ਲਾਵੋ
ਆਪਸ ਵਿਚ ਨਾ ਵੰਡੀਆ ਪਾਵੋ
ਕਹਿ ਦੇਵੋ ਸਭਨਾ ਨੂੰ ਜਾ ਕੇ
ਸਿੰਘ ਦੇ ਨਾਲ ਹੀ ਸਾਨੂੰ ਬਲਾਵੋ।

'ਸਿੰਘ' ਹੀ ਹਨ ਸਿੱਖੀ ਦੀ ਸ਼ਾਨ
'ਕੌਰ' ਦਾ ਨਾਮ ਹੈ ਬਹੁਤ ਮਹਾਨ
ਕਹਿੰਦਾ ਸੁਭਾਨਪੁਰੀ ਇਹ ਨਾ ਕੱਟਣਾ
ਉਪਦੇਸ਼ ਪਿਤਾ ਦਾ ਸਦਾ ਯਾਦ ਰੱਖਣਾ।

ਰਘਬੀਰ ਸਿੰਘ ਸੁਭਾ
ਨਿਊਯ



**ਰਘਬੀਰ ਸਿੰਘ ਸੁਭਾਨਪੁਰ**
**+1 (917) 701-4259**

# ਮੌਸਮੀ ਤਬਦੀਲੀ ਨਾਲ ਅਮਰੀਕਾ ਦੇ ਕਈ ਹਿੱਸਿਆਂ ਦਾ ਰਹਿਣ ਦੇ ਅਯੋਗ ਬਣ ਜਾਣ ਦਾ ਖਦਸ਼ਾ



**ਫਰਿਜ਼ਨੋ (ਕੈਲੇਫੋਰ-ਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ** - ਅਮਰੀਕਾ ਦਾ ਖੇਤਰਫਲ ਬਹੁਤ ਵਿਸ਼ਾਲ ਅਤੇ ਧਰਾਤਲੀ ਭਿੰਨਤਾਵਾਂ ਵਾਲਾ ਹੈ। ਇਸ ਦੇ ਬਹੁਤ ਖੇਤਰ ਇਹਨਾਂ ਭਿੰਨਤਾਵਾਂ ਕਾਰਨ ਕਈ ਤਰ੍ਹਾਂ ਦੀ ਮੌਸਮੀ ਤਬਦੀਲੀ ਦਾ ਸਾਹਮਣਾ ਕਰਦੇ ਹਨ।ਮੌਸਮੀ ਮਾਹਿਰਾਂ ਦਾ ਡਰ ਹੈ ਕਿ ਵਾਤਾਵਰਨ ਅਤੇ ਮੌਸਮ ਵਿੱਚ ਹੋ ਰਹੀਆਂ ਭਾਰੀ ਤਬਦੀਲੀਆਂ ਦੇਸ਼ ਦੇ ਕਈ ਖੇਤਰਾਂ ਨੂੰ ਲੋਕਾਂ ਦੇ ਰਹਿਣ ਲਈ ਅਯੋਗ ਬਣਾ ਦੇਣ-ਗੀਆਂ। ਇਹਨਾਂ ਤਬਦੀਲੀਆਂ ਵਿੱਚ ਕਈ ਖੇਤਰ ਜਿਵੇਂ ਕਿ ਫੀਨਿਕਸ, ਹਿਊਸਟਨ ਅਤੇ ਮਿਆਮੀ ਵਰਗੀਆਂ ਥਾਵਾਂ ਦੀ ਜ਼ਮੀਨ ਘੱਟ ਰਹਿਣਯੋਗ ਬਣ ਰਹੀ ਹੈ ਕਿਉਂਕਿ ਇਹਨਾਂ ਸ਼ਹਿਰਾਂ ਵਿੱਚ ਤਾਪਮਾਨ ਅਤੇ ਵੱਧਦੇ ਸਮੁੰਦਰੀ ਪੱਧਰ ਦੇ ਜੋਖਮ ਵਧ ਰਹੇ ਹਨ। ਜਿਸ ਕਰਕੇ ਦੇਸ਼ ਦੇ ਲੋਕ ਪਰਵਾਸ ਸੰਬੰਧੀ ਢੰਗ ਬਦਲਣ ਲਈ ਮਜਬੂਰ ਹੋਣਗੇ। ਪਰ ਇਸ ਸਭ ਦੇ ਬਾਵਜੂਦ ਮੌਸਮ ਦੇ ਸੰਕਟ ਦੇ ਖੇਤਰਾਂ ਤੋਂ ਦੂਰ ਜਾਣ ਦੀ ਬਜਾਏ, ਅਮਰੀਕੀ ਲੋਕ ਅਜੇ ਵੀ ਉਨ੍ਹਾਂ ਵੱਲ ਆ ਰਹੇ ਹਨ। ਇਸ ਸਾਲ ਕੋਰੋਨਾਂ ਮਹਾਂਮਾਰੀ ਦੇ ਚਲਦਿਆਂ ਲਗਭੱਗ ਪਿਛਲੇ ਇੱਕ ਸਾਲ ਤੋਂ, ਘਰ ਤੋਂ ਕੰਮ ਕਰ ਰਹੇ ਲੋਕਾਂ ਦੁਆਰਾ ਰਹਿਣ ਸੰਬੰਧੀ ਗੱਲਬਾਤ ਨੂੰ ਹੋਰ ਤੇਜ਼ ਕਰ ਦਿੱਤਾ ਹੈ।

ਪ੍ਰੋਪਬਲੀਕਾ ਦੁਆਰਾ ਵਿਸ਼ਲੇਸ਼ਣ ਕੀਤੇ ਰੋਡੀਅਮ ਸਮੂਹ ਦੇ ਨਵੇਂ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਮੌਸਮ ਦਾ ਬਦਲਾਵ ਦੇਸ਼ ਦੇ ਦੱਖਣੀ ਤੀਜੇ ਹਿੱਸੇ 'ਤੇ ਤਬਾਹੀ ਮਚਾ ਦੇਵੇਗਾ, ਇਸ ਦੇ 8% ਤੋਂ ਵਧੇਰੇ ਆਰਥਿਕ ਸਾਧਨ ਵੀ ਮਿਟ ਜਾਣਗੇ ਅਤੇ ਇਹ ਸੰਭਾਵਤ ਤੌਰ' ਤੇ ਪ੍ਰਵਾਸ ਨੂੰ ਬਦਲ ਦੇਵੇਗਾ। ਅੰਕੜੇ ਦਰਸਾਉਂਦੇ ਹਨ ਕਿ ਵਧ ਰਹੀ ਗਰਮੀ ਦਾ ਮੌਸਮ ਸਭ ਨੂੰ ਬਦਲ ਦੇਵੇਗਾ ਅਤੇ ਲੱਖਾਂ ਲੋਕ ਹੜ੍ਹਾਂ, ਅੱਗਾਂ ਆਦਿ ਦਾ ਵੀ ਸਾਹਮਣਾ ਕਰ ਸਕਦੇ ਹਨ।

# ਨਿੱਕੀਆਂ ਕਰੂੰਬਲਾਂ ਵਲੋਂ ਸੈਲਾਨੀ ਦੀ ਪੁਸਤਕ 'ਤਾਇਆ ਐਕਟਰ ਕਿਵੇਂ ਬਣਿਆ?' ਜਾਰੀ



**ਮਾਹਿਲਪੁਰ-** ਸੁਰ ਸੰਗਮ ਵਿੱਦਿਅਕ ਟਰੱਸਟ ਵਲੋਂ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੇ ਸਹਿਯੋਗ ਨਾਲ ਐਮ ਸੀ ਬੀਬੀ ਗੁਰਮੀਤ ਕੌਰ ਬੈਂਸ ਸਾਬਕਾ ਪ੍ਰਧਾਨ ਨਗਰ ਕੌਂਸਿਲ ਮਾਹਿਲਪੁਰ ਦੀ ਅਗਵਾਈ ਹੇਠ ਸਵਰਗਵਾਸੀ ਨੈਸ਼ਨਲ ਅਵਾਰਡੀ ਸਾਹਿਤਕਾਰ ਤੇ ਅਧਿਆਪਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਦੁਆਰਾ ਰਚੀ ਵਿਅੰਗਮਈ ਪੁਸਤਕ'ਤਾਇਆ ਐਕਟਰ ਕਿਵੇਂ ਬਣਿਆ?' ਨੂੰ ਜਾਰੀ ਕਰਨ ਲਈ ਪੁਸਤਕ ਰਿਲੀਜ਼ ਸਮਾਰੋਹ ਦਾ ਪ੍ਰਬੰਧ ਸੈਲਾਨੀ ਕੁਟੀਆ ਵਿਚ ਕੀਤਾ ਗਿਆ।ਇਸ ਮੌਕੇ ਪੁਸਤਕ ਜਾਰੀ ਕਰਦਿਆਂ ਸ.ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਸੈਲਾਨੀ ਸਿੱਖਿਆ ਅਤੇ ਸਾਹਿਤ ਦੇ ਖੇਤਰ ਦਾ ਚੰਨ ਹੈ।ਹੱਥਲੀ ਪੁਸਤਕ ਵਿਚ ਸ਼ਾਮਿਲ ਵਿਅੰਗ ਪਾਠਕਾਂ ਨੂੰ ਆਪਣੀ ਮਾਂ ਬੋਲੀ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਵਾਲੇ ਹਨ। ਬਲਜਿੰਦਰ ਮਾਨ ਅਤੇ ਕ੍ਰਿਸ਼ਨਜੀਤ ਰਾਓ ਦੁਆਰਾ ਸੰਪਾਦਿਤ ਇਸ ਪੁਸਤਕ ਬਾਰੇ ਵਿਚਾਰ ਪੇਸ਼ ਕਰਦਿਆਂ ਸੁਖਮਨ ਸਿੰਘ ਖੜੌਦੀ ਨੇ ਕਿਹਾ ਕਿ ਜਿੱਥੇ ਉਸਨੂੰ ਇਸ ਪੁਸਤਕ ਦਾ ਟਾਈਟਲ ਤਿਆਰ ਕਰਨ ਦਾ ਸੁਭਾਗ ਮਿਲਿਆ ਉੱਥੇ ਪੁਸਤਕ ਪੜ੍ਹ ਕੇ ਬਹੁਤ ਸਾਰਾ ਗਿਆਨ ਅਤੇ ਜਵਿਨ ਤਜਰਬਾ ਵੀ ਮਿਲ ਗਿਆ।ਬੀਬੀ ਗੁਰਦੇਵ ਕੌਰ ਅਤੇ ਰੌਬਿਨ ਸਹੋਤਰਾ ਨੇ ਸੰਪਾਦਕਾਂ ਦੀ ਸੰਪਦਨ ਕਲਾ ਨੂੰ ਸਲਾਹੁਦਿਆਂ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੇ ਬਾਲ ਭਲਾਈ ਕਾਰਜਾਂ ਤੇ ਮਾਣ ਮਹਿਸੂਸ ਕੀਤਾ। ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਸ੍ਰੀ ਸੁਰਿੰਦਰ ਸਿੰਘ, ਚਰਨਜੀਤ ਕੌਰ ਅਤੇ ਰੌਬਿਨ ਸਹੋਤਰਾ ਨੇ ਸਮਾਰੋਹ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੁਸਤਕ ਦਾ ਮਨੋਰਥ ਪਾਠਕਾਂ ਨੂੰ ਨਰੋਏ ਅਤੇ ਰੌਚਕ ਸਾਹਿਤ ਰਾਹੀਂ ਆਦਰਸ਼ ਨਾਗਰਿਕ ਬਣਾਉਣਾ ਹੈ।ਇਸ ਮੌਕੇ ਪੰਮੀ ਖੁਸ਼ਹਾਲਪੁਰੀ ਨੇ ਆਪਣੀਆਂ ਕਾਵਿ ਵੰਨਗੀਆਂ ਨਾਲ ਸਭ ਦਾ ਭਰਪੂਰ ਮਨੋਰੰਜਨ ਕੀਤਾ। ਬਲਵੀਰ ਸਿੰਘ ਨੇ ਗਿਆਨੀ,ਤਾਇਆ ਅਤੇ ਬੱਗਾ ਸਿੰਘ ਦੀ ਤ੍ਰਿਵੈਣੀ ਦੀਆਂ ਬਾਤਾਂ ਪਾਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜਿੰਦਰ ਸਿੰਘ, ਰੋਹਿਤ ਰਾਓ, ਹਰਵੀਰ ਮਾਨ, ਮਨਜੀਤ ਕੌਰ, ਨਿਧੀ ਅਮਨ ਸਹੋਤਾ ਆਦਿ ਉਚੇਚੇ ਤੌਰ ਤੇ ਸ਼ਾਮਿਲ ਹੋਏ। ਮੰਚ ਸੰਚਾਲਨ ਕਰਦਿਆਂ ਰਾਓ ਕੈਂਡੋਵਾਲ ਨੇ ਪੁਰਾਣੀਆਂ ਯਾਦਾਂ ਦੀ ਪਟਾਰੀ ਨੂੰ ਫਰੋਲਦਿਆਂ ਕਿਹਾ ਕਿ ਗਿਆਨੀ ਜੀ ਨੇ ਆਪਣੇ ਜੀਵਨ ਕਾਲ ਵਿਚ ਦੋ ਦਰਜਨ ਪੁਸਤਕਾਂ ਦੀ ਸਿਰਜਣਾ ਕੀਤੀ ਅਤੇ ਸਭ ਨੂੰ ਮੁਫਤ ਪਾਠਕਾਂ ਤਕ ਪਹੁੰਚਾਇਆ।ਅੰਤ ਵਿਚ ਸਭ ਦਾ ਧੰਨਵਾਦ ਕਰਦਿਆਂ ਬਲਜਿੰਦਰ ਮਾਨ ਨੇ ਕਿਹਾ ਕਿ ਉਹਨਾਂ ਦੀ ਪ੍ਰੇਰਨਾ ਸਦਕਾ ਹੀ ਉਹ ਸਾਹਿਤ ਅਤੇ ਸਿੱਖਿਆ ਦੇ ਖੇਤਰ ਵਿਚ ਸਰਗਰਮ ਯੋਗਦਾਨ ਪਾ ਰਹੇ ਹਨ।


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL TO HAPPY
Cell: (209)-487-2127
Ph: (209) 478-0285
Fax: (209) 477-3206
WE ACCEPT FOOD STAMPS
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਰਤਾਰਪੁਰ ਕੋਰੀਡੋਰ ਦੀ ਪਹਿਲੀ ਯਾਦਗਾਰ ਮਨਾਈ










ਪਿੰਡ ਨਾਰੋਵਾਲਾ ਵਿਖੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਸਤਵੰਤ ਸਿੰਘ ਦੀ ਅਗਵਾਈ ਵਿਚ ਔਕਾਫ ਬੋਰਡ ਦੇ ਸਹਿਯੋਗ ਨਾਲ ਗੁਰਦੁਆਰਾ ਦਰਬਾਰ ਸਾਹਿਬ ਨਾਰੋਵਾਲ ਪਾਕਿਸਤਾਨ ਵਿਖੇ ਬੀਤੀ 9 ਨਵੰਬਰ ਨੂੰ ਕਰਤਾਰਪੁਰ ਕੋਰੀਡੋਰ ਖੋਲ੍ਹੇ ਜਾਣ ਦੀ ਪਹਿਲੀ ਯਾਦਗਾਰ ਮਨਾਈ। ਇਸ ਮੌਕੇ ਕਰਤਾਰਪੁਰ ਕੋਰੀਡੋਰ ਦੀ ਯਾਦ ਵਿਚ ਕੇਕ ਵੀ ਕੱਟਿਆ ਗਿਆ। ਦੋਵੇਂ ਮੁਲਕਾਂ ਵਿਚ ਅਮਨ ਸ਼ਾਂਤੀ ਦੇ ਲਈ ਅਰਦਾਸ ਕੀਤੀ ਗਈ। ਭਾਰਤ ਸਰਕਾਰ ਨੂੰ ਇਸ ਮੌਕੇ ਪ੍ਰਧਾਨ ਸਤਵੰਤ ਸਿੰਘ, ਅਮੀਰ ਸਿੰਘ ਅਤੇ ਹਿੰਦਰਜੀਤ ਸਿੰਘ ਵੱਲੋਂ ਇਹ ਸੱਦਾ ਦਿੱਤਾ ਗਿਆ ਕਿ ਜਲਦ ਤੋਂ ਜਲਦ ਭਾਰਤ ਤੋਂ ਸੰਗਤ ਨੂੰ ਕਰਤਾਰਪੁਰ ਸਾਹਿਬ, ਨਾਰੋਵਾਲ ਵਿਖੇ ਆਉਣ ਦੀ ਇਜਾਜ਼ਤ ਦਿੱਤੀ ਜਾਵੇ, ਕਿਉਂਕਿ ਸਾਡੀ 72 ਸਾਲ ਦੀ ਅਰਦਾਸ ਪੂਰੀ ਹੋਈ ਹੈ। ਇਸ ਮੌਕੇ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਨਵਜੋਤ ਸਿੰਘ ਸਿੱਧੂ ਨੂੰ ਵੀ ਸੱਦਾ ਦਿੱਤਾ ਗਿਆ ਕਿ ਉਹ ਗੁਰਦੁਆਰਾ ਸਾਹਿਬ ਆ ਕੇ ਦਰਸ਼ਨ ਕਰਨ।

**– ਰਿਪੋਰਟ ਬਾਬਰ ਜਲੰਧਰੀ**






# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop

Weekly
# Ambedkar Times
Editor-in-Chief: Prem Kumar Chumber Contact: 001-916-947-8920 Fax: 916-238-1393 E-mail: chumbermedia@yahoo.com, editor@ambedkartimes.com
VOL- 12 ISSUE- 34 November 18, 2020 California (USA) www.ambedkartimes.com www.deshdoaba.com

## AD DHARM IN PUNJAB ELECTIONS

Prem K. Chumber
Editor-In-Chief: Ambedkar Times & Desh Doaba




Ad Dharm movement of Punjab gained tremendous importance within a short period after its foundation in 1926. That it got recognition for a separate religion for the so called lowest if the low from the British Government speaks about its great strength. In 1931, about 500, 000 ScheduledCastes (SCs) got recorded Ad Dharm as their distinct religion. Thereafter, its record victory in the 1937 Punjab Provincial Assembly elections reinforced its popularity among the SCs. Its victory in the 1946 Punjab Provincial Assembly election to the Punjab Legislative Assembly assigned it an independent political identity. Babu Mangu Ram Mugowalia, the founder of the Ad Dharm movement, was elected from Hoshiarpur constituency. It contested both the above-mentioned assembly elections in collaboration with the Unionist Party.

Babu Mangu Ram Mugowalia also contested the Punjab Legislative Assembly Election of 1951, but as an Independent contestant from the Garhshankar Constituency.

He was offered a ticket by the Congress to contest the assembly elections as its nominee but Babu Mangu Ram Ji refused to contest the election on the Congress ticket and the same was given to Mr Kartar Singh of village Langeri of Hoshiarpur District.

Read more on pages:

## Charan Dass Nidhadak – An Unsung Dalit Leader



Ramesh Chander
Ambassador - I.F.S. (Retired)
91-99885-10940

Since long I have been thinking of writing about an unsung dalit leader, a staunch Ambedkarite and community activist of yesteryears – Charan Dass Nidhadak. I tried to find some information about his early life and origins from some of my friends and acquaintances and also on Google but could not succeed. It is a matter of pity that we tend to forget and ignore our leaders easily, particularly those who were simple and quite. Charan Dass Nidhadak was one of them. It is also a matter of further regret that there are some well recognized people around, with whom Nidhadak Sahib worked to carry forward the caravan of Babasaheb Ambedkar, are willfully and consciously reluctant to remember and recognize him. With this background at the back of my mind, I thought of remembering Charan Dass Nidhadak who had left a good impression on my mind during my formative years in Jalandhar in the 1960s.

Nidhadak Sahib was a tall personality always dressed in Khaki with a well groomed stick in hand and an impressive khaki Pathani turban with "Kulla" – a cosmetic mount in the middle. He looked like a 'Thanedar' to a common man. I understand he was a native of some village near Phagwara near Jalandhar. In the 1950s, at a middle age of around 50, he was already a recognized leader of Addharam Mandal, Scheduled Caste Federation and later continued with Republican Party. I distinctly remember yet another young leader of these dalit outfits, Lahori Ram Balley and Duni Chand Shahpuri, Piara Ram Dhanowali, Ajit Kumar among others, always introduced Nidhadak Sahib as a 'Bazurg Aggu' - an experienced and senior leader. Nidhadak Sahib was a missionary poet of sorts apart from an impressive and excellent communicator as a speaker with his rustic style tinged and laced with witty and humorous anecdotes and narrations. People liked him as a son of the soil though he did not have any grade of formal education.




He enjoyed his prowess of making his audience spell bound and relaxed in public meetings – Jalsas. Nidhadak Sahib reached the higher echelons of Republican party and rightly so. He aalso played an important role and contributed to the struggle of community including the RPI agitation of 1964. I read some of his missionary poems and songs in the Bheem Patrika, a mouth piece of 'Ambedkar Thought' edited by Lahori Ram Balley till he parted company with Charan Dass Nidhadak and others on the issue of Punjabi Suba in 1965-66. I also vividly recall Charan Dass Nidhadak often visiting my father and others, as a PR exercise to remain with the roots, listening to him with interest as he used to narrate interesting and funny stories with ease. In the process, I liked and appreciated his songs and poetry sung by a Tumbi singer Lal Chand Kamla of Reru village in public meetings and occasional recordings done by Seth Mool Raj the scion of the family of Seth Kishan Dass, my fellow Bootan Mandian and a close associate of Babasaheb Ambedkar, with his prestigious recording machine with spools. I even mugged some of his poems/ songs like:- 'Rabba Dekhda Mere Insaf tahin; Je Mein Rabb Te Tun Chamar Hunda' and 'Jhanda Chak Baghawat Da Tun Baghi Hona Das Gya', 'Bhim Rao Ve Gulab Deya Phula; Mein Tere Utton Jaan Vaar Ti'.

Back home after a long diplomatic career, I always felt like knowing and reading more of Nidhadak Sahib. I could not find much. With great effort, I could get a Xeroxed copy his published poems from a book vendor located at Ambedkar Bhawan at Nakodar Road. It will not be out of place to mention that Charan Dass Nidhadak was one of the founders of the Ambedkar Bhawan, a nerve centre of the Ambedkar mission and philosophy in the region. Alas! Nidhadak Sahib died as an unsung hero of the community. He deserved much better. With this, I close this with respect and regard to Charan Dass Nidhadak, a leader by his own right. One of his poems "Paati Hoi Tasveer" is as relevant today as it was before.

# Shree Guru Ravidass Vishva Mahapeeth

Shree Guru Ravidass Vishva Mahapeeth is a registered NGO as a Charity organization to carry forward the mission and philosophy of the great Guru Ravidass ji Maharaj with a view to bring about 'samrasta' in the society as visualized by our forefathers and stipulated in the constitution of India. Ever since its inception and formation, my friends and other community activists, have been informally associating me with the Mahapeeth considering my open ended approach to support the good activities undertaken by anyone for the welfare of the weaker and marginalized sections of the society, irrespective of their political affiliations. Shree Guru Ravidass Vishva Mahapeeth professes to be a non-political outfit but it was clear to me that it was backed and supported by the RSS and BJP and their allies. Still I decided, though I am an apolitical man, to be in their touch for the good of the society as the mission and philosophy of Guru Ravidass is as relevant today as it was before in the context of 'Samrasta" and 'Equality, Justice and Fraternity", the lofty ideals of Babasaheb Ambedkar for the socio-economic well being of the country and the society at large. Another factor which worked at the back of my mind, when consciously I continued to relate myself with the Mahapeeth, was that the community lacked a well oiled mechanism to carry forward the agenda of the community to integrate it with the main stream of the society and such an outfit was much needed. I thought Shree Guru Ravidass Vishva Mahapeeth would fill that vacuum, created and supported knowingly or otherwise by the 'Derawad" which tended to generate divisive tendencies, under the aegis of well established and well to do organizations as RSS/BJP among others. At this juncture, I only hope Shree Guru Ravidass Vishva Mahapeeth would provide a much needed platform to the followers of Guru Ravidass all over world to stand and unite to vouch for the interests of the community as a 'watchdog' and a 'pressure group' to interact with governments/administrations of the day.

The Punjab chapter of Shree Guru Ravidass Vishva Mahapeeth held their first formal meeting to announce its organizational set on November 10, 2020 in Jalandhar. National General Secretary, Rajesh Bagha and Punjab head of the Mahapeeth, Manjit Bali invited me the meeting as a 'Sarprasth' or supporter of the Mahapeeth and I humbly accepted the invitation. It was a well organized event at a prestigious venue at Hotel Kamal Grand as I wished to see and explained above. It was not a public meeting as such only senior functionaries and newly appointed office bearers from all over Punjab participated in it. Some important observers and well wishers of the community like Former Chief Parliamentary Secretary Avinash Chander among others were also present in the meetings. The function started with the traditional ceremony of lighting of lamp and offerings of flowers to Guru Ravidass and Maharishi Valmik. Manjit Bali welcomed the guests and the participants and set the ball in motion by starting the self introduction of all the newly appointed office bearers. It was good to note that it represented cross sections of the community from all over Punjab. It was, to my mind, a good beginning. National Secretary General of the Mahapeeth Rajesh Bagha congratulated the new team of the Mahapeeth and said that he was confident that they would deliver and succeed in uniting the community for the larger good of the society. Vijay Pal, a senior functionary of the Vishva Hindu Parishad committed all support to the Mahapeeth in promoting the lofty philosophy of the great Guru Ravidass ji. National Secretary General of the Mahapeeth, Suraj Bhan Kararia spoke with conviction and said that the Mahapeeth had already acquired a due space in the system in a short time of its establishment and gave a few examples like its reprehensive role in the Tughlakabad Mandir of Guru Ravidass ji in Delhi and added that we would see to it a grand and befitting Mandir would be built as a solemn tribute to the Sant Shiromani Guru Ravidass. He also said that it was a matter of gratification that the current government of PM Narendra Modi considered favorably the suggestions made by the Mahapeeth in appointing SCs to some of the high constitutional posts. Kataria Sahib also announced the appointment of Former MoS Vijay Sampla as the International Vice President and Ambassador Ramesh Chander as the International Spokesman of the Mahapeeth. On his turn, Vijay Sampla Sahib made an impressive and emotional speech and accepted his new assignment in the Mahapeeth.



Ramesh Chander
Ambassador - I.F.S. (Retired)
91-99885-10940

He underlined the fact that we, the so called dalits, had given the family and social life and values to the country and the humanity at large in the form of Mahabharata by Ved Vyas and Ramayana by Maharishi Valmik and added that in the contemporary times Babasaheb Ambedkar gave us the constitution to run the country. He cajoled the community to be proud of this and assert themselves for their rights. Ambassador Ramesh Chander in his brief remarks humbly accepted his nomination as International Spokesman of the Mahapeeth and said it was his pleasure to associate and work, as an apolitical person, with Shree Guru Ravidass Vishva Mahapeeth with an open mind in the efforts to bring about 'samrasta' in the society as visualized by Guru Ravidass in his message – Keh Ravidass Khalas Chamara; Jo Hum Sehri so Meet Hamara. National President of the Mahapeeth, MLA of Uttrakhand Suresh Rathore in his presidential remarks thanked the newly appointed office bearers and said that we all will strive to make Shree Guru Ravidass Vishva Mahapeeth under the stewardship of MP Dushyant Gautam a world-class organization to promote and spread the lofty mission and philosophy of Guru Ravidass and Bhag-








## Sense of Appreciation

I register my sense of appreciation for the Ambedkar Times and the Desh Doaba for its open policy to keep its doors open for wind of change from all directions. I have observed that Editor-in-Chief Prem Chumber is a man of liberal and accommodative approach to bring about fraternity and samrasta in the society as stipulated by Babasaheb Ambedkar in the constitution of India.



Ramesh Chander
Ambassador - I.F.S. (Retired)
91-99885-10940

I have often written on diverse subjects with my personal views that may or may not go well exactly with the editorial policy of these papers but they always provided due space to me and my views. I am indebted to Prem Chumber, the worthy journalist and opinion maker. I wish him all the best and further success in the days to come.

## Mikey Hothi elected to the Lodi City Council

I'm proud to announce that I've been elected to the Lodi City Council!This victory would not be possible without the help of supporters like you. I'm honored and humbled by the results of the election and look forward to making Lodi a better place to live, work, and play.



Thank you! Here's a picture of myself w/ Assembly Member Jim Cooper at my victory party. Courtesy of the Lodi News Sentinel.

I'll be sworn-in virtually on December 16th during the City Council meeting in case any of you would like to tune in.

As always, feel free to reach out to me with suggestions and what you'd like to see addressed in the City of Lodi. **Sincerely,** **- Mikey Hothi**

# Education of Depressed Classes



NEERAJ PAUL
+91-99683-69972
Email: neerajpaul@hotmail.com

The discussion on the Statutory Commission was the pivot of the whole session in the Central Legislature and more particularly in the Legislative Assembly. As we have said, earlier in this report, the feeling engendered in this matter permeated everything which came up for discussion and determined the attitude adopted towards it.

The winter session of 1928 was a long and crowded one and included items of business second in importance only to that which we have been discussing. The Gold Standard and Reserve Bank of India Bill, the Indian Navy Bill, the decisions of His Majesty's Government and the Indian Government on the Indian Sandhurst Committee's Report, all came under discussion during the session and their fortunes are traced in other parts of this Report. It would be wearisome to enter into the other work of the session in detail, and no attempt, therefore, to do so will be made. Legislation on a variety of subjects, economic, legal, and social, was either introduced or passed, and one or two resolutions came up for discussion. Of these latter, one will be discussed here, because of its general interest. This was a resolution moved on February the 23rd by Mr. Jayakar, leader of the Responsive Cooperator group, who wanted the Assembly to recommend to the Governor General in Council that directions be issued to all provincial governments to provide special facilities for the education of the untouchable and other depressed classes and also that all public services, especially the police, be opened to them. Lala Lajpat Rai wanted to add to the resolution a rider urging the grant of a crore of rupees for the education of the depressed classes and their admission to all wells, streets, roads, and institutions which were financed wholly by public funds. He also desired the preparation of list of untouchables and others who are not untouchables but who are at present included under the head of depressed classes in Government records. In replying for the Government, Mr. Bajpai, Secretary in the Department of Education, Health and Lands, expressed the fullest sympathy with the objects of the resolution and gave figures which showed that since the introduction of the Montagu-Chelmsford Reforms considerable progress had been made in the education of the depressed classes. The number of scholars belonging to this class had risen since the reforms from 295,000 to 667,000 whilst the number of scholars belonging to other classes had increased by only 33 per cent.

He pointed out that Central Revenues could not now be spent on the education of these classes because education was a provincial transferred subject. He, however, offered to send the proceedings of the House to Provincial Governments along with the broad points which had emerged from the debate. Lala Lajpat Rai's amendment was rejected by the House, and Mr. Jayakar's resolution was amended so as to recommend that the Government "issue directions to all Provincial Governments to provide special facilities for the education of untouchables and other depressed classes, particularly by reserving seats in teacher's training classes for them and also for opening all public services to them."


**Source Courtesy: India in 1927-28**
**By J. Coatman**
**Director of Public Information,**
**Government of India**

# 8th November 1928: Depressed Classes' Deputation (Ad-Dharmis)

Before the Conference met, a contingent of 500 members of the depressed classes' men from various parts of the Punjab, had arrived – all red-turbaned and dressed in white – and wished to meet Sir John Simon. Sir John's time being fully occupied, he was unable to witness the demonstration but received a small deputation of six of them led by Mr. Rajah.

Sir John Simon received the deputation's address and assured them that though he could not hear them publicly, he was giving his best consideration to their case and that Mr. Rajah was there giving all the facts and figures and devotedly representing the cause of the depressed classes.

The depressed classes deputation, said in the course of their memorial that they belonged to an ancient race which ruled India about 5000 years ago, prior to the invasion of India by the Aryans. The Aryans, whose present descendants were called high class Hindus, had all along been treating them with the most in-



John Allsebrook Simon, 1st Viscount Simon
(28 February 1873 – 11 January 1954)

human brutality, so that their unlucky community, numerically large as it was, is now little more than a mere name. In spite of the fact that there were some highly-educated and capable men in their community, they were not given any honourable status in society nor the right of ownership or anything. They had not even the right to safeguard their individual lives.

This deplorable condition of the mute millions of the depressed community was due to the horrible treatment meted out to them by high-class Hindus in consequence of the pronouncements of the ancient Aryans, which were embodied in the Manu Smriti and a lot of other Hindu scriptures of that ilk.

The deputationists next stated that they did not wish to be called Hindus but 'Addharmis' and in the next census they should describe themselves as 'Addharmis'. They did not want Swaraj in India under present conditions, as it would mean practically a monopoly by caste Hindus.

They enumerated their demands as follows:

Necessary arrangements for the better education of Addharmis (untouchable) boys and girls; separate representation in all public bodies and the Legislature; a share in all public services, including the police, civil and military; a Minister in every province; equal rights of using all District Board public wells with other communities; equal rights of ownership of any property – dwelling houses and common fields – with other communities and proscription of the Manu Smriti and all such Hindu scriptures in which contemptuous references are made to the race and community.

References to the community by the term of Shudra, the memorial urges, should be strictly forbidden. Land in the new colonies should be distributed just as it is done in the case of other communities.

**Source Courtesy:**
**The Indian Quarterly Register**
**Being a Quarterly Journal of**
**Indian Public Affairs**
**In matters Political, Social and**
**Economic, etc.**
**Volume-II, July-Dec.1928,**
**Numbers III & IV**

# SUMMARY OF RESULTS OF GHARSHANKAR CONSTITUENCY PUNJAB ELECTION 1951

**CONSTITUENCY: GHARSHANKAR, NUMBER OF SEATS = 2**

| | | | | | |
|---|---|---|---|---|---|
| 1. | HARBHAJAN SINGH | M | INC | 23092 | 18.53% |
| 2. | KARTAR SINGH | M | INC | 20641 | 16.57% |
| 3. | CHANAN RAM | M | IND | 15834 | 12.71% |
| 4. | KILWARN SINGH | M | SAD | 13046 | 10.47% |
| 5. | BHAG SINGH | M | LCP | 11537 | 9.26% |
| 6. | SADA RAM | M | CPI | 6949 | 5.58% |
| 7. | SEWA DAS | M | IND | 6528 | 5.24% |
| 8. | DALJIT SINGH | M | IND | 5771 | 4.63% |
| 9. | DOGAR SINGH | M | SP | 4053 | 3.25% |
| 10. | NARINDER SINGH | M | SP | 3408 | 2.74% |
| **11.** | **MANGOO RAM** | **M** | **IND** | **2353** | **7.89%** |
| 12. | RAM LAL | M | BJS | 2035 | 1.63% |
| 13. | WATTAN CHAND | M | IND | 1783 | 1.43% |
| 14. | MULA SINGH | M | IND | 1459 | 1.17% |
| 15. | SURJIT SINGH | M | IND | 1284 | 1.03% |
| 16. | KALYAN SINGH | M | IND | 1264 | 1.01% |
| 17. | LAMBER SINGH | M | IND | 1064 | 0.85% |
| 18. | BHADAR SINGH | M | IND | 1052 | 0.84% |
| 19. | SOHAN SINGH | M | IND | 801 | 0.64% |
| 20. | BAKSHSHISH SINGH | M | IND | 640 | 0.51% |

ELECTORS: 110789
VOTERS: 124594
POLL PERCENTAGE: 112.46%
VALID VOTES: 124594

ABBREVIATIONS USED:
INC: INDIAN NATIONAL CONGRESS
SAD: SHIROMANI AKALI DAL
LCP: LAL COMMUNITY PARTY
CPI: COMMUNIST PARTY OF INDIA
SP: SOCIALIST PARTY
BJS: ALL INDIA BHARATIYA JAN SANGH
IND: INDEPENDENT
M: MEN

**Reference: Statistical Report on General Election, 1951 to the Legislative Assembly of Punjab Election Commission of India, New Delhi**

# PERFORMANCE OF SCHEDULED CASTES FEDERATION (SCF) IN PUNJAB ELECTION 1951

NUMBER OF SEATS CONTESTED = 9
NUMBER OF SEATS WON = 0
NUMBER OF FORFEITED DEPOSITS (FD) = 2
VOTES POLLED: 98268
VOTES POLLED % = 1.97%
VOTES % IN SEATS CONTESTED = 10.17%

ABBREVIATIONS USED:
SCF: ALL INDIA SCHEDULED CASTE FEDERATION
M: MEN

Reference: Statistical Report on General Election, 1951 to the Legislative Assembly of Punjab Election Commission of India, New Delhi

**RESULTS FOR SCF CONTESTANTS**

| | | | | | | |
|---|---|---|---|---|---|---|
| 1. | **RUPAR** NUMBER OF SEATS=2 | CHANAN | M | SCF | 2287 | 1.59% |
| 2. | **NAWANSHEHR** NUMBER OF SEATS=2 | HARNAM DASS | M | SCF | 15744 | 11.13% |
| 3. | **PHILLAUR** NUMBER OF SEATS= 1 | ISHAR RAM | M | SCF | 10088 | 24.93% |
| 4. | **NURMAHAL** NUMBER OF SEATS=1 | RAM NIRANJAN | M | SCF | 8600 | 22.74% |
| 5. | **NAKODAR** NUMBER OF SEATS=2 | KARAM CHAND | M | SCF | 11996 | 10.32% |
| 6. | **ADAMPUR** NUMBER OF SEATS=2 | KARTARA RAM MIRHAS | M | SCF | 13941 | 12.37% |
| 7. | **SAMRALA** NUMBER OF SEATS=2 | BACHINT SINGH | M | SCF | 13777 | 11.65% |
| 8. | **JAGRAON** NUMBER OF SEATS=2 | JAGIR SINGH | M | SCF | 8993 | 7.11% |
| 9. | **KOT BHAI** NUMBER OF SEATS=2 | HARWANT SINGH | M | SCF | 12842 | 10.00% |

# LIST OF PARTICIPATING POLITICAL PARTIES IN PUNJAB ELECTION 1951

| PARTY TYPE | ABBREVIATION | PARTY |
|---|---|---|
| NATIONAL PARTIES | BJS | ALL INDIA BHARTIYA JAN SANGH |
| | CPI | COMMUNIST PARTY OF INDIA |
| | FBL (MG) | F.B. (MARXIST GROUP) |
| | INC | INDIAN NATIONAL CONGRESS |
| | RRP | AKHIL BHARATIYA RAM RAJYA PARISHAD |
| | SCF | ALL INDIA SCHEDULED CASTE FEDERATION |
| | SP | SOCIALIST PARTY |
| STATE PARTIES | LCP | LAL COMMUNIST PARTY |
| | PDCL | PUNJAB DEPRESSED CLASSES LEAGUE |
| | SAD | SHIROMANI AKALI DAL |
| | ZP | ZAMINDAR PARTY |
| INDEPENDENTS | IND | INDEPENDENT |

## HIGHLIGHTS

1. NUMBER OF CONSTITUENCIES

| TYPE OF CONSTITUENCY | GEN | SC | ST | TOTAL |
|---|---|---|---|---|
| NUMBER OF CONSTITUENCIES | 105 | 0 | 0 | 105 |

2. NUMBER OF CONTESTANTS

| NUMBER OF CONTESTANTS IN A CONSTITUENCY | 1 | 2 | 3 | 4 | 5 | 6-10 | 11-15 | ABOVE 15 |
|---|---|---|---|---|---|---|---|---|
| NUMBER OF SUCH CONSTITUENCIES | 1 | 2 | 5 | 9 | 17 | 48 | 14 | 9 |

TOTAL CONTESTANTS IN FRAY: 843
AVERAGE CONTESTANTS PER CONSTITUENCY: 8
MINIMUM CONTESTANTS IN A CONSTITUENCY: 1 IN 18 - FEROZEPORE JHIRKA
MAXIMUM CONTESTANTS IN A CONSTITUENCY: 20 IN 59 - GHARHSHANKAR And 61 – NAWA

3. ELECTORS

| | | TOTAL |
|---|---|---|
| i. | NUMBER OF ELECTORS | 6522434 |
| ii. | NUMBER OF ELECTORS ENTITLED TO VOTE | 8623498 * |
| iii. | NUMBER OF ELECTORS WHO VOTED | 4989077 |
| iv. | POLLING PERCENTAGE (iii/ii)*100 | 57.85% |

**- The (ii) includes electors for more than 1-seat.*

4. NUMBER OF VALID VOTES = 4989077

Reference: Statistical Report on General Election, 1951. to the Legislative Assembly of Punjab. Election Commission of India, New Delhi

## PERFORMANCE OF POLITICAL PARTIES

| PARTY | SEATS | | | VOTES POLLED | | VOTE % IN SEATS CONTESTED |
|---|---|---|---|---|---|---|
| | CONTESTED | WON | FD | VOTES | % | |
| **NATIONAL PARTIES** | | | | | | |
| BJS | 62 | 0 | 39 | 277616 | 5.56% | 10.55% |
| CPI | 26 | 4 | 12 | 193974 | 3.89% | 12.84% |
| FBL (MG) | 19 | 1 | 15 | 69694 | 1.40% | 6.07% |
| INC | 121 | 96 | 5 | 1830601 | 36.69% | 37.14% |
| RRP | 1 | 0 | 0 | 8104 | 0.16% | 29.92% |
| SCF | 9 | 0 | 2 | 98268 | 1.97% | 10.17% |
| SP | 64 | 0 | 58 | 224608 | 4.50% | 7.57% |
| | 302 | 101 | 131 | 2702865 | 54.18% | |
| **STATE PARTIES** | | | | | | |
| LCP | 9 | 1 | 4 | 57739 | 1.16% | 8.67% |
| PDCL | 7 | 0 | 5 | 42996 | 0.86% | 5.90% |
| SAD | 48 | 13 | 9 | 620455 | 12.44% | 26.56% |
| ZP | 31 | 2 | 5 | 372126 | 7.46% | 25.53% |
| | 95 | 16 | 23 | 1093316 | 21.91% | |
| **INDEPENDENTS** | | | | | | |
| IND | 446 | 9 | 395 | 1192896 | 23.91% | 24.58% |
| | 446 | 9 | 395 | 1192896 | 23.91% | |
| **GRAND TOTAL** | 843 | 126 | 549 | 4989077 | | |

Reference: Statistical Report on General Election, 1951 to the Legislative Assembly of Punjab Election Commission of India, New Delhi